
Monthly Atam Marg Magazine, September 2006
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
20/-
ਧੰਨ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ
ਤੇਰਾ-ਤੇਰਾ ਆਖ ਕੇ ਅਤੁੱਟ ਭੰਡਾਰੇ ਵਰਤਾਉਂਦੇ ਰਹੇ।
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ, ਰਤਵਾੜਾ ਸਾਹਿਬ
Vishav Gurmat Roohani Mission Charitable Trust, Ratwara Sahib.

ਸਾਲ ਬਾਰ੍ਹਵਾਂ, ਅੰਕ ਛੇਵਾਂ, ਮਹੀਨਾ ਸਤੰਬਰ 2006
**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ**
**ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
**ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ**

## FOREIGN (ਵਿਦੇਸ਼) CONTACT NO.

**U.S.A. - Baba Satnam Singh ji Atwal**
Phone and Fax : 408-263-1844
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Holland - Bhai Amrik Singh ji**
Phone : 624-695-753,
Fax : 765-426-805 /765-715-821
**Australia - Bhai Jiwan Singh ji**
Phone : 03-943-65865, Fax : 03-943-65867

## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order & correspondence**
Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.
**Office 'Atam Marg' Ph. No. - 0160-2255002, 2255009**
**Gurdwara Ishar Parkash Ratwara Sahib - 0160-2255001**
**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

# ਤੱਤਕਰਾ

| | |
|---|---|
| 1. ਬਾਰਾਮਾਹਾ | 2 |
| 2.ਸੰਪਾਦਕੀ | 3 |
| 3. ਜੀਵਨ ਮਨੋਰਥ | 5 |
| 4.ਚਉਥੈ ਪਹਰਿ ਸਬਾਹ ਕੈ | 13 |
| 5. ਸੰਤ ਬਿਮਲਾ ਸਿੰਘ | 17 |
| 4. ਅਲੌਕਿਕ ਜੀਵਨ ਕਥਾ | 28 |
| 5. ਗੁਰੂ ਮਾਨਿਓ ਗ੍ਰੰਥ | 37 |
| 6. ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ | 39 |
| 7. ਸਤ ਅਨੁਭਵ ਮਹਾਂਪੁਰਸ਼ਾਂ ਦੇ | 41 |
| 8. ਕਵਿਤਾ | 48 |
| 9. ਹਿਮਾਲੀਆਨ ਯੋਗੀ ਦਾ ਸੰਗ | 50 |
| 10. ਯੋਗਾ ਉਪਰ ਲੈਕਚਰ | 59 |

## SUBSCRIPTION – ਚੰਦਾ – (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

## ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| 'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ | 9417214391,80,79 |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |

**ਅੰਮ੍ਰਿਤ ਬਾਨੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਅਸੁਨਿ

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥*

***ਅੰਗ - 134***

ਭਾਦੋਂ ਦੇ ਮਹੀਨਾ ਗਰਮੀ, ਹੁੰਮਸ, ਘੁੰਮੇ ਅਤੇ ਤਰਾਟਕੇ ਤੋਂ ਬਾਅਦ ਅਸੂ ਦੇ ਮਹਿਨੇ ਦੀ ਸ਼ੁਰੂਆਤ ਸੰਗਰਾਂਦ ਤੋਂ ਹੋ ਰਹੀ ਹੈ। ਪੁਰਾਤਨ ਸਮੇਂ ਤੋਂ ਹੀ ਹਰ ਮਨੁੱਖ ਦੇ ਅੰਦਰ ਸੁਖ ਦੀ ਲੋਚਾ ਲੱਗੀ ਰਹਿੰਦੀ ਹੈ। ਸੁਖ ਵਾਸਤੇ ਹਰ ਕਾਰਜ ਦੀ ਸ਼ੁਰੂਆਤ, ਨਿਰਵਿਘਨਤਾ ਸੰਪੂਰਨਤਾ ਵਾਸਤੇ ਸ਼ੁਭ ਮਹੂਰਤ ਦੀ ਤਲਾਸ਼ ਲਗੀ ਰਹਿੰਦੀ ਹੈ। ਪ੍ਰੰਤੂ ਗੁਰੂ ਮਹਾਰਾਜ ਮਨੁੱਖ ਨੂੰ ਵਹਿਮਾਂ ਭਰਮਾਂ ਤੋਂ ਦੂਰ ਰੱਖਣ ਵਾਸਤੇ ਫੁਰਮਾਨ ਕਰਦੇ ਹਨ –

*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*

***ਅੰਗ - 136***

ਜੋ ਵੀ ਇਨਸਾਨ ਨਾਮ ਬਾਣੀ ਨਾਲ ਜੁੜ ਜਾਂਦਾ ਹੈ ਅਤੇ ਜਿਸ ਨੇ ਵੀ ਨਾਮ ਨੂੰ ਆਪਣੇ ਧਿਆਨ ਵਿਚ ਵਸਾ ਲਿਆ ਹੈ ਉਸ ਦੇ ਦੋਹੀਂ ਜਹਾਨੀ ਕਾਰਜ ਪੂਰੇ ਆਪ ਵਾਹਿਗੁਰੂ ਜੀ ਕਰਦੇ ਹਨ। ਉਨ੍ਹਾਂ ਵਾਸਤੇ ਕੋਈ ਵੀ ਦਿਨ ਮਾੜਾ ਨਹੀਂ ਹੁੰਦਾ ਅਤੇ ਸਾਰੇ ਹੀ ਦਿਹਾੜੇ ਘੜੀ ਪਲ ਮਹੂਰਤ ਸ਼ੁਭ ਹੁੰਦੇ ਹਨ। ਨਾਮ ਜਪਣ ਵਾਲਿਆਂ ਨੂੰ ਕੋਈ ਵੀ ਬਿਘਨ ਨਹੀਂ ਲਗਦਾ ਜੇ ਬਿਘਨ ਲਗਦੇ ਹਨ ਤਾਂ ਨਾਮ ਤੋਂ ਭੁਲੇ ਭਟਕੇ ਮਨੁੱਖ ਨੂੰ ਹੀ ਬਿਘਨ ਆ ਕੇ ਘੇਰ ਲੈਂਦੇ ਹਨ :-

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥*
*ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥*

***ਅੰਗ - 522***

ਨਾਮ ਨਾਲ ਜੁੜਿਆ ਹੋਇਆ ਮਨੁੱਖ ਹਰ ਕਾਰਜ ਨੂੰ ਗੁਰੂ ਮਹਾਰਾਜ ਜੀ ਦਾ ਓਟ ਆਸਰਾ ਲੈ ਕੇ ਸ਼ੁਰੂ ਕਰਦਾ ਹੈ। ਇਸੇ ਤਰ੍ਹਾਂ ਹਰ ਮਹੀਨੇ ਸੰਗਰਾਂਦ ਦੇ ਪਵਿੱਤਰ ਦਿਹਾੜੇ ਉਪਰ ਗੁਰੂ ਦੁਆਰਾ ਸਾਹਿਬ ਜਾ ਕੇ, ਗੁਰੂ ਬਾਣੀ ਫੁਰਮਾਨ ਸੁਣ ਕੇ, ਮਹੀਨੇ ਪ੍ਰਥਾਇ ਆਈ ਧੁਰ ਦਰਗਾਹੀ ਬਾਣੀ ਦੇ ਸਿਧਾਂਤ ਨੂੰ ਸਮਝ ਕੇ ਸ਼ੁਰੂਆਤ ਕਰਨ ਦਾ ਯਤਨ ਕਰਦਾ ਹੈ। ਜਿਨ੍ਹਾਂ ਕੋਲ ਕੋਈ ਸਿਧਾਂਤ ਨਹੀਂ ਹੁੰਦਾ ਉਹ ਮਨੁੱਖ ਕਰਮ ਕਾਂਡ ਦੇ ਵਿਚ ਫਸ ਕੇ ਰਹਿ ਜਾਂਦੇ ਹਨ। ਇਸ ਲਈ ਅਸੂ ਮਹੀਨੇ ਦੇ ਵਿਚ ਜੋ ਗੁਰਬਾਣੀ ਸਿਧਾਂਤ ਹੈ, ਉਸ ਨੂੰ ਸਮਝਾਉਣ ਵਾਸਤੇ ਉਪਰੋਕਤ ਸ਼ਬਦ ਦੇ ਵਿਚ ਫੁਰਮਾਨ ਕਰਦੇ ਹਨ ਕਿ ਅਸੂ ਮਹੀਨੇ ਦੀ ਸੁਹਾਵਣੀ ਰੁੱਤ ਵਿਚ ਮਨ ਵਿਚ ਉਛਾਲਾ ਆਉਂਦਾ ਹੈ ਕਿ ਕਿਸੇ ਨਾ ਕਿਸੇ ਤਰਾਂ ਦੇ ਨਾਲ ਕਿਵੇਂ ਪਤੀ ਪ੍ਰਮੇਸ਼ਰ ਪ੍ਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ ਮਨ ਅਤੇ ਤਨ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਬਹੁਤ ਹੀ ਪਿਆਸ ਲਗੀ ਰਹਿੰਦੀ ਹੈ। ਇਸ ਪਿਆਰ ਭਰਪੂਰ ਰਸਤੇ ਵਿਚ ਸਾਧੂ ਸੰਤ ਸਹਾਈ ਹੁੰਦੇ ਹਨ ਅਤੇ ਸਾਨੂੰ ਉਨ੍ਹਾਂ ਦੇ ਚਰਨਾਂ ਨਾਲ ਜੁੜਨਾ ਚਾਹੀਦਾ ਹੈ, ਕਿਉਂਕਿ ਪ੍ਰਭੂ ਪਿਆਰੇ ਹੀ ਲੋਕ ਪ੍ਰਲੋਕ ਵਿਚ ਸਹਾਇਕ ਹੁੰਦੇ ਹਨ। ਪ੍ਰਭੂ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਕੋਈ ਹੋਰ ਦੂਜੀ ਥਾਂ ਹੈ ਹੀ ਨਹੀਂ ਜਿਥੇ ਕਿ ਸੁਖ-ਅਨੰਦ ਮਿਲ ਸਕੇ, ਸੁਖ ਅਨੰਦ ਤਾਂ ਪ੍ਰਭੂ ਚਰਨਾਂ ਵਿਚ ਹੀ ਹੈ। ਜਿਨ੍ਹਾਂ ਨੇ ਪਿਆਰ ਦੇ ਰਸਤੇ ਉਪਰ ਚਲ ਕੇ ਪ੍ਰੇਮ ਰਸ ਨੂੰ ਮਾਣਿਆਂ ਹੈ ਉਨ੍ਹਾਂ ਦੀ ਤ੍ਰਿਸ਼ਨਾ ਖਤਮ ਹੋਣ ਉਪਰੰਤ ਮਹਾਂ ਪਰਮ ਅਨੰਦ ਨਾਲ ਰੱਜ ਆ ਜਾਂਦਾ ਹੈ। ਇਸ ਲਈ ਆਪਣਾ ਆਪਾ ਤਿਆਗ ਕੇ ਪ੍ਰਭੂ ਲੜ ਲਗਣ ਲਈ ਬੇਨਤੀ ਕਰਨੀ ਚਾਹੀਦੀ ਹੈ। ਜਿਨ੍ਹਾਂ ਵੀ ਜੀਵ ਇਸਤਰੀਆਂ ਨੂੰ ਪ੍ਰਭੂ ਰੂਪੀ ਪ੍ਰਮਾਤਮਾ ਪਤੀ ਨੇ ਆਪਣੇ ਨਾਲ ਮਿਲਾ ਲਿਆ ਹੈ ਉਹ ਜੀਵ ਰੂਪੀ ਇਸਤਰੀ ਵਿਛੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ ਹੈ। ਪ੍ਰਭੂ ਤੋਂ ਬਿਨਾਂ ਹੋਰ ਕੋਈ ਸ਼ਰਣ ਦੀ ਲੋੜ ਨਹੀਂ ਰਹਿੰਦੀ ਹੈ। ਅਸੂ ਦੇ ਵਿਚ ਉਹ ਜੀਵ ਰੂਪੀ ਇਸਤਰੀਆਂ ਸੁਖੀ ਰਹਿੰਦੀਆਂ ਹਨ ਜਿਨ੍ਹਾਂ ਉਪਰ ਪ੍ਰਭੂ ਪਤੀ ਦੀ ਕ੍ਰਿਪਾ ਹੁੰਦੀ ਹੈ। ਇਸ ਲਈ ਸਾਨੂੰ ਕਰਮਕਾਂਡ ਵਿਚੋਂ ਨਿਕਲ ਕੇ ਗੁਰਬਾਣੀ ਸਿਧਾਂਤ ਨੂੰ ਸਮਝ ਕੇ ਆਪਣੇ ਜੀਵਨ ਨੂੰ ਸੂਝ ਦੇ ਕੇ ਸੋਝੀ ਨਾਲ ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਨਾਮ ਜਪਣਾ ਚਹੀਦਾ ਹੈ-

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*

***ਅੰਗ - 522***

« « « « « « «

# ਸੰਪਾਦਕੀ

ਆਤਮ ਮਾਰਗ ਮੈਗਜ਼ੀਨ ਰਾਹੀਂ ਰੂਹਾਨੀ ਖੇਤਰ ਅੰਦਰ ਇਨਕਲਾਬ ਆ ਰਿਹਾ ਹੈ, ਜਿਸ ਦਾ ਸਬੂਤ ਰੋਜ਼ਾਨਾਂ ਹੀ ਜਗਿਆਸੂਆਂ ਦੀ ਭਾਵਨਾ ਅਨੇਕਾਂ ਹੀ ਆ ਰਹੇ ਟੈਲੀਫੋਨ, ਫੈਕਸ, ਈਮੇਲ ਅਤੇ ਪੱਤਰ ਆਦਿ ਹਨ। ਬਹੁ ਪੱਖੀ ਸ਼ਖਸ਼ੀਅਤ ਦੇ ਮਾਲਕ ਅਨੁਭਵੀ ਮਹਾਂਪੁਰਸ਼ਾਂ ਨੇ ਵਿਸਾਖੀ ਅਪ੍ਰੈਲ 1995 ਤੋਂ ਸ਼ੁਰੂਆਤ ਕੀਤੀ ਸੀ। ਇਹ ਪਤ੍ਰਿੱਕਾ ਹਰ ਮਹੀਨੇ ਪਿਆਰ ਵਾਲੇ ਪ੍ਰੇਮੀਆਂ ਦੇ ਘਰਾਂ ਵਿਚ ਰੂਹਾਨੀ ਦਸਤਕ ਦਿੰਦਾ ਹੈ। ਅੱਜ ਸੰਸਾਰ ਦੇ ਵਿਚ ਹਰ ਛੋਟੀ ਤੋਂ ਛੋਟੀ ਗੱਲ, ਹਰ ਛੋਟੀ ਤੋਂ ਵੱਡੀ ਘਟਨਾ ਅਤੇ ਧਰਤੀ ਹੀ ਨਹੀਂ ਵਾਯੂ ਮੰਡਲ ਦੇ ਵਿਚ ਹੋ ਰਹੀ ਤਬਦੀਲੀ ਸਾਡੀਆਂ ਅੱਖਾਂ ਦੇ ਸਾਹਮਣੇ ਮੀਡੀਏ ਰਾਹੀਂ ਰੂਪਮਾਨ ਹੁੰਦੀ ਜਾ ਰਹੀ ਹੈ। ਇਸੇ ਲਈ ਰਾੜਾ ਸਾਹਿਬ ਸੰਪ੍ਰਦਾਇ ਦੇ ਪੂਰਵਜ਼ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਵੱਡੇ ਸੰਤ ਮਹਾਰਾਜ ਬਾਬਾ ਈਸ਼ਰ ਸਿੰਘ ਜੀ ਨੇ 1973 ਵਿਚ ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੂੰ ਉਸ ਸਮੇਂ ਦਾ ਇੱਕ ਲੱਖ ਰੁਪਿਆ, ਜੀਪ ਅਤੇ ਪ੍ਰੋਜੈਕਟਰ ਬਖਸ਼ਿਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਤਾਂ ਜੋ ਅਜੋਕੇ ਮੀਡੀਏ ਦੀ ਵਰਤੋਂ ਕਰਦੇ ਹੋਏ ਫਿਲਮਾਂ ਰਾਹੀਂ ਗੁਰਬਾਨੀ ਪ੍ਰਚਾਰ ਹੋ ਸਕੇ। ਪ੍ਰੰਤੂ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਬਹੁਤ ਹੀ ਪਿਆਰ ਸਤਿਕਾਰ ਨਾਲ ਇਹ ਕਹਿ ਕੇ ਕਿ ਆਪ ਮੇਰੀ ਹੀ ਕਿਰਤ ਕਮਾਈ ਵਿਚ ਬਰਕਤ ਪਾਓ, ਰਾੜਾ ਸਾਹਿਬ ਵਾਲਿਆਂ ਵੱਲੋਂ ਹੋ ਰਹੀ ਮਾਇਆ ਦੀ ਬਖਸ਼ਿਸ਼ ਨੂੰ ਵਾਪਿਸ ਕਰ ਦਿਤਾ ਸੀ। ਸਮੇਂ ਦੇ ਹੇਰ-ਫੇਰ ਨਾਲ ਇਸ ਵਾਰਤਾਲਾਪ ਨੂੰ ਹੋਇਆਂ ਬਹੁਤ ਸਮਾਂ ਬਤੀਤ ਹੋ ਗਿਆ ਸੀ, ਅਚਾਨਕ ਹੀ ਛੋਟੇ ਸੰਤ ਮਹਾਰਾਜ ਸੱਚਖੰਡਵਾਸੀ ਬਾਬਾ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਹੁਕਮ ਅਨੁਸਾਰ 1978 ਦੇ ਵਿਚ ਸੰਤ ਰਤਵਾੜਾ ਸਾਹਿਬ ਵਾਲੇ ਆਪਣਾ ਫਾਰਮ ਵੇਚ ਕੇ ਚੰਡੀਗੜ੍ਹ ਆ ਗਏ ਸਨ। ਆਪਣੇ ਪਿਆਰੇ ਦੇ ਵਿਜੋਗ ਜੋ ਕਿ 26 ਅਗਸਤ 1975 ਨੂੰ ਹੋਇਆ ਸੀ ਉਨ੍ਹਾਂ ਦੇ ਪਿਆਰ ਵੈਰਾਗ ਵਿਚ ਕਾਫੀ ਸਮਾਂ ਬਤੀਤ ਹੋ ਗਿਆ ਸੀ। ਚੰਡੀਗੜ੍ਹ ਆ ਕੇ ਆਪ ਨੇ ਆਪਣੇ ਸੁਖ ਅਰਾਮ ਨੂੰ ਤਿਆਗ ਕੇ ਨਾਮ ਬਾਣੀ ਦੇ ਪ੍ਰਚਾਰ ਵਾਸਤੇ ਕਮਰਕਸੇ ਕਸ ਲਏ ਸਨ। ਇਕ ਗੁਰਮਤਿ ਦੀ ਐਸੀ ਲਹਿਰ ਪ੍ਰਚੰਡ ਕੀਤੀ ਜੋ ਆਪਣੀ ਮਿਸਾਲ ਆਪ ਬਣ ਗਈ ਸੀ। 1986 ਦੇ ਵਿਚ ਨਗਰ ਰਾਣੀ ਮਾਜਰਾ ਵਿਖੇ ਵੱਡੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਸਟੇਜ ਸੈਕਟਰੀ ਦੀ ਸੇਵਾ ਨਿਭਾਉਣ ਵਾਲਾ ਮਹਾਨ ਵਿਦਵਾਨ ਜੋਸ਼ੀਲਾ ਬੁਲਾਰਾ ਭਾਈ ਗੁਰਦੇਵ ਸਿੰਘ ਲਲਤੋਂ ਨੇ ਆ ਕੇ ਸਟੇਜ ਤੋਂ 1973 ਵਿਚ ਹੋਏ ਫਿਲਮਾਂ ਰਾਹੀਂ ਪ੍ਰਚਾਰ ਵਾਲੇ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਯਾਦ ਕਰਾਉਂਦਿਆਂ ਹੋਇਆਂ ਗੁਰਬਾਨੀ ਸਿਧਾਂਤ ਨੂੰ ਛੁਹਣ ਵਾਲੀਆਂ ਫਿਲਮਾਂ ਦੀ ਸ਼ੁਰੂਆਤ ਕਰਵਾ ਦਿਤੀ ਸੀ। ਓਸੇ ਦਿਨ ਤੋਂ ਲੈ ਕੇ ਲਗਾਤਾਰ 31 ਅਕਤੂਬਰ 2001 ਤੱਕ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਰਸਨਾਂ ਰਾਹੀਂ ਅਮੋਲਕ ਅਨੁਭਵੀ ਪ੍ਰਵਚਨ ਫਿਲਮਾਂ ਵਿਚ ਰੂਪਮਾਨ ਹੁੰਦੇ ਰਹੇ ਹਨ। ਇਨ੍ਹਾਂ ਰੂਹਾਨੀ ਫਿਲਮਾਂ ਰਾਹੀਂ ਦੇਸ਼ ਵਿਦੇਸ਼ ਦੇ ਕੋਨੇ ਕੋਨੇ ਵਿਚ ਗੁਰਬਾਨੀ ਸਿਧਾਂਤ ਰਾਹੀਂ ਪ੍ਰਚਾਰ ਹੋ ਰਿਹਾ ਹੈ। ਅਨੇਕਾਂ ਹੀ ਜਗਿਆਸੂਆਂ ਦੀ ਜਗਿਆਸਾ ਦੀ ਪੂਰਤੀ ਵਾਸਤੇ ਬਹੁਤ ਹੀ ਨਿਸ਼ਕਾਮ ਸੇਵਕ ਮੁਫਤ ਹੀ ਫਿਲਮਾਂ ਦੀਆਂ ਕਾਪੀਆਂ ਬਣਾ ਕੇ ਅਗੇ ਤੋਂ ਅਗੇ ਵੰਡਣ ਦੀ ਸੇਵਾ ਮਹਾਂਪੁਰਸ਼ਾਂ ਦੇ ਪਿਆਰ ਵਿਚ ਨਿਭਾਅ ਰਹੇ ਹਨ।

ਜੂਨ 1986 ਦੇ ਵਿਚ ਹੀ ਪ੍ਰਚੀਨ ਮਹਾਂਨ ਤੀਰਥ ਪਿੰਡ ਚਾਹੜਮਾਜਰਾ, ਤਹਿਸੀਲ ਖਰੜ ਜਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਧਰਤੀ ਵਿਖੇ ਰਤਵਾੜਾ ਸਾਹਿਬ ਮਹਾਂਪੁਰਸ਼ਾਂ ਰਾਹੀਂ ਪ੍ਰਗਟ ਹੋਇਆ ਸੀ। ਸਮੇਂ-ਸਮੇਂ ਅਨੁਭਵੀ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਵਿਚ ਇਸ ਅਸਥਾਨ ਦੀ ਮਹਿਮਾਂ ਵਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਸਮਾਂ ਰੰਗ ਲਿਆਇਆ ਜੋ ਕਿ ਇਹ ਅਸਥਾਨ ਗੁਰ ਪੀਰਾਂ ਮਹਾਂਪੁਰਸ਼ਾਂ ਦੀ ਕ੍ਰਿਪਾ ਬਖਸ਼ਿਸ਼ ਬਦੌਲਤ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਨਾ ਨਾਲ ਸੰਸਾਰ ਪ੍ਰਸਿਧੀ ਦੀਆਂ ਬਲੰਦੀਆਂ ਨੂੰ ਛੋਹਣ ਲੱਗ ਪਿਆ ਹੈ। ਰਤਵਾੜਾ ਪਿੰਡ ਦੇ ਪ੍ਰੇਮੀਆਂ ਵੱਲੋਂ ਸ਼ੁਰੂਆਤ ਦੇ ਵਿਚ ਕੀਤੀ ਭੂਮੀ ਦਾਨ ਕਾਰਨ ਇਸ ਅਸਥਾਨ ਦਾ ਨਾਮ ਰਤਵਾੜਾ ਸਾਹਿਬ ਸੰਸਾਰ-ਸੁ-ਪ੍ਰਸਿਧ ਹੈ।

ਇਸੇ ਹੀ ਅਸਥਾਨ ਤੇ ਸੈਂਕੜੇ ਏਕੜ ਭੂਮੀ ਵਿਚ ਕਾਦਰ ਦੀ ਕੁਦਰਤ ਦੇ ਅਲੌਕਿਕ ਨਜਾਰੇ ਪ੍ਰਤੱਖ ਹੋ ਰਹੇ ਹਨ। ਸੁਗੰਧੀਆਂ ਦੇਣ ਵਾਲੀਆਂ ਹਰਬਲ ਬੂਟੀਆਂ ਅਤੇ ਪੌਦੇ ਬਨਸਪਤੀ ਰਾਹੀਂ ਚੌਗਿਰਦੇ ਵਾਤਾਵਰਣ ਨੂੰ ਸ਼ੁਧਤਾ ਪ੍ਰਦਾਨ ਕਰ ਰਹੇ ਹਨ। ਅਨੁਭਵੀ ਮਹਾਂਪੁਰਸ਼ਾਂ ਦੀ ਦੂਰ ਦ੍ਰਿਸ਼ਟੀ ਲੰਮੀ ਨਦਰ ਦੀ ਸੋਚ ਹੋਣ ਕਾਰਨ ਇਹ ਅਸਥਾਨ ਸਦਾ ਹੀ ਸੰਗਤਾਂ ਨੂੰ ਸਮਰਪਿਤ ਹੈ, ਜਿਥੇ ਬਿਨਾਂ ਰੋਕ ਟੋਕ ਤੋਂ ਪਾਂਧੀਆਂ ਨੂੰ ਸੁਖ ਸਹੂਲਤਾਂ ਦੇ ਨਾਲ ਨਾਲ ਲੰਗਰ ਰਿਹਾਇਸ਼ ਇਤਿਆਦਿਕ ਦਾ ਪੂਰਾ ਪੂਰਾ ਪ੍ਰਬੰਧ ਹੈ। ਕਿਸੇ ਦੀ ਨਿਜੀ ਮਲਕੀਅਤ ਤੋਂ ਬਹੁਤ ਹੀ ਦੂਰ ਰੱਖਣ ਵਾਸਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਰਾਹੀਂ ਰਹਿੰਦੀ ਦੁਨੀਆਂ ਤੱਕ ਨਿਰੰਤਰ ਹੀ ਜਨ ਸਮੂੰਹ ਦੇ ਪ੍ਰਉਪਕਾਰ ਦੇ ਕਾਰਜ ਹੁੰਦੇ ਰਹਿਣੇ ਹਨ। ਇਸ ਪਵਿੱਤਰ ਧਰਤੀ ਉਪਰ ਸਕੂਲ, ਕਾਲਜ, ਹਸਪਤਾਲ ਇਤਿਆਦਿਕ ਪ੍ਰਉਪਕਾਰੀ ਦੁਨਿਆਵੀ ਕਾਰਜਾਂ ਦੇ ਨਾਲ ਨਾਲ ਨਿਰੰਤਰ ਸੇਵਾ ਸਿਮਰਨ ਦੇ ਸੁਮੇਲ ਦਾ ਕੁੰਭ ਲੱਗਿਆ ਹੋਇਆ ਹੈ।

ਅਜੋਕੇ ਸਮੇਂ ਦੇ ਵਿਚ ਇਸ ਰੂਹਾਨੀਅਤ ਦੇ ਕੇਂਦਰ ਗੁਰਦੁਆਰਾ ਰਤਵਾੜਾ ਸਾਹਿਬ ਤੋਂ ਮੀਡੀਏ ਦੀ ਪੂਰੀ-ਪੂਰੀ ਵਰਤੋਂ ਕਰਦੇ ਹੋਏ ਆਤਮ ਮਾਰਗ ਟੀ.ਵੀ. ਚੈਨਲ ਦੀ ਵੀ ਸ਼ੁਰੂਆਤ ਹੋ ਚੁਕੀ ਹੈ। ਇਸ ਚੈਨਲ ਦਾ ਘਰ ਬੈਠਿਆਂ ਹੀ

ਅਨੇਕਾਂ ਜਗਿਆਸੂ ਆਪਣੀ ਜਗਿਆਸਾ ਦੀ ਪੂਰਤੀ ਕਰਕੇ ਨਾਮ ਜਪਣ ਦੇ ਮਾਰਗ ਨੂੰ ਤੈਅ ਕਰਦੇ ਹੋਏ ਅੱਗੇ ਹੀ ਅਗੇ ਵੱਧ ਰਹੇ ਹਨ। ਇਨ੍ਹਾਂ ਰੂਹਾਨੀ ਫਿਲਮਾਂ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਅਨੁਭਵੀ ਬਚਨਾਂ ਦੇ ਰਾਹੀਂ ਆਤਮਾ ਦੇ ਮਾਰਗ ਦਾ ਰਸਤਾ ਖੁਲ੍ਹਦਾ ਜਾਂਦਾ ਹੈ। ਗੁਰਮਤਿ ਦੇ ਫਲਸਫੇ ਨੂੰ ਬਹੁਤ ਹੀ ਸਾਧਾਰਨ ਬੋਲੀ ਦੇ ਵਿਚ ਮਹਾਂਪੁਰਸ਼ਾਂ ਨੇ ਬਿਆਨਿਆਂ ਹੈ ਜੋ ਕਿ ਆਮ ਬੁਧੀ ਵਾਲੇ ਮਨੁੱਖ ਨੂੰ ਵੀ ਸੂਝ ਪ੍ਰਦਾਨ ਕਰਨ ਵਾਲਾ ਹੈ। ਇਸ ਚੈਨਲ ਰਾਹੀਂ ਬਿਨ੍ਹਾਂ ਕਿਸੇ ਭੇਦਭਾਵ ਤੋਂ ਹੋਰ ਵੀ ਮਹਾਂਪੁਰਸ਼ਾਂ ਅਤੇ ਰਾਗੀ ਜਥਿਆਂ ਦੇ ਕੀਰਤਨ ਵੀ ਰਿਲੇਅ ਕੀਤੇ ਜਾਂ ਰਹੇ ਹਨ। ਵਿਦੇਸ਼ਾਂ ਦੇ ਵਿਚ ਮਹਾਂਪੁਰਸ਼ਾਂ ਵੱਲੋਂ ਲਾਈ ਗਈ ਰੂਹਾਨੀ ਫੁਲਵਾੜੀ ਦੀ ਸੇਵਾ ਸੰਭਾਲ ਸੰਤ ਬਾਬਾ ਸਤਨਾਮ ਸਿੰਘ ਜੀ ਅਮਰੀਕਾ ਵਾਲੇ ਆਪਣੀਆਂ ਦੁਨਿਆਵੀ ਜਿੰਮੇਵਾਰੀਆਂ ਦੇ ਨਾਲ-ਨਾਲ ਹੀ ਕਰ ਰਹੇ ਹਨ। ਜਿਸ ਦੀ ਆਪਣੀ ਮਿਸਾਲ ਸੈਨਹੋਜ਼ੇ ਕੈਲੀਫੋਰਨੀਆਂ ਦੇ ਵਿਚ ਅੰਮ੍ਰਿਤ ਵੇਲੇ ਦੇਖਣ ਨੂੰ ਮਿਲਦੀ ਹੈ। ਸੈਂਕੜੇ ਹੀ ਮੀਲਾਂ ਤੋਂ ਨਾਮ ਅਭਿਆਸੀ ਇਕ ਸੈਂਟਰ ਪਲੇਸ ਤੇ ਇਕੱਠੇ ਹੋ ਕੇ ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਸੰਗਤੀ ਰੂਪ ਵਿਚ ਨਾਮ ਜਪਦੇ ਹਨ। ਹੋਰ ਵੀ ਅਨੇਕਾਂ ਹੀ ਥਾਵਾਂ ਉਪਰ ਜੁਗਤ ਅਨੁਸਾਰ ਨਾਮ ਜਪਣ ਜਪਾਉਣ ਅਤੇ ਸੇਵਾ ਕਰਨ ਕਰਾਉਣ ਦਾ ਮਹਾਨ ਉਪਰਾਲਾ ਰੂਹਾਨੀ ਮਿਸ਼ਨ ਦੇ ਅਨਿੰਨ ਨਿਸ਼ਕਾਮ ਸੇਵਕਾਂ ਵੱਲੋਂ ਕੀਤਾ ਜਾ ਰਿਹਾ ਹੈ। ਇੰਗਲੈਂਡ ਤੋਂ ਸ. ਰਾਜਿੰਦਰ ਸਿੰਘ ਤੱਖਰ ਘਰ ਘਰ ਜਾ ਕੇ ਯੂਰਪੀਨ ਦੇਸਾਂ ਦੇ ਵਿਚ ਆਤਮ ਮਾਰਗ ਦੇ ਮੈਂਬਰ ਬਣਾਉਣ ਅਤੇ ਹੋਰ ਸੇਵਾ ਦੀ ਪ੍ਰੇਰਨਾ ਗੁਰੂ ਪਿਆਰੀਆਂ ਸੰਗਤਾਂ ਨੂੰ ਕਰ ਰਹੇ ਹਨ। ਆਤਮ ਮਾਰਗ ਸਾਇੰਟੇਫਿਕ ਸਪਿਰਚੂਅਲ ਐਜੂਕੇਸ਼ਨਲ ਚੈਰੀਟੇਬਲ ਟਰਸਟ ਦੇ ਚੇਅਰਮੈਨ ਭਾਈ ਸੁਖਜਿੰਦਰ ਸਿੰਘ ਖੇੜਾ ਅਤੇ ਭਾਈ ਮਖਣ ਸਿੰਘ, ਭਾਈ ਜਗਤਾਰ ਸਿੰਘ, ਭਾਈ ਅਰਵਿੰਦਰ ਸਿੰਘ ਰਾਜ ਤੱਖਰ ਟਰਸਟ ਮੈਂਬਰ ਮਹਾਨ ਸੇਵਾ ਦੇ ਵਿਚ ਆਪਣੀ ਅਤਿ ਰੁਝੇਵਿਆਂ ਭਰੀ ਜਿੰਦਗੀ ਵਿਚੋਂ ਸਮਾਂ ਕੱਢ ਕੇ ਤਨ ਮਨ ਧਨ ਦੇ ਨਾਲ ਯੋਗਦਾਨ ਪਾ ਰਹੇ ਹਨ। ਸੇਵਾ ਸਿਮਰਨ ਦੇ ਖੇਤਰ ਵਿਚ ਬੀਬੀਆਂ ਦਾ ਵੀ ਮਹਾਨ ਯੋਗਦਾਨ ਹੈ ਜਿਸ ਦੀ ਉਦਾਹਰਣ ਬੀਬੀ ਗੁਰਬਖਸ਼ ਕੌਰ ਅਤੇ ਹੋਰ ਬੀਬੀਆਂ ਵਿਦੇਸ਼ਾਂ ਵਿਚ ਆਤਮ ਮਾਰਗ ਦੇ ਮੈਂਬਰ ਬਣਾਉਣ ਦੀ ਸੇਵਾ ਨਿਭਾਅ ਰਹੀਆਂ ਹਨ।

ਵਿਸਾਖੀ ਅਪ੍ਰੈਲ 1995 ਤੋਂ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਪਰਮਪੂਜਯ ਸਤਿਕਾਰਯੋਗ ਬੀਜੀ ਰਾਹੀਂ ਆਤਮ ਮਾਰਗ ਮੈਗਜੀਨ ਰੂਹਾਨੀ ਪਤ੍ਰਿਕਾ ਰਿਲੀਜ਼ ਹੋ ਕੇ ਨਿਰੰਤਰ ਗੁਰਬਾਣੀ ਪ੍ਰਚਾਰ ਪਸਾਰ ਦੇ ਵਿਚ ਬਹੁਤ ਹੀ ਅਹਿਮ ਯੋਗਦਾਨ ਪਾ ਰਿਹਾ ਹੈ। ਸਮੇਂ ਸਮੇਂ ਇਸ ਦਾ ਫੈਲਾਅ ਵਧਦਾ ਹੋਇਆ ਹਿੰਦੀ ਅੰਗਰੇਜ਼ੀ ਵਿਚ ਛਪਣ ਤੋਂ ਉਪਰੰਤ ਹੋਰ ਵੀ ਭਾਸ਼ਾਵਾਂ ਵਿਚ ਹੋ ਰਿਹਾ ਹੈ। ਇਸ ਅੰਕ ਤੋਂ ਅਸੀਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਬਾਨੀ ਮਹਾਂਪੁਰਸ਼ਾਂ ਦਾ ਰੂਹਾਨੀ ਪਰਉਪਕਾਰੀ ਅਲੌਕਿਕ ਜੀਵਨ ਕਥਾ ਦੇ ਰਾਹੀਂ ਰੂਪਮਾਨ ਕਰਨ ਦਾ ਉਪਰਾਲਾ ਕਰ ਰਹੇ ਹਾਂ। ਸਭ ਤੋਂ ਔਖਾ ਮੁਸ਼ਕਲ ਕੰਮ ਮਹਾਂਪੁਰਸ਼ਾਂ ਦੇ ਰੂਹਾਨੀ ਜੀਵਨ ਵਾਰੇ ਲਿਖਣਾ ਹੁੰਦਾ ਹੈ। ਕਿਉਂਕਿ ਜੋ ਉਨ੍ਹਾਂ ਦਾ ਰੂਹਾਨੀ ਪੰਧ ਹੈ ਉਸ ਵਾਰੇ ਉਹ ਕਿਸੇ ਨੂੰ ਵੀ ਕੰਨਸੋਅ ਨਹੀਂ ਲੱਗਣ ਦੇਂਦੇ ਹਨ। ਇਸ ਲਈ ਮਹਾਂਪੁਰਸ਼ਾਂ ਦੇ ਬਚਨਾਂ ਤੋਂ ਅਨੁਮਾਨ ਲਾ ਕੇ ਜਾਂ ਹੂ-ਬ-ਹੂ ਉਨ੍ਹਾਂ ਦੀ ਮੌਖਿਕ ਬਾਣੀ ਨੂੰ ਅੱਖਰਾਂ ਦਾ ਰੂਪ ਦੇਣ ਦਾ ਯਤਨ ਕੀਤਾ ਗਿਆ ਹੈ। ਮਹਾਨ ਕਰਮਯੋਗੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਪਿਤਾ ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾਉਦਪੁਰ ਵਾਲਿਆਂ ਦੇ ਜੀਵਨ ਨੂੰ ਆਪਣੀ ਸਾਹਿਤਕ ਰਚਨਾਂ ਰੰਗਲੇ ਸੱਜਣ ਦੇ ਵਿਚ ਲਿਖਿਆ ਹੈ। ਇਸ ਮਹਾਨ ਰਚਨਾਂ ਨੂੰ ਅੱਖਰ-ਅੱਖਰ ਓਸੇ ਤਰ੍ਹਾਂ ਹੀ "ਅਲੌਕਿਕ ਜੀਵਨ ਕਥਾ" ਦੇ ਵਿਚ ਲਿਖਿਆ ਗਿਆ ਹੈ। ਮਹਾਂਪੁਰਸ਼ਾਂ ਦੇ ਪ੍ਰੈਕਟੀਕਲ ਨਿਜੀ ਜੀਵਨ ਦੇ ਅਨੁਭਵਾਂ ਨੂੰ ਵੀ ਅੱਖਰਾਂ ਦਾ ਰੂਪ ਦਿਤੇ ਜਾਣ ਦਾ ਯਤਨ ਜਾਰੀ ਹੈ। "ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ" ਦੇ ਅਨੁਭਵੀ ਬਚਨ ਮਹਾਂਪੁਰਸ਼ਾਂ ਨੇ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਅੰਮ੍ਰਿਤ ਵੇਲੇ ਬਹੁਤ ਹੀ ਟਿਕਾਅ ਵਾਲੇ ਸਮੇਂ ਦੇ ਬਚਨ ਹਨ। "ਸੰਤ ਬਿਮਲਾ ਸਿੰਘ" ਜੀ ਦਾ ਜੀਵਨ ਅਨੇਕਾਂ ਹੀ ਅਵਾਰਡ ਪ੍ਰਾਪਤ ਡਾ. ਭਾਈ ਵੀਰ ਸਿੰਘ ਜੀ ਦੀ ਅਨਮੋਲ ਰਚਨਾਂ ਹੈ ਜਿਸ ਨੂੰ ਪੜ੍ਹ ਕੇ ਅਸੀਂ ਵੀ ਪਵਿੱਤਰ ਜੀਵਨ ਦੇ ਧਾਰਨੀ ਹੋ ਸਕਦੇ ਹਾਂ। "ਗੁਰੂ ਮਾਨੀਓ ਗ੍ਰੰਥ" ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅਗਸਤ ਮਹੀਨੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਸੰਪੂਰਨਤਾ ਦਿਵਸ ਉਪਰ ਵਿਸ਼ੇਸ਼ ਲੇਖ ਹੈ। "ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ" ਬੀਬੀ ਪ੍ਰਭਜੋਤ ਕੌਰ ਦੀ ਕਿਰਤ ਹੈ ਜਿਸ ਨੇ ਮਹਾਂਪੁਰਸ਼ਾਂ ਦੀ ਸੰਗਤ ਬਚਪਨ ਤੋਂ ਹੀ ਬਹੁਤ ਨੇੜੇ ਹੋ ਕੇ ਕੀਤੀ ਹੈ।

"ਸਤ ਅਨੁਭਵ ਮਹਾਂਪੁਰਸ਼ਾਂ ਦੇ" ਸਿਰਲੇਖ ਹੇਠ ਬੀਤੇ ਸਮੇਂ ਦੇ ਮਹਾਨ ਤਪੱਸਵੀਂ ਸੰਤ ਮਾੜੂ ਰਾਮ ਦੀ ਰਚਨਾਂ ਅੰਕਿਤ ਕੀਤੀ ਗਈ ਹੈ। ਡਾ. ਬੀਬੀ ਤਜਿੰਦਰ ਮਲਹੋਤਰਾ ਫਾਉਡਰ ਟਰਸਟੀ ਆਤਮ ਮਾਰਗ ਵੱਲੋਂ ਦਿਨ ਰਾਤ ਇੱਕ ਕਰਕੇ ਸੰਸਾਰ ਪ੍ਰਸਿੱਧ ਮਹਾਨ ਤਪੀਸਰ ਜੋਗੀ ਜਨਾਂ ਦੀ ਰਚਨਾਂ ਨੂੰ ਅੰਗਰੇਜੀ ਤੋਂ ਪੰਜਾਬੀ ਵਿਚ ਅਨੁਵਾਦ ਕਰਕੇ ਸਮੇਂ ਸਮੇਂ ਆਤਮ ਮਾਰਗ ਵਿਚ ਪ੍ਰਕਾਸ਼ਿਤ ਕਰਨ ਦੀ ਮਿਸਾਲ ਆਪਣੇ ਆਪ ਵਿਚ ਆਪਣੀ ਹੀ ਹੈ।

ਇਸ ਅੰਕ ਵਿਚ ਸਾਰੇ ਹੀ ਲੇਖ ਰੂਹਾਨੀ ਸੂਝ ਪ੍ਰਦਾਨ ਕਰਨ ਵਾਲੇ ਹਨ ਜਿਥੇ ਪਾਠਕ ਲਗਾਤਾਰ ਆਪ ਪੜ੍ਹਦੇ ਹਨ ਹੋਰਨਾਂ ਨੂੰ ਵੀ ਪੜ੍ਹਨ ਦੀ ਜਾਗ ਲਾਉਣੀ ਚਾਹੀਦੀ ਹੈ।

« « « « « « «

# ਜੀਵਨ-ਮਨੋਰਥ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸ਼ਾਨ – ...............................................

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ – 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ।।*
*ਅੰਗ – 289*

*ਧਾਰਨਾ – ਤੂੰ ਹੀ, ਤੂੰ ਹੀ ਮੋਹੇ ਨਾ – 2*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ ਪਾਨ ਕੇ ਤਰੰਗ,*
*ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ॥*
*ਤੂੰਹੀ ਤੂੰਹੀ ਮੋਹਿਨਾ॥*
*ਕਾਰਨ ਕਰਨਾ ਧਾਰਨ ਧਰਨਾ॥*
*ਏਕੈ ਏਕੈ ਸੋਹਿਨਾ॥*
*ਸੰਤਨ ਪਰਸਨ ਬਲਿਹਾਰੀ ਦਰਸਨ॥*
*ਨਾਨਕ ਸੁਖਿ ਸੁਖਿ ਸੋਇਨਾ॥ ਅੰਗ – 407*

*ਧਾਰਨਾ – ਤੈਨੂੰ ਸਾਰੀਆਂ ਘਟਾਂ ਦੇ ਵਿਚ ਦੇਖ ਲਾਂ,*
*ਐਸੇ ਨੈਣ ਦੇ ਦੇ ਮਾਲਕਾ।*

*ਧਾਰਨਾ – ਆਏ ਪ੍ਰਵਾਨ ਨੇ, ਰਸੀਏ ਜੋ ਆਤਮ ਰਸ ਦੇ।*

ਸਾਧਸੰਗਤ ਜੀ! ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ ਤੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਸੰਸਾਰ ਤੇ ਬੇਅੰਤ 84 ਤੁਰੀ ਫਿਰਦੀ ਹੈ, 83 ਲੱਖ 99 ਹਜ਼ਾਰ 999 ਜੂਨਾਂ ਤਾਂ 84 ਵਿਚ ਹੈਗੀਆਂ ਹੀ ਹੈਗੀਆਂ, ਪਰ ਮਨੁੱਖ ਦੇ ਵਿਚ ਕੁਛ ਕੈਟਾਗਿਰੀਆਂ ਐਸੀਆਂ ਨੇ, ਕੁਛ ਐਸੇ ਵਰਗ ਨੇ ਜੋ 84 ਦੇ ਵਿਚ ਘੁੰਮ ਰਹੇ ਨੇ। ਚਾਰ ਕਿਸਮ ਦੇ ਮਨੁੱਖ ਸੰਸਾਰ 'ਚ ਹੋਇਆ ਕਰਦੇ ਨੇ। ਪਹਿਲੇ ਮਨੁੱਖ ਉਹ ਹੁੰਦੇ ਨੇ ਜਿਨ੍ਹਾਂ ਤੇ ਕੋਈ ਵੀ ਬਾਣੀ ਦਾ ਅਸਰ ਨਹੀਂ ਹੁੰਦਾ, ਨਾ ਰੱਬ ਨੂੰ ਮੰਨਦੇ ਨੇ। ਨਾ ਉਨ੍ਹਾਂ ਵਿਚ ਕੋਈ ਲਗਨ ਹੁੰਦੀ ਹੈ, ਕੇਵਲ ਭੋਗਾਂ ਦੇ ਵਾਸਤੇ ਜੀਉਂਦੇ ਨੇ, ਖਾਣ ਵਾਸਤੇ ਉਹ ਜੀਉਂਦੇ ਨੇ, ਜੀਉਣ ਵਾਸਤੇ ਨਹੀਂ ਉਹ ਖਾਂਦੇ। ਉਨ੍ਹਾਂ ਨੂੰ ਕਿਸੇ ਗੱਲ ਦੀ ਸੋਝੀ ਨਹੀਂ ਹੋਇਆ ਕਰਦੀ। ਮਹਾਰਾਜ ਕਹਿੰਦੇ, ਐਸੇ ਜੋ ਬੰਦੇ ਨੇ ਉਨ੍ਹਾਂ ਦਾ ਤਾਂ ਸੰਸਾਰ ਤੇ ਆਉਣ ਦਾ ਕੋਈ ਫਾਇਦਾ ਨਹੀਂ ਹੈ। ਸਵਾਲ ਕਰਦੇ ਨੇ ਕਿ ਕੀ ਕਰਨ ਆਇਆ ਸੀ ਫੇਰ ਤੂੰ, ਇਹਦੇ ਨਾਲੋਂ ਤਾਂ ਤੂੰ ਪਸ਼ੂ ਬਣ ਜਾਂਦਾ, ਪਾਪ ਤਾਂ ਨਹੀਂ ਨਾ ਕਰਦਾ ਸੀ? ਸੋ ਇਨ੍ਹਾਂ ਨੂੰ ਪਾਮਰ ਕਿਹਾ ਜਾਂਦਾ ਹੈ। ਦੂਸਰੇ ਉਹ ਨੇ ਜਿਹੜੇ ਇਨ੍ਹਾਂ ਨਾਲੋਂ ਤਾਂ ਚੰਗੇ ਨੇ, ਪਰ ਉਨ੍ਹਾਂ ਦੀ ਬਿਰਤੀ ਹਰ ਵਕਤ ਭੋਗਾਂ ਵਿਚ ਰਹਿੰਦੀ ਹੈ। ਕਿਸੇ ਨੂੰ ਪੁੱਤਰ ਪ੍ਰਾਪਤੀ ਦਾ ਹਰ ਵਕਤ ਫਿਕਰ ਲੱਗਿਆ ਰਹਿੰਦਾ ਹੈ, ਕੋਈ ਪੈਸੇ ਵਿਚ ਬਿਰਤੀ ਰੱਖਦਾ ਹੈ, ਕੋਈ ਮੱਝਾਂ ਗਾਈਆਂ 'ਚ ਬਿਰਤੀ ਰੱਖਦਾ ਹੈ। ਕੋਈ ਅਹੁਦਿਆਂ 'ਚ ਰੱਖਦਾ ਹੈ, ਕੋਈ ਕਿਸੇ ਚੀਜ਼ 'ਚ, ਕੋਈ ਕਿਸੇ ਚੀਜ਼ 'ਚ, ਕੋਈ ਵਪਾਰ 'ਚ, ਹਰ ਵਕਤ ਚਿੰਤਨ ਕਰਦਾ ਰਹਿੰਦਾ ਹੈ, ਸੋਚਦਾ ਰਹਿੰਦਾ ਹੈ ਕਿ ਮੇਰਾ ਐਉਂ ਹੋ ਜਾਵੇ, ਏਸ ਤਰ੍ਹਾਂ ਪੈਸਾ ਵਧ ਜਾਵੇ। ਉਹ ਪਹਿਲਿਆਂ ਨਾਲੋਂ ਚੰਗੇ ਨੇ, ਲੇਕਿਨ ਉਹ ਵੀ ਕਿਸੇ ਕੰਮ ਦੇ ਬੰਦੇ ਨਹੀਂ। ਉਨ੍ਹਾਂ ਨੂੰ ਵਿਸ਼ਈ ਕਹਿੰਦੇ ਨੇ – ਵਿਸ਼ਿਆਂ 'ਚ ਬਿਰਤੀ ਰੱਖਣ ਵਾਲੇ। ਅਨੇਕਾਂ ਵਿਸ਼ੇ ਨੇ ਸੰਸਾਰ ਦੇ ਅੰਦਰ। ਪੰਜ ਵਿਸ਼ੇ ਪ੍ਰਧਾਨ ਨੇ – ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ। ਇਨ੍ਹਾਂ ਪੰਜਾਂ ਦੇ ਨਾਲ ਜੋ ਚਿੰਬੜਿਆ ਹੋਇਆ ਹੈ, ਬਿਰਤੀ ਜਿਹਦੀ ਇਨ੍ਹਾਂ ਪੰਜਾਂ 'ਚ ਘੁੰਮਦੀ ਹੈ ਤੇ ਪ੍ਰਕ੍ਰਿਤੀ ਦੀ ਪ੍ਰਾਪਤੀ ਦੀ ਯੋਜਨਾ ਜਿਹਦੇ ਮਨ ਵਿਚ ਰਹਿੰਦੀ ਹੈ, ਉਨ੍ਹਾਂ ਨੂੰ ਵਿਸ਼ਈ ਕਹਿੰਦੇ। ਇਨ੍ਹਾਂ ਨੂੰ ਵਿਸ਼ਈ ਕਹਿੰਦੇ ਨੇ। ਤੀਸਰੇ ਉਹ ਹੁੰਦੇ ਨੇ ਜਿਨ੍ਹਾਂ ਨੂੰ ਸੰਸਾਰ ਤੇ ਆ ਕੇ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ, ਪੂਰਨ ਮਹਾਂਪੁਰਸ਼ਾਂ ਦੇ ਬਚਨਾਂ ਦੀ ਪ੍ਰਾਪਤੀ ਹੁੰਦੀ ਹੈ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਤੇ ਅਕੀਦਾ ਬੱਝਦਾ ਹੈ, ਵਿਸ਼ਵਾਸ਼ ਆਉਂਦਾ ਹੈ, ਗੁਰੂ ਨੂੰ ਪ੍ਰਤੱਖ ਜੋਤੀ ਸਰੂਪ ਸਮਝ ਕੇ ਮੰਨਦੇ ਨੇ ਤੇ ਫੇਰ ਇਨ੍ਹਾਂ ਦੇ ਬਚਨਾਂ ਦੀ ਕਮਾਈ ਕਰਨੀ ਲੋਚਦੇ ਨੇ। ਆਪਣੇ ਜੀਵਨ ਨੂੰ ਸਫਲ ਕਰਨਾ ਲੋਚਦੇ ਨ, ਉਹ ਜਿਹੜਾ ਵਰਗ ਹੈ ਇਹਨੂੰ ਜਗਿਆਸੂ ਕਿਹਾ ਜਾਂਦਾ ਹੈ। ਇਹ ਰੂਹਾਨੀ ਸਕੂਲ ਦੇ ਵਿਚ ਦਾਖਲਾ ਲੈਣ ਦੇ ਅਧਿਕਾਰੀ ਹੋਇਆ ਕਰਦੇ ਨੇ। ਚੌਥੇ ਉਹ ਹੋਇਆ ਕਰਦੇ ਨੇ ਜਿਹੜੀਆਂ ਮੁਕਤ ਆਤਮਾਵਾਂ ਸੰਸਾਰ ਵਿਚ

ਆਉਂਦੀਆਂ ਨੇ। ਵਾਹਿਗੁਰੂ ਵਲੋਂ ਭੇਜੇ ਹੋਏ ਆਉਂਦੇ ਨੇ ਤੇ ਇਥੇ ਆ ਕੇ ਆਪਣਾ ਜੀਵਨ ਨਾਟਕ ਸੰਸਾਰ ਦੇ ਮੰਚ ਦੇ ਉਤੇ ਕਰਕੇ, ਉਨ੍ਹਾਂ ਨੂੰ ਦੁਖਾਂ ਸੁਖਾਂ ਵਿਚ ਸਮਾਨ ਰਹਿ ਕੇ, ਉਚੀਆਂ ਨੀਵੀਆਂ ਅਵਸਥਾ 'ਚੋਂ, ਵਿਸ਼ੇ ਭੋਗਾਂ ਤੋਂ ਬਿਰਤੀ ਨੂੰ ਨਿਰਲੇਪ ਰੱਖ ਕੇ ਉਹ ਸੰਸਾਰ ਤੋਂ ਜਾਂਦੇ ਨੇ ਤੇ ਉਹ ਮੁਕਤ ਆਤਮਾਵਾਂ, ਜਿਨ੍ਹਾਂ ਨੂੰ ਮੁਕਤ ਪੁਰਸ਼ ਕਿਹਾ ਜਾਂਦਾ ਹੈ। ਇਨ੍ਹਾਂ ਦਾ ਆਉਣਾ ਸੰਸਾਰ ਤੇ ਪ੍ਰਵਾਨ ਹੋਇਆ ਕਰਦਾ ਹੈ। ਕਿਉਂਕਿ ਆਤਮ ਰਸ ਦੇ ਵਿਚ ਬਿਰਤੀ ਰਹਿੰਦੀ ਹੈ ਇਨ੍ਹਾਂ ਦੀ। ਆਤਮ ਰਸ ਨੂੰ ਜਾਣਦੇ ਨੇ ਇਹ। ਬਾਕੀਆਂ ਨੂੰ ਤਾਂ ਪਤਾ ਹੀ ਨਹੀਂ ਕਿ ਆਤਮ ਰਸ ਕੀ ਹੁੰਦਾ ਹੈ। ਮਹਾਰਾਜ ਕਹਿੰਦੇ -

***ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥***
***ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥***
***ਅੰਗ - 252***

ਹਰੀ ਦਾ ਪਿਆਰ ਜਿਹੜੇ ਸਹਿਜ ਵਿਚ ਮਾਣਦੇ ਨੇ ਤੇ ਆਤਮਾ ਦੇ ਰਸ ਦਾ ਜਿਸਨੂੰ ਗਿਆਨ ਹੋ ਗਿਆ।

***ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥***
***ਅੰਗ - 252***

ਉਹ ਪ੍ਰਵਾਨ ਕੀਤੇ ਗਏ ਨੇ ਇਥੇ ਵੀ ਤੇ ਦਰਗਾਹ ਵਿਚ ਵੀ। ਪਦਵੀ ਕਿੱਡੀ ਦੱਸੀ ਹੈ ਆਤਮ ਰਸੀਆਂ ਦੀ। ਗੁਰੂ ਦਸ਼ਮੇਸ਼ ਪਿਤਾ ਨੂੰ ਪੁੱਛਿਆ ਕਿ ਪਾਤਸ਼ਾਹ! ਤੁਸੀਂ ਖਾਲਸੇ ਦਾ ਆਦਰਸ਼ ਸੰਸਾਰ ਦੇ ਅੰਦਰ, ਮਨੁੱਖ ਦੇ ਵਿਚ ਪ੍ਰਗਟ ਕੀਤਾ ਹੈ ਤੇ ਅਸੀਂ ਖਾਲਸਾ ਕਿਸਨੂੰ ਜਾਣੀਏ ?ਸਾਨੂੰ ਕੀ ਨਿਸ਼ਾਨੀ ਹੈ ਕਿ ਇਹ ਖਾਲਸਾ ਹੈ? ਕਿਉਂਕਿ ਪਦਵੀਆਂ ਨੇ ਤਿੰਨ। ਮਹਾਰਾਜ ਕਹਿੰਦੇ, ਜਿਸਦੇ ਅੰਦਰੋਂ ਪੂਰਨ ਜੋਤ ਜਗ ਕੇ ਪੰਜੇ ਭਰਮਾਂ ਦਾ ਨਾਸ਼ ਹੋ ਗਿਆ ਹੋਵੇ-

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖਾਲਸ ਜਾਨੈ॥***

ਫੇਰ ਇਹ ਇਹ ਖਾਲਸ ਹੋਇਆ ਕਰਦਾ ਹੈ। ਦੂਸਰੀ ਉਹਦੀ ਨਿਸ਼ਾਨੀ ਹੈ ਕਿ ਉਹਨੂੰ ਆਤਮਾ ਦਾ ਰਸ ਪ੍ਰਾਪਤ ਹੁੰਦਾ ਹੈ।

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।***

ਜਿਸਨੂੰ ਅਸੀਂ ਖਾਲਸਾ ਕਿਹਾ ਹੈ, ਉਹ ਬ੍ਰਹਮਗਿਆਨੀ ਹੈ। ਆਤਮ ਗਿਆਨੀ ਹੈ। ਉਹਦੀ ਪਦਵੀ ਪੁਛਦੇ ਓਂ? ਪਦਵੀ ਉਹਦੀ ਹੈ -

***ਪ੍ਰਭ ਮਹਿ ਮੋ ਮਹਿ ਤਾਸ ਮਹਿ, ਰੰਚਕ ਨਾਹਨ ਭੇਵ।***

ਮੇਰੇ ਵਿਚ ਤੇ ਓਸ ਵਿਚ ਅਤੇ ਵਾਹਿਗੁਰੂ ਵਿਚ ਕੋਈ ਭੇਤ ਨਹੀਂ ਹੈ।

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397***

ਉਹ ਤਾਂ ਨਿਰੋਲ ਹੋ ਗਏ, ਜੋਤੀ ਪ੍ਰਗਟ ਹੋ ਗਈ। ਉਸ ਜੋਤੀ ਵਿਚ ਤੇ ਪਰਮੇਸ਼ਰ ਦੀ ਜੋਤੀ ਵਿਚ ਕੋਈ ਭੇਤ ਨਹੀਂ ਹੋਇਆ ਕਰਦਾ। ਸਮੁੰਦਰ ਦਾ ਪਾਣੀ ਹੋਵੇ, ਸਮੁੰਦਰ ਦੇ ਵਿਚੋਂ ਇਕ ਬਰਤਨ ਭਰ ਲਈਏ, ਉਸ ਦੋਹਾਂ ਪਾਣੀਆਂ ਦਾ ਕੋਈ ਭੇਦ ਨਹੀਂ ਹੋਇਆ ਕਰਦਾ। ਸੋ ਇਸ ਕਰਕੇ ਉਸਨੂੰ ਅਸੀਂ ਖਾਲਸਾ ਕਿਹਾ ਹੈ ਤੇ ਉਹ ਦੇਖਦਾ ਕੀ ਹੈ? ਕਹਿੰਦੇ, ਉਹਦੇ ਨੇਤਰ ਖੁਲ੍ਹ ਜਾਂਦੇ ਨੇ। ਉਹਦੇ ਨੇਤਰ ਫੇਰ ਸਾਰੀਆਂ ਘਟਾਂ ਦੇ ਵਿਚ ਪ੍ਰਮੇਸ਼ਰ ਨੂੰ ਦੇਖਦੇ ਨੇ।

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਅੰਗ - 272***

ਇਹ ਹਰੇਕ ਘਟ ਦੇ ਵਿਚ ਪ੍ਰਮੇਸ਼ਰ ਨਜ਼ਰ ਆਉਂਦਾ ਹੈ, ਪ੍ਰਮੇਸ਼ਰ ਤੋਂ ਵਿਛੜਿਆ ਹੋਇਆ, ਟੁੱਟਿਆ ਹੋਇਆ ਕੋਈ ਨਜ਼ਰ ਨਹੀਂ ਆਉਂਦਾ। ਸੋ ਇਸ ਤਰ੍ਹਾਂ ਦੇ ਨਾਲ ਇਹ ਤਾਂ ਹੈਗੇ ਪ੍ਰਵਾਨ। ਜਿਨ੍ਹਾਂ ਨੂੰ ਪ੍ਰਮੇਸ਼ਰ ਦੇ ਨਾਲ ਪਿਆਰ ਨਹੀਂ ਹੋਇਆ, ਰੰਗ ਨਹੀਂ ਪ੍ਰਾਪਤ ਹੋਇਆ। ਫੋਕਾ ਹੀ ਤੁਰਿਆ ਫਿਰਦਾ ਹੈ, ਰੱਬ ਦੀ ਖਿੱਚ ਨਹੀਂ ਪੈਂਦੀ ਹਿਰਦੇ ਦੇ ਅੰਦਰ, ਦਰਸ਼ਨ ਦੀ ਲੋਚਾ ਨਹੀਂ ਜਾਗਦੀ। ਕਿਉਂਕਿ ਵਾਹਿਗੁਰੂ ਤਾਂ ਨਿਰਾ ਹੀ ਪਿਆਰ ਸਰੂਪ ਹੈ -

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਜਿੰਨਾ ਚਿਰ ਇਹ ਵਿਸ਼ਵਾਸ਼ ਪੈਦਾ ਨਹੀਂ ਹੁੰਦਾ। ਉਨਾਂ ਚਿਰ ਕਰਮ ਧਰਮ ਜਿਹੜੇ ਨੇ ਉਹ ਬਹੁਤ ਨੀਵੇਂ ਪੱਧਰ ਤੇ ਰਹਿੰਦੇ ਨੇ, ਉਚੇ ਪੱਧਰ ਤੇ ਨਹੀਂ ਰਹਿੰਦੇ। ਛੋਟੀ ਤਾਕਤ ਹੋਇਆ ਕਰਦੀ ਹੈ, ਉਨ੍ਹਾਂ ਦੀ। ਫਲ ਤਾਂ ਹੁੰਦਾ ਹੈ ਲੇਕਿਨ ਓਨਾਂ ਨਹੀਂ ਹੁੰਦਾ। ਸੋ ਮਹਾਰਾਜ ਕਹਿੰਦੇ ਜਿਹਨੂੰ ਪਿਆਰ ਹੀ ਨਹੀਂ ਲੱਗਿਆ ਪ੍ਰਮੇਸ਼ਰ ਦੇ ਨਾਲ, ਉਹਦਾ ਸੰਸਾਰ ਤੇ ਆਉਣਾ ਕਿਸੇ ਕੰਮ ਦਾ ਨਹੀਂ ਹੈ। 83 ਲੱਖ, 99 ਹਜ਼ਾਰ, 999 ਜੂਨਾਂ ਤਾਂ ਲੰਘ ਆਇਆ ਤੇ ਜਦੋਂ ਆਗਿਆ ਨਾ ਅਖੀਰ, ਉਸ ਵੇਲੇ ਪਿਆਰ ਪ੍ਰਮੇਸ਼ਰ ਦੇ ਨਾਲ ਲੱਗਣ ਦੀ ਬਿਜਾਏ, ਪ੍ਰਕ੍ਰਿਤਕ ਵਸਤੂਆਂ ਦੇ ਨਾਲ ਪਿਆਰ ਲਗ ਗਿਆ, ਚਾਹੇ ਪੁੱਤਰ ਨੇ, ਧੀਆਂ ਨੇ, ਚਾਹੇ ਕੋਈ ਕੋਠੀਆਂ ਨੇ, ਚਾਹੇ ਵਪਾਰ ਹੈ, ਚਾਹੇ ਕੋਈ ਕੋਈ ਹੋਰ ਚੀਜ਼ ਹੈ, ਚਾਹੇ ਪੈਸਾ ਟਕਾ ਹੈ, ਉਹਦੇ ਨਾਲ ਬਿਰਤੀ ਇਹਦੀ ਪਰਚ ਗਈ। ਆਇਆ ਤਾਂ ਸੀ ਪ੍ਰਮੇਸ਼ਰ ਦੇ ਨਾਲ ਪਿਆਰ ਕਰਨ ਵਾਸਤੇ, ਮਹਾਰਾਜ ਕਹਿੰਦੇ ਜਦੋਂ ਪੈਦਾ ਹੋਇਆ -

***ਗਰਭ ਕੁੰਟ ਮਹਿ ਉਰਧ ਤਪ ਕਰਤੇ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥ ਅੰਗ - 251***

ਮਹਾਰਾਜ ਨੇ ਉਸ ਵੇਲੇ ਥੋੜ੍ਹੇ ਜਿਹੇ ਸਮੇਂ ਦੇ ਅੰਦਰ, ਇਕ ਕ੍ਰਿਸ਼ਮਾ ਦਿਖਾਇਆ ਇਸ ਜੀਵ ਨੂੰ। ਉਹ ਕ੍ਰਿਸ਼ਮਾ ਇਹ ਸੀ ਕਿ ਇਹਦੀ ਸੁਰਤੀ ਸੁਖਮਨਾ ਨਾੜੀ 'ਚ ਚਲੀ ਗਈ। ਈੜਾ, ਪਿੰਗਲਾ, ਸੁਖਮਨਾ ਤਿੰਨ ਨਾੜੀਆਂ ਹੁੰਦੀਆਂ ਨੇ ਰੀੜ੍ਹ ਦੀ ਹੱਡੀ ਦੇ ਨਾਲ। ਮਾਂ ਦੇ ਪੇਟ ਵਿਚ ਪ੍ਰਮੇਸ਼ਰ ਨੇ ਬਖਸ਼ਿਸ਼ ਕਰੀ ਕਿ ਮਾਇਆ ਹਟਾ ਲਈ ਤੇ ਇਹਦੀ ਜਿਹੜੀ ਸੁਰਤੀ ਸੀ ਉਹ ਸੁਖਮਨਾ ਨਾੜੀ ਵਿਚ ਦਾਖਲ ਹੋ ਗਈ ਤੇ ਦਸਵੇਂ ਦੁਆਰ 'ਚ ਪਹੁੰਚ ਗਈ। ਉਥੇ ਜਾ ਕੇ ਇਹਨੂੰ ਸੌ ਜਨਮ ਦਾ ਗਿਆਨ ਹੋ ਗਿਆ। ਦਸਵੇਂ ਦੁਆਰ ਦੇ ਅੰਦਰ। ਦਿਨ ਰਾਤ ਉਥੇ ਅਨਹਦ ਦੀ ਧੁਨ ਗੂੰਜਦੀ ਰਹਿੰਦੀ ਹੈ।

***ਘਰਿ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਅੰਗ - 1291***

ਸੱਚੇ ਦਾ ਤਖਤ ਇਥੋਂ ਹੀ ਨਜ਼ਰ ਆਉਂਦਾ ਹੈ ਜਿਵੇਂ ਕਿ ਮਹਾਰਾਜ ਨੇ ਕਿਹਾ ਹੈ -

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਅੰਗ - 463***

ਇਹ ਸੰਸਾਰ ਵਿਚ ਹਰੇਕ ਅੰਦਰ ਰਹਿੰਦਾ ਹੈ। ਉਹ ਸਥਾਨ ਹੈ ਜੋ ਮਾਤਾ ਦਾ ਗਰਭ ਵਿਚ ਜੀਵ ਨੂੰ ਪ੍ਰਾਪਤ ਹੁੰਦਾ ਹੈ ਤੇ ਉਹਨੂੰ ਉਹ ਧੁਨ ਸੁਣਦੀ ਹੈ। ਧੁਨ ਦੇ ਆਸਰੇ ਉਹ ਤਪ ਕਰਦਾ ਹੈ, ਪੁੱਠਾ ਲਟਕਦਾ ਹੈ। ਇਕ ਵੀ ਸੁਆਸ ਇਹਦਾ ਬਿਰਥਾ ਨਹੀਂ ਸੀ ਜਾਂਦਾ ਨਾਮ ਧੁਨ ਤੋਂ ਬਗੈਰ। ਸ਼ਬਦ ਗੂੰਜਦਾ ਸੀ ਇਹਦੇ ਅੰਦਰ। ਉਹ ਸ਼ਬਦ ਜਿਹੜਾ ਨਿਰੰਕਾਰ ਨੇ ਕਿਹਾ ਹੈ -

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਉਹ ਧੁਨ ਸਾਰੇ ਸੰਸਾਰ ਦੇ ਅੰਦਰ ਸ਼ਬਦ ਬ੍ਰਹਮ ਹੋ ਕੇ ਫੈਲੀ ਹੋਈ। ਉਸੇ ਨੂੰ ਬ੍ਰਹਮ ਕਹਿੰਦੇ ਨੇ, ਉਸੇ ਦੇ ਜਾਨਣ ਵਾਲੇ ਨੂੰ ਬ੍ਰਹਮਗਿਆਨੀ ਕਹਿੰਦੇ ਨੇ। ਉਸ ਧੁਨ ਦੇ ਆਸਰੇ ਮਾਤਾ ਦੇ ਪੇਟ ਵਿਚ ਇਹ ਜਲਦਾ ਨਹੀਂ ਸੀ, ਰੱਖਿਆ ਉਸ ਅੱਗ ਦੇ ਵਿਚ ਸੀ। ਲੇਕਿਨ ਜਦੋਂ ਸੰਸਾਰ 'ਚ ਆਇਆ, ਫੇਰ ਕੀ ਹੋਇਆ ?ਮਹਾਰਾਜ ਕਹਿੰਦੇ -

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***
***ਅੰਗ - 921***

ਮਾਇਆ ਦਾ ਅਸਰ ਪੈ ਗਿਆ, ਕਿਉਂਕਿ ਇਥੇ ਰਾਜ ਮਾਇਆ ਦਾ ਹੈ, ਜਿਥੇ ਅਸੀਂ ਕਹਿੰਦੇ ਹਾਂ ਕਿ ਅਸੀਂ ਸਿਆਣੇ ਹਾਂ। ਸਾਇਕੋਲੋਜਿਸਟ ਕਹਿੰਦੇ ਨੇ ਕਿ ਤਿੰਨ ਮਨ ਹੁੰਦੇ ਨੇ, ਇਕ ਜਾਗ੍ਰਤ ਮਨ ਹੈ, ਇਕ ਅਰਧ ਜਾਗ੍ਰਤ ਹੈ ਤੇ ਇਕ ਅਚੇਤ ਮਨ ਹੈ। ਲੇਕਿਨ ਬੰਦਗੀ ਕਰਨ ਵਾਲੇ ਨਹੀਂ ਮੰਨਦੇ ਏਸ ਗੱਲ ਨੂੰ। ਕਿਉਂਕਿ ਉਨ੍ਹਾਂ ਦਾ ਅਨੁਭਵ ਵੱਖਰਾ ਹੈ। ਇਹ ਹੈਗੀ ਅਕਲ ਦੀ ਗੱਲ। ਠੀਕ ਹੈ ਇਹ ਵੀ, ਲੇਕਿਨ ਜੋ ਅਨੁਭਵੀ ਮਹਾਂਪੁਰਸ਼ ਨੇ, ਜਿਨ੍ਹਾਂ ਦੀ ਬਿਰਤੀ ਉਨਮਨੀ ਅਵਸਥਾ 'ਚ ਪਹੁੰਚੀ ਹੋਈ ਹੈ। ਉਹ ਕਹਿੰਦੇ ਨਹੀਂ, ਜਿਹੜੇ ਨੂੰ ਤੁਸੀਂ ਜਾਗ੍ਰਤ ਕਹਿੰਦੇ ਹੋਂ ਨਾ, ਇਹ ਤਾਂ ਹੈਗਾ ਸੁੱਤਾ ਹੋਇਆ ਮਨ, ਜਿਹਨੂੰ ਹੋਸ਼ ਹੀ ਨਹੀਂ ਹੈ। ਇਸ ਗੱਲ ਦੇ ਉਤੇ ਅਸੀਂ ਬੜੇ ਹੈਰਾਨ ਹੁੰਦੇ ਹਾਂ ਕਿ ਹੋਸ਼ ਸਾਨੂੰ ਨਹੀਂ ਹੈ ?ਮਹਾਰਾਜ ਕਹਿੰਦੇ, ਸੁੱਤੇ ਬੰਦੇ ਨੂੰ ਹੋਸ਼ ਹੁੰਦੀਓ ਨਹੀਂ ਹੈ। ਕੋਈ ਦੱਸ ਦਿਓ ਕਿ ਜੀ, ਮੈਨੂੰ ਹੋਸ਼ ਸੀ, ਜਦ ਮੈਂ ਸੁੱਤਾ ਪਿਆ ਸੀ। ਮੈਨੂੰ ਹੋਸ਼ ਰਹਿੰਦੀ ਹੈ, ਮੈਨੂੰ ਪਤਾ ਲਗਦਾ ਰਹਿੰਦਾ ਹੈ ਕਿ ਹੁਣ ਘੜੀ ਦੇ ਵਿਚ ਕਿੰਨੇ ਵਜ ਗਏ। ਇਕ ਮਹਾਂਪੁਰਸ਼ ਨੇ ਹੋਰ ਕਿਸੇ ਨੂੰ ਨਹੀਂ ਹੋਸ਼ ਹੋਇਆ ਕਰਦੀ। ਉਹ ਬੇਹੋਸ਼ੀ ਦੀ ਜ਼ਿੰਦਗੀ ਹੈ, ਜਿਸਨੂੰ ਮਹਾਰਾਜ ਕਹਿੰਦੇ ਨੇ ਕਿ ਹਉਮੈ ਦੀ ਸੁਰਤ ਹੈ ਤੈਨੂੰ -

***ਭੋਲਿਆ ਹਉਮੈ ਸੁਰਤਿ ਵਿਸਾਰਿ॥ ਅੰਗ - 1168***

ਇਹਨੂੰ ਤਾਂ ਰੂਹਾਨੀਅਤ ਵਾਲੇ ਕਹਿੰਦੇ ਨੇ ਕਿ ਸੁੱਤਾ ਹੋਇਆ ਬੰਦਾ ਹੈ। ਅਚੇਤ ਮਨ ਹੈ, ਦੂਸਰਾ ਜਿਹੜਾ ਵਿਚਕਾਰਲਾ ਹੈ, ਉਹ ਇਹ ਵੀ ਮੰਨਦੇ ਨੇ ਕਿ ਅਰਧ ਚੇਤਨ ਹੈ, ਨਾ ਉਹ ਸੁੱਤਾ ਹੈ ਨਾ ਜਾਗਦਾ ਹੈ। ਵਿਚਾਲੇ-ਵਿਚਾਲੇ ਹੈ, ਅਜੇ ਸਮਾਧੀ 'ਚ ਲੀਨ ਨਹੀਂ ਹੋਇਆ, ਹੇਠਾਂ-ਹੇਠਾਂ ਤੁਰਿਆ ਫਿਰਦਾ ਹੈ। ਜਿਹਨੂੰ ਇਹ ਕਹਿੰਦੇ ਨੇ ਅਚੇਤ ਮਨ ਇਹ ਉਨਮਨ ਦੀ ਅਵਸਥਾ ਹੁੰਦੀ ਹੈ। ਉਹ ਬਿਲਕੁਲ ਪੂਰੀ ਤਰ੍ਹਾਂ ਜਾਗਦਾ ਹੈ ਤੇ ਉਹਦੀ ਜਾਗ ਕੀ ਹੁੰਦੀ ਹੈ, ਉਹਨੂੰ ਆਪਣਾ ਆਪ ਭੁੱਲ ਜਾਂਦਾ ਹੈ, ਭੁੱਲ ਕੇ ਪ੍ਰਮੇਸ਼ਰ ਹਰ ਥਾਂ ਦੇ ਉਤੇ ਦੇਖਦਾ ਹੈ, ਪੂਰਨ ਗਿਆਨ ਵਿਚ ਹੋਇਆ ਕਰਦਾ ਹੈ। ਗਾੜ੍ਹੀ ਨੀਂਦ ਵਿਚ ਇਹ ਫਰਕ ਹੈ, ਗਾੜ੍ਹੀ ਨੀਂਦ ਵਿਚ ਅਗਿਆਨ ਹੋਇਆ ਕਰਦਾ ਹੈ। ਜਿਹਨੂੰ ਸਖੋਪਤੀ ਦੀ ਨੀਂਦ ਕਹਿੰਦੇ ਨੇ, ਉਹਦੇ 'ਚ ਸੁਰਤ ਨਹੀਂ ਹੁੰਦੀ, ਬਾਅਦ ਵਿਚ ਜਿਹੜੀ ਦੇਖਣ ਵਾਲੀ ਸ਼ਕਤੀ ਹੈ ਉਹਨੂੰ ਪਤਾ ਹੁੰਦਾ ਹੈ ਕਿ ਇਹ ਅੱਜ ਬਹੁਤ ਘੂਕ ਨੀਂਦ ਨਾਲ ਸੁੱਤਾ ਹੈ। ਉਹ ਆਤਮਾ ਹੋਇਆ ਕਰਦੀ ਹੈ। ਇਹ ਜਦੋਂ ਆਤਮਾ ਦੇ ਵਿਚ ਲੀਨ ਹੁੰਦਾ ਹੈ, ਉਸ ਵੇਲੇ ਸਾਰੀ ਸੁਰਤ ਹੋਇਆ ਕਰਦੀ ਹੈ, ਸ਼ਕਤੀ ਕਿੰਨੀ ਹੁੰਦੀ ਹੈ ਕਿ ਦੱਸੀ ਨਹੀਂ ਜਾ ਸਕਦੀ, ਐਨੀ ਸ਼ਕਤੀ ਹੁੰਦੀ ਹੈ ਉਹਦੇ ਅੰਦਰ। ਸੋ ਇਹ ਚੀਜ਼ ਦੀ ਪ੍ਰਾਪਤੀ ਵਾਸਤੇ ਮਨੁੱਖ ਸੰਸਾਰ 'ਚ ਆਇਆ ਹੈ ਤੇ ਇਹ ਭੁੱਲ ਗਿਆ। ਮਾਇਆ ਨੇ ਆਪਣਾ ਅਸਰ ਪਾ ਦਿਤਾ, ਤ੍ਰਿਸ਼ਨਾ ਦਾ ਰੋਗ ਲਗ ਗਿਆ ਤੇ ਉਹ ਜਿਹੜੀ ਲਿਵ ਲੱਗੀ ਹੋਈ ਸੀ ਮਾਂ ਦੇ ਪੇਟ 'ਚ ਉਹ ਭੁੱਲ ਗਈ। ਬੱਚਾ ਸਵਾ ਮਹੀਨੇ ਤੱਕ ਉਸਨੂੰ ਯਾਦ ਰੱਖਦਾ ਹੈ, ਬਾਰ-ਬਾਰ ਉਸਨੂੰ ਉਹ ਧੁਨ ਪੈਦਾ ਹੁੰਦੀ ਹੈ, ਉਹ ਫੇਰ ਜਦੋਂ ਆਉਂਦੀ

ਹੈ, ਬਾਹਵਾਂ ਵੀ ਹਿਲਾਉਂਦਾ ਹੈ, ਲੱਤਾਂ ਵੀ ਹਿਲਾਉਂਦਾ ਹੈ, ਹਸਦਾ ਵੀ ਹੈ। ਕਿਉਂਕਿ ਅੰਦਰ ਸ਼ਬਦ ਪ੍ਰਗਟ ਹੋ ਗਿਆ। ਜਦੋਂ ਸ਼ਬਦ ਵਿਸਰਦਾ ਹੈ, ਫੇਰ ਚੀਕਾਂ ਮਾਰਦਾ ਹੈ, ਰੋਂਦਾ ਹੈ, ਡਰਦਾ ਹੈ ਬੱਚਾ। ਕਿਉਂਕਿ ਸ਼ਬਦ ਭੁੱਲ ਗਿਆ ਇਸਨੂੰ। ਉਸ ਸ਼ਬਦ ਦੇ ਆਸਰੇ ਜੀਉਂਦਾ ਹੈ ਉਹ।

***ਉਰਝਿ ਪਰੇ ਜੋ ਛੋਡਿ ਛਡਾਨਾ॥***
***ਦੇਵਨਹਾਰੁ ਮਨਹਿ ਬਿਸਰਾਨਾ॥ ਅੰਗ - 251***

ਸੋ ਮਹਾਰਾਜ ਕਹਿੰਦੇ ਜੇ ਮੁੜ ਕੇ ਸੁਰਤ ਨਹੀਂ ਨਾ ਕਰੀ, ਤਾਂ ਕਹਿੰਦੇ ਉਹਦਾ ਸੰਸਾਰ ਦੇ ਉਤੇ ਕੋਈ ਬਹੁਤਾ ਲੇਖੇ ਵਿਚ ਨਹੀਂ ਹੈ। ਮਹਾਰਾਜ ਤਾਂ ਝਿੜਕ ਮਾਰਦੇ ਨੇ ਕਿ ਭਾਈ, ਤੂੰ ਆਹ ਗੱਲ ਤਾਂ ਸਮਝਿਆ ਨਹੀਂ। ਉਵੇਂ ਸਿਆਣਾ ਬਣਿਆ ਫਿਰਦਾ ਹੈ, ਪੀ.ਐਚ.ਡੀ ਕਰ ਲਈ, ਸਪੈਸ਼ਲਿਸਟ ਹੋ ਗਿਆ, ਦੁਨੀਆਂ ਨੂੰ ਮੱਤਾਂ ਦਿੰਦਾ ਹੈਂ, ਉਪਦੇਸ਼ ਦਿੰਦਾ ਹੈਂ ਵੱਡੇ ਵੱਡੇ, ਪਰ ਜੇ ਤੈਨੂੰ ਏਸ ਚੀਜ਼ ਦੀ ਪ੍ਰਾਪਤੀ ਨਹੀਂ ਹੋਈ, ਤੇਰੀ ਸੁਰਤ ਨਹੀਂ ਜਾਗੀ, ਉਨਮਨ ਦਸ਼ਾ ਤੇਰੇ ਤੇ ਨਹੀਂ ਤਾਰੀ ਹੋਈ, ਆਤਮ ਗਿਆਨ ਤੈਨੂੰ ਨਹੀਂ ਹੋਇਆ ਤਾਂ ਤੈਨੂੰ ਅਸੀਂ ਕੀ ਕਹੀਏ? ਕਿ ਤੇਰਾ ਆਉਣਾ ਸਫਲ ਹੈ? ਨਾ ਮਹਾਰਾਜ ਤਾਂ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਜਿਹਨੂੰ ਲੱਗਿਆ ਨਾ ਪਿਆਰ ਨਾਲ ਹਰੀ ਦੇ,***
***ਧ੍ਰਿਗ ਉਹਦਾ ਆਉਣਾ ਜਗ ਤੇ।***

ਕਿੱਡੀ ਵੱਡੀ ਬਾਤ ਮਹਾਰਾਜ ਨੇ ਸਾਨੂੰ ਕਹਿ ਦਿਤੀ। ਸਾਰੇ ਹੀ ਆ ਜਾਂਦੇ ਹਾਂ ਆਪਾਂ ਇਹਦੇ ਵਿਚ, ਕੋਈ ਵਿਰਲਾ ਹੈ ਜਿਹਨੂੰ ਪਿਆਰ ਰਹਿੰਦਾ ਹੈ ਵਾਹਿਗੁਰੂ ਦਾ। ਕਿਉਂਕਿ ਮਹਾਰਾਜ ਨੇ ਜੀਵਨ ਪ੍ਰਵਾਨ ਨਹੀਂ ਕਰਿਆ।

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥ ਅੰਗ - 142***

ਨਾ ਕਹੋ ਬਾਕੀਆਂ ਨੂੰ ਕਿ ਜੀਉਂਦੇ ਓਂ। ਕੀ ਕਹੀਏ? ਮਹਾਰਾਜ ਕਹਿੰਦੇ, ਸਾਰੇ ਮੁਰਦੇ ਨੇ, ਜੀਉਂਦਾ ਨਹੀਂ ਹੈ, ਕੋਈ। ਜੀਉਂਦਾ ਉਹ ਹੈ ਜਿਹਦੇ ਅੰਦਰ ਪ੍ਰਮੇਸ਼ਰ ਦੇ ਨਾਮ ਦੀ ਕਰੰਟ ਚਲਦੀ ਹੈ, ਸਬਦ ਚਲ ਰਿਹਾ ਹੈ। ਜੇ ਜੀਉਂਦਾ ਹੈ ਫੇਰ ਮਹਾਰਾਜ ਉਹ ਕਿਹੋ ਜਿਹਾ ਹੈ?ਮਹਾਰਾਜ ਕਹਿੰਦੇ-

***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਅੰਗ - 142***

ਜਿੰਨਾ ਖਾਂਦਾ ਹੈ, ਹਰਾਮ ਖਾ ਰਿਹਾ ਹੈ, ਪਤਿ ਲਹਿ ਰਹੀ ਹੈ।

***ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ॥***
***ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ॥***
***ਅੰਗ - 523***

ਖਾਂਦਿਆਂ ਖਾਂਦਿਆਂ ਦੰਦ ਭੀ ਘਸ ਗਏ, ਕੰਨ ਵੀ ਸੁਣਨ ਤੋਂ ਰਹਿ ਗਏ, ਨੇਤਰ ਵੀ ਦੇਖਣ ਤੋਂ ਰਹਿ ਗਏ, ਹੱਥ ਪੈਰ ਵੀ ਕੰਬਣ ਲੱਗ ਗਏ।

ਇਹ ਤਾਂ ਹੋਣਾ ਹੀ ਹੈ ਸਾਧਸੰਗਤ ਜੀ! ਕਿਉਂਕਿ ਅਸੀਂ ਭੋਗਾਂ ਨੂੰ ਨਹੀਂ ਭੋਗਦੇ, ਭੋਗ ਸਾਨੂੰ ਭੋਗ ਜਾਂਦੇ ਨੇ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ॥***
***ਅੰਗ - 523***

ਧ੍ਰਿਗ ਹੈ ਜੀਉਣਾ ਉਨ੍ਹਾਂ ਦਾ, ਜਿਨ੍ਹਾਂ ਦਾ ਵਾਹਿਗੁਰੂ ਨਾਲ ਪਿਆਰ ਨਹੀਂ ਪਿਆ। ਜੇ ਤਾਂ ਪੈ ਗਿਆ ਪੈ ਗਿਆ ਫੇਰ ਤਾਂ ਉਹਨੇ ਸਭ ਕੁਛ ਖੱਟ ਲਿਆ ਸੰਸਾਰ ਤੇ ਆ ਕੇ। ਚਾਹੇ ਉਹਦੇ ਕੋਲ ਇਕ ਦਮੜੀ ਨਹੀਂ ਹੈ। ਪਾਟੇ ਹੋਏ ਕਪੜੇ ਪਹਿਨਦਾ ਹੈ, ਚਾਹੇ ਝੌਂਪੜੀ 'ਚ ਰਹਿੰਦਾ ਹੈ। ਲੇਕਿਨ ਉਹਨੇ ਜੀਵਨ ਦਾ ਲਕਸ਼ ਪ੍ਰਾਪਤ ਕਰ ਲਿਆ। ਆਹੀ ਸਾਡੇ 'ਚ ਫਰਕ ਹੈ ਅਸੀਂ ਸਮਝ ਨਹੀਂ ਸਕਦੇ ਇਸ ਗੱਲ ਨੂੰ। ਅਸੀਂ ਆਦਮੀ ਦੀ ਕਦਰ ਕੀਮਤ ਉਹਦੇ ਅਹੁਦੇ ਨਾਲ ਪਾਉਂਦੇ ਹਾਂ, ਉਹਦੇ ਸੋਹਣੇ ਕੱਪੜਿਆਂ ਨਾਲ, ਸੋਹਣੇ ਰੂਪ ਨਾਲ ਪਾਉਂਦੇ ਹਾਂ। ਮਹਾਰਾਜ ਕਹਿੰਦੇ, ਰੂਪ ਦਾ ਗੁਮਾਨ ਕਰਦਾ ਹੈਂ -

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥ ਅੰਗ - 471***

ਤੂੰ ਜੋ ਕੁਛ ਕਰਿਆ ਹੈ, ਉਹਦੇ ਨਾਲ ਤੇਰੀ ਕੀਮਤ ਪੈਣੀ ਹੈ। ਕੱਪੜਿਆਂ ਦੇ ਨਾਲ ਤਾਂ ਨਹੀਂ ਦਰਗਾਹ ਦੇ ਵਿਚ ਧੋਖਾ ਦੇ ਸਕਦਾ। ਸੋਹਣੇ ਰੂਪ ਨਾਲ ਤੂੰ ਧੋਖਾ ਨਹੀਂ ਦੇ ਸਕਦਾ। ਆਹ ਗੱਲਾਂ ਪ੍ਰਮੇਸ਼ਰ ਨਹੀਂ ਗਿਣਿਆਂ ਕਰਦਾ। ਸੋ ਇਸ ਕਰਕੇ ਪਾਟੇ ਹੋਏ ਕਪੜੇ ਹੋਣ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥***
***ਅੰਗ - 707***

ਕਿੱਡੀ ਵੱਡੀ ਪਦਵੀ ਦੇ ਦਿਤੀ ਮਹਾਰਾਜ ਨੇ, ਬਾਦਸ਼ਾਹਾਂ ਦਾ ਵੀ ਬਾਦਸ਼ਾਹ ਹੈ। ਸੱਚਾ ਪਾਤਸ਼ਾਹ ਹੈ। ਪਾਟੇ ਹੋਏ ਕਪੜਿਆਂ ਵਾਲੇ ਨੂੰ ਪਾਤਸ਼ਾਹ ਦੀ ਪਦਵੀ ਦੇ ਦਿਤੀ, ਸ੍ਰਿਸ਼ਟੀ ਦਾ ਰਾਜਾ ਕਹਿ ਦਿਤਾ, ਧਰਤੀ ਦਾ ਨਹੀਂ ਕਿਹਾ, ਸ੍ਰਿਸ਼ਟੀ ਦਾ ਕਿਹਾ ਹੈ। ਕਿਉਂਕਿ ਇਥੇ ਵੀ ਉਹਦਾ ਹੁਕਮ ਚਲਦਾ ਹੈ, ਦਰਗਾਹ ਵਿਚ ਵੀ ਚਲਦਾ ਹੈ। ਮਹਾਰਾਜ ਕਹਿੰਦੇ, ਜਿਹਦਾ ਦਰਗਾਹ 'ਚ ਹੁਕਮ ਚਲਦਾ ਹੈ -

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਅੰਗ - 186*

ਜਿਹਦਾ ਦਰਗਾਹ 'ਚ ਹੁਕਮ ਮੰਨਦਾ ਹੈ ਧਰਮਰਾਜ, ਬ੍ਰਹਮਾ ਮੰਨਦਾ ਹੈ, ਸ਼ਿਵ ਜੀ ਮੰਨਦਾ ਹੈ, ਵਿਸ਼ਨੂੰ ਜੀ ਜਿਹਦਾ ਹੁਕਮ ਮੰਨਦੇ ਨੇ, 33 ਕਰੋੜ ਦੇਵਤਾ ਜਿਹਦੇ ਹੁਕਮ ਅੱਗੇ ਚਲਦੇ ਨੇ, ਪਾਣੀ ਹੁਕਮ ਮੰਨਦਾ ਹੈ ਜਿਹਦਾ, ਦਰਿਆ ਨੂੰ ਕਹਿ ਦੇ ਕਿ ਮੈਂ ਲੰਘਣਾ ਹੈ, ਠਹਿਰ ਜਾ। ਐਸੀਆਂ ਬੇਅੰਤ ਮਿਸਾਲਾਂ ਨੇ, ਬੇਅੰਤ ਬੇਪਰਵਾਹ ਮਹਾਂਪੁਰਸ਼ ਨੇ ਜਦ ਦਰਿਆ ਨੂੰ ਕਹਿ ਦਿਤਾ ਕਿ ਅਸੀਂ ਲੰਘਣਾ ਹੈ, ਠਹਿਰ ਜਾ। ਅੱਗ ਨੂੰ ਕਹਿ ਦਿਤਾ ਕਿ ਸੇਕ ਨਾ ਦੇਈਂ ਅਸੀਂ ਵਿਚ ਦੀ ਲੰਘਣਾ ਹੈ। ਤੱਤਾ ਥੰਮ ਹੈ ਨੇੜੇ ਕੋਈ ਜਾ ਨਹੀਂ ਸਕਦਾ ਤੇ ਪ੍ਰਹਿਲਾਦ ਨੂੰ ਉਹ ਅੱਗ ਸੇਕ ਨਹੀਂ ਦੇ ਰਹੀ। ਮਾਇਆ ਨੇ ਸੁਭਾਅ ਬਦਲ ਦਿਤਾ ਕਿਉਂਕਿ ਉਹਦਾ ਹੁਕਮ ਚਲਦਾ ਹੈ, ਸਾਰੇ ਤੱਤਾਂ ਤੇ ਹੁਕਮ ਚਲਦਾ ਹੈ। ਕਹਿੰਦੇ ਉਹ ਬਾਦਸ਼ਾਹ ਹੈ ਅਸਲੀ। ਉਹਦੀ ਤਾਂ ਧੂੜੀ ਵੀ ਲੈ ਕੇ ਸਾਡਾ ਉਧਾਰ ਹੋ ਜਾਏਗਾ। ਸੋ ਏਸ ਕਰਕੇ ਜਿੰਨਾ ਚਿਰ ਅਸੀਂ ਇਹ ਬਾਤ ਨਹੀਂ ਸਮਝਦੇ, ਜ਼ਹਿਨ ਨਸ਼ੀਨ ਨਹੀਂ ਕਰਦੇ। ਇਹਦੀ ਇਕ ਮੰਜ਼ਲ ਤਾਂ ਅਸੀਂ ਤਹਿ ਕਰ ਲਈ ਕਿ ਅਸੀਂ ਸਤਿਸੰਗ 'ਚ ਆਉਂਦੇ ਹਾਂ, ਬੜੇ ਪਿਆਰ ਨਾਲ ਦੂਰ ਦਰਾਜ ਤੋਂ ਆਉਂਦੇ ਹਾਂ, ਬਹੁਤ ਸਾਰੇ ਆਸ਼ੇ ਲੈ ਕੇ ਆਉਂਦੇ ਹਾਂ ਤੇ ਇਥੇ ਸੋਝੀ ਮਿਲਦੀ ਹੈ, ਇਥੇ ਮਨ ਮਾਂਜਿਆ ਜਾਂਦਾ ਹੈ, ਜਦੋਂ ਮਨ ਮਾਂਜ ਹੋ ਜਾਵੇ, ਲਿਸ਼ਕ ਜਾਵੇ, ਫੇਰ ਨਾਮ ਦਾ ਨਿਵਾਸ ਹੋਇਆ ਕਰਦਾ ਹੈ। ਨਾਮ ਦਾ ਨਿਵਾਸ ਹੋ ਗਿਆ, ਅਸੀਂ ਸਭ ਕੁਛ ਖੱਟ ਲਿਆ। ਚਾਹੇ ਦੁਨੀਆਂ ਦੀ ਕੋਈ ਚੀਜ਼ ਸਾਡੇ ਕੋਲ ਨਹੀਂ, ਲੇਕਿਨ ਅਸੀਂ ਜੇਤੂ ਹੋ ਕੇ ਸੰਸਾਰ ਤੋਂ ਜਾਵਾਂਗੇ। ਹੁੰਦਾ ਕੀ ਹੈ ਕਿ ਇਹ ਚੀਜ਼ਾਂ ਨੂੰ ਛੱਡ ਕੇ ਕੌਡੀ ਕੌਡੀ ਦੀਆਂ ਚੀਜ਼ਾਂ ਦੇ ਉਤੇ ਡੋਲਦਾ ਹੈ। ਜੇ ਕੋਈ ਹੰਸ ਆ ਜਾਵੇ, ਜਿਸਦੀ ਖੁਰਾਕ ਮੋਤੀ ਹੈ ਤੇ ਉਹ ਮੋਤੀਆਂ ਨੂੰ ਛੱਡ ਕੇ ਕਿਸੇ ਡੁਡਲੀ 'ਚ ਜਾ ਕੇ ਬਹਿ ਜਾਵੇ, ਜਿਥੇ ਮਰੇ ਹੋਏ ਡੰਗਰ ਨੇ ਤੇ ਧੂਅ-ਧੂਅ ਕੇ ਗਿਲਝਾਂ ਵਾਂਗੂੰ ਮਾਸ ਖਾਵੇ ਤਾਂ ਸਾਰੀਆਂ ਦੁਨੀਆਂ ਹੀ ਨਿਰਾਸ਼ ਹੋ ਜਾਏਗੀ ਕਿ ਆਹ ਕੀ ਹੋ ਗਿਆ ਇਸ ਹੰਸ ਨੂੰ? ਸਾਰੇ ਸੋਚਾਂਗੇ ਨਾ ਕਿ ਆਹ ਕੀ ਹੋਇਆ ਕਿੱਡਾ ਮਾੜਾ ਹੋ ਗਿਆ ਇਹ ਜਾਨਵਰ ?ਇਹਦੀ ਖੁਰਾਕ ਤਾਂ ਮੋਤੀ ਸੀ ?ਮਹਾਰਾਜ ਕਹਿੰਦੇ ਤੂੰ ਉਹਨੂੰ ਕੀ ਕਹਿੰਦਾ ਹੈਂ ਤੇਰਾ ਵੀ ਇਹੀ ਹਾਲ ਹੈ?

*ਧਾਰਨਾ - ਹੰਸ ਮੋਤੀ ਚੁਗਣ ਨੂੰ ਆਇਆ,*
*ਆ ਕੇ ਬਹਿ ਗਿਆ ਕਰੰਗਾਂ ਤੇ।*
*ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥*
*ਅੰਗ - 790*

ਸੌ ਉਲ੍ਹਾਮੇ ਦਿਨ 'ਚ ਤੈਨੂੰ ਗੁਰਬਾਣੀ ਦਿੰਦੀ ਹੈ, ਸਤਿਪੁਰਸ਼ ਦਿੰਦੇ ਨੇ, ਵੇਦ ਬਾਣੀ ਦਿੰਦੀ ਹੈ ਕਿ ਤੂੰ ਆਇਆ ਕੀ ਕਰਨ ਸੀ ਤੇ ਕਰ ਕੀ ਰਿਹਾ ਹੈਂ? ਹਜਾਰਾਂ ਹੀ ਉਲ੍ਹਾਮੇ ਰਾਤ ਨੂੰ ਮਿਲਦੇ ਨੇ, ਕਿਉਂ ਮਿਲਦੇ ਨੇ? ਕਿਉਂਕਿ –

*ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥*
*ਅੰਗ - 790*

ਕਰੰਗਾਂ ਤੇ ਆ ਕੇ ਬਹਿ ਗਿਆ। ਜਿਨ੍ਹਾਂ ਦੇ ਨੇਤਰ ਖੁਲ੍ਹੇ ਨੇ ਉਹਨਾਂ ਨੂੰ ਪਤਾ ਹੈ ਕਿ ਇਹ ਕਰੰਗ ਢੂੰਡਦਾ ਹੈ, ਕਿਤੇ ਈਰਖਾ ਦੇ, ਕਿਤੇ ਚੁਗਲੀਆਂ ਦੇ, ਕਿਤੇ ਈਰਖਾ ਦੇ, ਕਿਤੇ ਵਿਸ਼ਿਆਂ ਦੇ, ਕਿਤੇ ਕਾਮ ਦੇ, ਕਿਤੇ ਕ੍ਰੋਧ ਦੇ, ਕਿਤੇ ਲੋਭ ਦੇ, ਮੋਹ ਦੇ, ਰਾਜ ਦੇ, ਰੂਪ, ਜਾਤ, ਜੋਬਨ, ਸ਼ਬਦ, ਸਪਰਸ਼, ਰੂਪ, ਰਸ, ਗੰਧ। ਸਾਰੇ ਕਰੰਗ ਨੇ। ਇਨ੍ਹਾਂ ਦੇ ਉਤੇ ਘੁੰਮਦਾ ਹੈ ਮਨ, ਦਿਨ ਰਾਤ ਘੁੰਮਦਾ ਹੈ। ਫੇਰ ਉਲਾਂਭੇ ਮਿਲਣੇ ਹੀ ਨੇ, ਕਹਿੰਦੇ ਕੀ ਫਾਇਦਾ ਇਸ ਜੀਵਨ ਦਾ-

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥*
*ਅੰਗ - 790*

ਖਾ-ਖਾ ਕੇ ਮੋਟਾ ਹੋ ਗਿਆ। ਕਹਿੰਦੇ ਕੁਇੰਟਲ ਵਜ਼ਨ ਹੋ ਗਿਆ। ਛੇ ਫੁੱਟ ਮੈਂ ਉਚਾ ਹੋ ਗਿਆ। ਕਹਿੰਦੇ ਸੁਆਹ ਹੈ ਤੇਰਾ ਜੀਣਾ। ਕਿਸ ਕੰਮ ਦਾ ਹੈ ਜੀਣਾ।

*ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥*
*ਅੰਗ - 790*

ਜਿੰਨੇ ਪਿਆਰ ਕਰਨ ਵਾਲੇ ਨੇ, ਸੱਚੇ ਨਾਮ ਤੋਂ ਬਗੈਰ ਸਭ ਦੁਸ਼ਮਣ ਹੋ ਜਾਂਦੇ ਨੇ। ਸੋ ਇਸ ਕਰਕੇ ਮਹਾਰਾਜ ਕਹਿੰਦੇ ਪ੍ਰੇਮੀਆਂ! ਬਾਣੀ ਦੀ ਵਿਚਾਰ ਕਰ। ਜਦੋਂ ਤੂੰ ਬਾਣੀ ਦੀ ਵਿਚਾਰ ਕਰਕੇ ਮੰਨੇਗਾ, ਫੇਰ ਤੈਨੂੰ ਸਤਿਸੰਗ 'ਚ ਆਉਣਾ ਦਾ ਪੂਰਾ-ਪੂਰਾ ਫਲ ਪ੍ਰਾਪਤ ਹੋਏਗਾ। ਜਿਹੜਾ ਸੁਣਦਾ ਹੈ, ਸੁਣ ਕੇ ਮਨ ਵਿਚ ਮੰਨਦਾ ਹੈ, ਮੰਨਣ ਤੋਂ ਬਾਅਦ ਫੇਰ ਕਮਾਈ ਕਰਦਾ ਹੈ, ਫੇਰ ਜਦੋਂ ਚੀਜ਼ ਪ੍ਰਗਟ ਹੋ ਜਾਂਦੀ ਹੈ, ਕਮਾਈ ਕਰਦੇ, ਜਿਹਨੂੰ ਅਭਿਆਸ ਕਹਿੰਦੇ ਨੇ, ਫੇਰ ਬਾਣੀ ਦਾ ਫਲ ਪ੍ਰਾਪਤ ਹੁੰਦਾ ਹੈ।

*ਕਈ ਕੋਟਿਕ ਜਗ ਫਲਾ ਸੁਣ ਗਾਵਨਹਾਰੇ ਰਾਮ॥*
*ਅੰਗ - 546*

ਲੇਕਿਨ ਜਿਹੜਾ ਪ੍ਰਮੇਸ਼ਰ ਦਾ ਪਿਆਰ ਹੈ, ਨਾਮ ਦਾ ਪਿਆਰਾ ਹੈ, ਉਹ ਕੋਈ ਚੀਜ਼ ਨਹੀਂ ਮੰਗਦਾ ਕਿਉਂਕਿ ਇਹ ਬੰਧਨ ਨੇ ਸਾਰੇ। ਹੱਥਕੜੀਆਂ ਦੋਵੇਂ ਮਾੜੀਆਂ ਨੇ, ਚਾਹੇ ਸੋਨੇ ਦੀ ਹੱਥਕੜੀ ਹੈ, ਚਾਹੇ ਲੋਹੇ ਦੀ। ਜੇ ਨਰਕਾਂ ਨੂੰ ਜਾਂਦੇ ਹਾਂ ਤਾਂ ਵੀ ਬੰਨ੍ਹੇ ਹੋਏ ਹਾਂ, ਜੇ ਸਵਰਗ ਨੂੰ ਜਾਂਦੇ ਹਾਂ, ਉਹ ਵੀ ਟਾਈਮ ਕੱਟ ਕੇ ਫੇਰ ਇਥੇ ਹੀ ਆਉਣਾ ਪੈਂਦਾ ਹੈ, ਚਾਹੇ ਦੱਸ ਹਜ਼ਾਰ ਸਾਲ ਬਾਅਦ ਆਈਏ, ਚਾਹੇ ਪੰਜਾਹ ਹਜ਼ਾਰ ਸਾਲ ਬਾਅਦ ਆਈਏ, ਚਾਹੇ ਲੱਖ ਸਾਲ ਬਾਅਦ ਆਈਏ, ਛੁਟਕਾਰਾ ਤਾਂ ਹੋਇਆ ਨਾ ਨਾ, ਉਹ ਸੋਨੇ ਦੀ

ਬੇੜੀ ਹੈ। ਸੋ ਜਿਨ੍ਹਾਂ ਨੂੰ ਬੰਦਗੀ ਨਾਲ ਪਿਆਰ ਪੈ ਗਿਆ, ਆਤਮ ਗਿਆਨ ਹੋ ਗਿਆ, ਉਹ ਨੂੰ ਕੋਈ ਨਹੀਂ ਬੰਨ੍ਹਦਾ। ਸੰਤਾਂ ਨੂੰ ਪੁਛਿਆ ਕਿ ਜਿਹੜੇ ਤੁਸੀਂ ਨੇਕ ਕੰਮ ਕਰਦੇ ਹੋਂ, ਉਹ ਫੇਰ ਕਿੱਥੇ ਜਾਂਦੇ ਨੇ, ਕਰਮ ਤਾਂ ਸਭ ਨੂੰ ਭੋਗਣੇ ਪੈਂਦੇ ਨੇ। ਮਾੜਾ ਕੰਮ ਵੀ ਕੋਈ ਨਾ ਕੋਈ ਹੋ ਹੀ ਜਾਂਦਾ ਹੈ। ਕੋਈ ਪੈਰ ਥੱਲੇ ਆ ਕੇ ਮਰ ਗਿਆ, ਕੋਈ ਵੈਸੇ ਗੱਲ ਹੋ ਗਈ। ਉਹ ਕਹਿੰਦੇ, ਦੇਖੋ ਬਈ ਪ੍ਰੇਮੀਓ! ਪ੍ਰਮੇਸ਼ਰ ਨੇ ਦੋ ਪਹਿਰੇਦਾਰ ਲਾਏ ਹੋਏ ਨੇ ਜਿਹੜੇ ਹਰ ਵਕਤ ਸੰਤਾਂ ਨੂੰ ਸੁੱਚਾ ਰੱਖਦੇ ਨੇ। ਕਹਿੰਦੇ ਨਜ਼ਰ ਤਾਂ ਆਉਂਦੇ ਨਹੀਂ ਪਹਿਰੇਦਾਰ, ਤੁਸੀਂ ਇਕੱਲੇ ਹੀ ਘੁੰਮਦੇ ਹੋਂ ?ਗੜਵਾ ਵੀ ਤੁਹਾਡੇ ਹੱਥ 'ਚ ਹੁੰਦਾ ਹੈ, ਚਿੱਪੀ ਵੀ ਤੁਹਾਡੇ ਹੱਥ ਵਿਚ ਹੁੰਦੀ ਹੈ? ਤੁਹਾਡੇ ਨਾਲ ਕਿਹੜਾ ਪਹਿਰੇਦਾਰ ਹੈ? ਸੰਤਾਂ ਨਾਲ ਹਰੇਕ ਨਾਲ ਤਾਂ ਪਹਿਰੇਦਾਰ ਨਹੀਂ ਹੁੰਦਾ? ਕਹਿੰਦੇ ਨਹੀਂ ਹਰੇਕ ਨਾਲ ਪਹਿਰੇਦਾਰ ਹੁੰਦਾ ਹੈ? ਸਾਰੇ ਸੰਤਾਂ ਨਾਲ ਪਹਿਰੇਦਾਰ ਲੱਗੇ ਹੋਏ ਨੇ ਦੋ। ਇਕ ਉਹ ਨੇ ਜਿਹੜੇ ਉਨ੍ਹਾਂ ਦੇ ਸ਼ੁੱਭ ਕਰਮਾਂ ਨੂੰ ਲਈ ਜਾਂਦੇ ਨੇ। ਇਕ ਉਹ ਨੇ ਜਿਹੜੇ ਉਨ੍ਹਾਂ ਦੇ ਮਾੜੇ ਕਰਮਾਂ ਨੂੰ ਲਈ ਜਾਂਦੇ ਨੇ ਤੇ ਸੰਤ ਦੋਹਾਂ ਤੋਂ ਨਿਰਲੇਪ ਰਹਿੰਦੇ ਨੇ। ਕਹਿੰਦੇ ਉਹ ਕੌਣ ਹੋਏ? ਮਹਾਰਾਜ ਕਹਿੰਦੇ, ਜਿਹੜੇ ਸੇਵਾ ਕਰਦੇ ਨੇ, ਉਪਮਾ ਕਰਦੇ ਨੇ, ਉਹ ਸਾਰੇ ਸੰਤਾਂ ਦੇ ਪੁੰਨਾਂ ਨੂੰ ਲੈ ਜਾਂਦੇ ਨੇ, ਕਿਉਂਕਿ ਸੰਤਾਂ ਕੋਲ ਵਾਧੂ ਚੀਜ਼ ਪਈ ਹੈ, ਉਹ ਦੇ ਦਿੰਦੇ ਨੇ ਕਿ ਆਹ ਪੁੰਨਾਂ ਦਾ ਫਲ ਕਿਹਨੂੰ ਦੇਈਏ ?ਕਿਉਂਕਿ ਸੰਤਾਂ ਨੂੰ ਲੋੜ ਨਹੀਂ ਹੈ, ਸੰਤ ਸਵਰਗ ਵਿਚ ਨਹੀਂ ਜਾਇਆ ਕਰਦੇ। ਸੰਤਾਂ ਦਾ ਤਾਂ ਦੇਸ਼ ਹੀ ਹੋਰ ਹੈ। ਸੁਰਗ ਵਿਚ ਜਾਂਦੇ ਨੇ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਅੰਗ - 1414***

ਸਵਰਗ ਦੀ ਲੋੜ ਨਹੀਂ ਹੈ ਸੰਤਾਂ ਨੂੰ।

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥***
***ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥***
***ਅੰਗ - 969***

ਸੰਤ ਤਾਂ ਕਹਿੰਦੇ ਨੇ, ਪ੍ਰਮੇਸ਼ਰ ਦੀ ਕ੍ਰਿਪਾ ਦੇ ਨਾਲ ਨਰਕ ਸੁਰਗ ਗਲ 'ਚੋਂ ਉਤਰ ਗਏ। ਹੁਣ ਤਾਂ ਅਸੀਂ ਜਿਹਨੂੰ ਸੋ ਘਰ ਕਹਿੰਦੇ ਨੇ, ਨਿਜ ਘਰ ਕਹਿੰਦੇ, ਥਿਰ ਘਰ ਕਹਿੰਦੇ ਨੇ, ਉਹ ਸਾਡੇ ਥਾਂ ਹੈ। ਜਿਹੜੀ ਸਾਡੇ ਕੋਲ ਵਾਧੂ ਚੀਜ਼ ਹੈ ਉਹ ਅਸੀਂ ਵੰਡ ਦਿੰਦੇ ਹਾਂ। ਸੰਤ ਕਿੰਨਾ ਪੁੰਨ ਕਰਦੇ ਨੇ, ਦਿਨ ਰਾਤ ਉਨ੍ਹਾਂ ਦੇ ਕਰਮ ਪੁੰਨ ਦੇ ਹੁੰਦੇ ਨੇ। ਪਰ ਉਹ ਬਿਲਕੁਲ ਨਹੀਂ ਨੇੜੇ ਲੱਗਣ ਦਿੰਦੇ ਪੁੰਨਾਂ ਨੂੰ। ਵਾਧੂ ਬਾਹਰ ਰੱਖ ਦਿੰਦੇ ਨੇ ਕਿ ਜਿਹੜੇ ਸੇਵਾ ਕਰਨ ਵਾਲੇ ਨੇ, ਪਿਆਰ ਕਰਨ ਵਾਲੇ ਨੇ, ਇਹ ਲਈ ਜਾਣ, ਜਿੰਨਾ ਇਨ੍ਹਾਂ ਦਾ ਜੀਅ ਕਰਦਾ ਹੈ। ਸੋ ਅਸਲੀ ਚੀਜ਼ ਜਿਹੜੀ ਹੈ ਸੋ ਉਹ ਇਨ੍ਹਾਂ ਪੁੰਨਾਂ ਤੋਂ ਉਪਰ ਹੈ। ਸੋ ਮਹਾਰਾਜ ਫੁਰਮਾਨ ਕਹਿੰਦੇ ਨੇ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰ ਕਰੋ ਭਾਈ, ਬਾਣੀ ਨੂੰ ਮੰਨਣਾ ਸ਼ੁਰੂ ਕਰੋ। ਪਹਿਲਾਂ ਸੁਣੋ, ਫੇਰ ਮੰਨੋ। ਸੁਣਨਾ ਕੀ ਹੈ -

***ਧਾਰਨਾ - ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,***
***ਉਹਨੂੰ ਕਿਉਂ ਵਿਸਾਰੇ ਬੰਦਿਆ।***
***ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ***
***ਸੋ ਕਿਉ ਮਨਹੁ ਵਿਸਾਰੀਐ॥ ਅੰਗ - 920***

ਸਵਾਲ ਪੁਛਦੇ ਨੇ ਮਹਾਰਾਜ? ਬੜੇ ਪਿਆਰ ਦੇ ਨਾਲ ਪੁਛਦੇ ਨੇ। ਮਹਾਰਾਜ ਕਹਿੰਦੇ ਕਿਉਂ ਉਹਨੂੰ ਵਿਸਾਰਦਾ ਹੈ?

***ਮਨਹੁ ਕਿਉ ਵਿਸਾਰੀਐ ਏਵਡੁ ਦਾਤਾ***
***ਜਿ ਅਗਨਿ ਮਹਿ ਆਹਾਰੁ ਪਹੁਚਾਵਏ॥ ਅੰਗ - 920***

ਹੋਰ ਤਾਂ ਕੋਈ ਪਹੁੰਚਾ ਹੀ ਨਹੀਂ ਸੀ ਸਕਦਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਗੱਲ ਮਨ ਵਸਾ ਲੈ, ਉਹਨੂੰ ਭੁੱਲ ਨਾ ਤੂੰ ਪ੍ਰੇਮੀਆਂ!

***ਜਿਹ ਪ੍ਰਸਾਦਿ ਰੰਗ ਰਸ ਭੋਗ॥***
***ਨਾਨਕ ਸਦਾ ਧਿਆਈਐ ਧਿਆਵਨ ਜੋਗੁ॥***
***ਅੰਗ - 269***

ਕਿਉਂਕਿ ਉਹ ਧਿਆਵਨ ਜੋਗ ਹੈ। ਹੋਰ ਕੋਈ ਚੀਜ਼ ਧਿਆਵਨ ਜੋਗ ਨਹੀਂ ਹੈ, ਨਾ ਕੋਈ ਪੈਸਾ, ਨਾ ਕੋਈ ਪੁੱਤਰ ਨਾ ਧੀ, ਨਾ ਕੋਈ ਰਿਸ਼ਤੇਦਾਰ। ਕੋਈ ਚੀਜ਼ ਧਿਆਨ ਵਿਚ ਲਿਆਉਣ ਯੋਗ ਨਹੀਂ, ਜੇ ਧਿਆਨ ਵਿਚ ਲਿਆਉਣੀ ਹੈ ਤਾਂ ਉਸ ਪ੍ਰਮੇਸ਼ਰ ਨੂੰ ਲਿਆ। ਜੇ ਧਿਆਨ ਵਿਚ ਆ ਗਿਆ ਤਾਂ ਫੇਰ ਕੀ ਫਰਕ ਪਏਗਾ ?ਮਹਾਰਾਜ ਕਹਿੰਦੇ -

***ਏਕ ਚਿਤ ਜਿਹ ਏਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਇਕ ਛਿਨ, ਅੱਖ ਝਮਕਣ ਜਿੰਨਾ ਚਿਰ। ਕਾਲ ਦੀ ਫਾਸੀ ਜਿਹੜੀ ਹੈ ਗਲ ਵਿਚ ਪਈ ਹੋਈ, ਉਹ ਕੱਟ ਜਾਏਗੀ। ਫੇਰ ਉਹਨੂੰ ਕਿਉਂ ਨਾ ਧਿਆਵੇ, ਜਿਸ ਦੀ ਕ੍ਰਿਪਾ ਦੇ ਨਾਲ ਤੂੰ ਬੇਅੰਤ ਚੀਜ਼ਾਂ ਦੇ ਅਨੰਦ ਲੈਂਦਾ ਹੈ, ਸੁਆਦ ਲੈਂਦਾ ਹੈਂ, ਐਉਂ ਨਹੀਂ ਕਿ ਸਵੇਰੇ ਸਵੇਰੇ ਹੀ ਧਿਆ ਲਓ।

ਇਕ ਵਾਰੀ ਇਕ ਮਹਾਂਪੁਰਸ਼ ਸੀਗੇ। ਨਮਾਜ਼ ਪੜ੍ਹਦੇ ਸੀ ਉਹ। ਕਹਿਣ ਲੱਗੇ, ਨਾਸਤਕ, ਨਾਸਤਕ। ਜਿੰਨੇ ਨਮਾਜ਼ ਪੜ੍ਹਨ ਵਾਲੇ ਸੀ ਸਾਰੇ ਨਾਸਤਕ। ਆਪ ਵੀ ਮੁਸਲਮਾਨ ਸੀ, ਜਿਹੜੇ ਨਮਾਜ਼ ਨਹੀਂ ਪੜ੍ਹਦੇ ਕਹਿੰਦੇ ਆਸਤਕ। ਬੜੀ ਅਜੀਬ ਗੱਲ ਕਹਿ ਦਿਤੀ। ਬਾਦਸ਼ਾਹ ਦੇ ਪੇਸ਼ੀ ਹੋ ਗਈ। ਬਾਦਸ਼ਾਹ ਕਹਿੰਦਾ, ਤੁਸੀਂ ਕੁਫਰ ਦੀ ਗੱਲ ਕਰਦੇ ਓਂ। ਕਹਿੰਦੇ, ਅਸੀਂ ਕੁਫਰ ਦੀ ਗੱਲ ਨਹੀਂ ਕਰਦੇ, ਅਸੀਂ ਗੱਲ ਸਤਿ ਦੀ ਕਰਦੇ ਹਾਂ।

ਕਹਿੰਦਾ ਕਿਸ ਤਰ੍ਹਾਂ?

ਮਹਾਂਪੁਰਸ਼ਾਂ ਨੇ ਕਿਹਾ, ਤੁਹਾਡੇ ਕਿੰਨੇ ਲੜਕੇ ਨੇ?

ਕਹਿੰਦੇ, ਮੇਰੇ ਦੋ ਲੜਕੇ ਨੇ।

ਕਹਿੰਦੇ, ਕਿੱਥੇ ਨੇ?

ਕਹਿੰਦਾ, ਇਕ ਤਾਂ ਪ੍ਰਦੇਸ ਗਿਆ ਹੋਇਆ ਹੈ, ਬਹੁਤ ਦੇਰ ਤੋਂ। ਦੂਜਾ ਮੇਰੇ ਸਾਮ੍ਹਣੇ ਖੇਲ੍ਹਦਾ ਫਿਰਦਾ ਹੈ।

ਮਹਾਤਮਾ ਨੇ ਪੁਛਿਆ, ਕਿ ਐਉਂ ਦੱਸ ਕਿ ਜਿਹੜਾ ਪਰਦੇਸ ਗਿਆ ਹੈ, ਉਹਨੂੰ ਕਿੰਨੀ ਵਾਰੀ ਤੂੰ ਦਿਨ ਵਿਚ ਯਾਦ ਕਰਦਾ ਹੈਂ?

ਕਹਿੰਦਾ, ਸੰਤ ਜੀ ਕਈ ਵਾਰੀ ਤਾਂ ਹਫਤਾ ਭਰ ਯਾਦ ਨਹੀਂ ਆਉਂਦਾ। ਕਈ ਵਾਰੀ ਮਹੀਨਾ ਨਹੀਂ ਯਾਦ ਆਉਂਦਾ। ਕਿਤੇ ਕਿਤੇ ਯਾਦ ਆਉਂਦਾ ਹੈ।

ਕਹਿੰਦੇ ਜਿਹੜਾ ਆਹ ਨੇੜੇ ਫਿਰਦਾ ਹੈ, ਇਹਨੂੰ ਕਿੰਨਾ ਕੁ ਯਾਦ ਕਰਦਾ ਹੈਂ?

ਰਾਜੇ ਨੇ ਕਿਹਾ, ਕਿ ਜੇ ਇਹ ਤਾਂ ਅੱਖਾਂ ਤੋਂ ਓਹਲੇ ਹੋ ਜਾਵੇ ਨਾ, ਤਾਂ ਜਾਨ ਨਿਕਲਣ ਵਾਲੀ ਹੋ ਜਾਂਦੀ ਹੈ। ਇਹ ਸਦਾ ਧਿਆਨ ਵਿਚ ਰਹਿੰਦਾ ਹੈ ਮੇਰੇ। ਖੇਲ੍ਹਦਾ, ਆਉਂਦਾ ਜਾਂਦਾ, ਫਿਰਦਾ ਇਥੇ, ਲਾਡ ਚਾਅ ਮਲ੍ਹਾਰ ਕਰਦਾ ਮੇਰੀ ਨਿਗ੍ਹਾ 'ਚ ਰਹਿੰਦਾ ਹੈ।

ਫੇਰ ਕਹਿੰਦੇ ਜਿਹੜੇ ਪੰਜ ਵਾਰੀ ਨਮਾਜ਼ ਪੜ੍ਹਦੇ ਨੇ, ਪੰਜ ਵਾਰੀ ਰੱਬ ਨੂੰ ਯਾਦ ਕਰਦੇ ਨੇ। ਜਿਹੜੇ ਨਮਾਜ਼ ਨਹੀਂ ਪੜ੍ਹਦੇ, ਹਰ ਵਕਤ ਯਾਦ ਰਖਦੇ ਨੇ? ਉਹ ਰੱਬ ਨੂੰ ਪ੍ਰਵਾਨ ਹੋਏ ਕਿ ਪੰਜ ਵਾਰੀ ਵਾਲੇ ਹੋਏ।

ਸੋ ਮਹਾਰਾਜ ਕਹਿੰਦੇ, ਐਉਂ ਨਾ ਖਹਿੜਾ ਛੁਡਾਓ ਕਿ ਜੀ ਅਸੀਂ ਅੰਮ੍ਰਿਤ ਵੇਲੇ ਘੰਟਾ ਨਾਮ ਜਪ ਲਿਆ। ਐਸ ਤਰ੍ਹਾਂ ਨਾਲ ਆਪਣਾ ਪੈਂਡਾ ਛੁਡਾਓ। ਕਹਿੰਦੇ ਇਹ ਤਾਂ -

***ਜਿਹ ਪ੍ਰਸਾਦਿ ਰੰਗ ਰਸ ਭੋਗ॥***
***ਨਾਨਕ ਸਦਾ ਧਿਆਈਐ ਧਿਆਵਨ ਜੋਗੁ॥***
***ਅੰਗ - 269***

ਦਿਨ ਵੀ ਰਾਤ ਵੀ, ਕੰਮ ਕਰਦਾ ਵੀ। ਕਿਉਂਕਿ ਉਹ ਧਿਆਨ ਵਿਚ ਰੱਖਣ ਦੇ ਯੋਗ ਹੈ, ਹੋਰ ਕੋਈ ਚੀਜ਼ ਨਹੀਂ ਹੈ। ਕਿਸੇ ਬੰਦੇ ਦੇ ਲੱਖ ਰੁਪਿਆ ਜੇਬ ਵਿਚ ਪਾਇਆ ਹੋਵੇ, ਮੇਲੇ ਵਿਚ ਜਾਂਦਾ ਹੋਵੇ। ਉਹ ਮੇਲਾ ਦੇਖੀ ਜਾਵੇ, ਕੁਛ ਦੇਖੀ ਜਾਵੇ। ਉਹ ਹੱਥ ਰੁਪਈਏ ਤੇ ਰਹੇਗਾ ਕਿ ਕਿਤੇ ਜੇਬ ਨਾ ਕੱਟੀ ਜਾਵੇ, ਕੱਢ ਨਾ ਲਏ ਕੋਈ ਪੈਸੇ। ਕਿਉਂਕਿ ਉਹਦੇ ਧਿਆਨ ਵਿਚ ਉਹ ਚੀਜ਼ ਵਸੀ ਹੋਈ ਹੈ, ਉਹਨੂੰ ਯਾਦ ਹੀ ਰੱਖੇਗਾ। ਉਹਦਾ ਸਾਰਾ ਸਮਾਂ ਉਸ ਧਨ ਨੂੰ ਯਾਦ ਰੱਖਣ ਵਿਚ ਲੰਘ ਜਾਏਗਾ। ਜੇ ਭੁੱਲ ਜਾਵੇ, ਕਿਤੇ ਪਾਣੀ ਦਾ ਗਿਲਾਸ ਪੀਤਾ, ਕਹੇ ਮੇਰੇ ਕੋਲ ਤਾਂ ਪੈਸੇ ਹੀ ਨਹੀਂ, ਨਾਲ ਦੇ ਤੋਂ ਮੰਗੇ। ਉਹ ਕਹੇਗਾ ਤੇਰੇ ਕੋਲ ਤਾਂ ਲੱਖ ਰੁਪਿਆ ਸੀ। ਕਹਿੰਦਾ ਮੈਂ ਤਾਂ ਭੁੱਲ ਗਿਆ ਸੀ।

ਸੋ ਵਾਹਿਗੁਰੂ ਜੀ ਜੋ ਨੇ ਉਹ ਸਦਾ ਧਿਆਵਣ ਯੋਗ ਨੇ। ਕਿਉਂਕਿ ਉਹਨੇ ਸਾਡੇ ਉਤੇ ਬਹੁਤ ਕ੍ਰਿਪਾ ਕੀਤੀ ਹੋਈ ਹੈ। ਮਹਾਰਾਜ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਿਹਦੀ ਕ੍ਰਿਪਾ ਨਾਲ ਮਾਨਸ ਦੇਹੀ ਮਿਲਦੀ ਹੈ,***
***ਉਹਨੂੰ ਕਾਹਨੂੰ ਭੁੱਲਿਐਂ ਬੰਦਿਆ।***
***ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥***
***ਲਿਵ ਲਾਵਹੁ ਤਿਸੁ ਰਾਮ ਸਨੇਹੀ॥***
***ਜਿਹ ਪ੍ਰਸਾਦਿ ਤੇਰਾ ਓਲਾ ਰਹਤ॥***
***ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ॥***
***ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ॥***
***ਮਨ ਸਰਨੀ ਪਰੁ ਠਾਕੁਰ ਪ੍ਰਭ ਤਾਕੈ॥ ਅੰਗ - 270***

ਬਾਰ-ਬਾਰ ਮਹਾਰਾਜ ਯਾਦ ਕਰਾਉਂਦੇ ਨੇ ਭੁੱਲੇ ਹੋਏ ਬੰਦੇ ਨੂੰ ਕਿ ਜੇ ਤੂੰ ਆਹ ਗੱਲ ਨਹੀਂ ਮੰਨਦਾ ਤਾਂ ਆਹ ਮੰਨ ਲੈ। ਉਹ ਜਿਹੜਾ ਪਿਆਰ ਕਰਨ ਵਾਲਾ ਰਾਮ ਹੈ ਨਾ ਉਹਦੇ ਨਾਲ ਲਿਵ ਲਾ ਲੈ। ਬੇਅੰਤ ਤੂੰ ਮਾੜੇ ਕੰਮ ਕਰੇ ਨੇ, ਤੇਰਾ ਪੜਦਾ ਰੱਖਦਾ ਹੈ ਉਹ। ਪੜਦਾ ਰੱਖਣ ਵਾਲੇ ਨੂੰ ਵੀ ਤੂੰ ਭੁੱਲ ਗਿਆ। ਹਰੀ ਦਾ ਜਸ ਕਰਕੇ ਤੈਨੂੰ ਸੁੱਖ ਦੀ ਪ੍ਰਾਪਤੀ ਹੋਵੇਗੀ, ਬੇਅੰਤ ਕਮਜ਼ੋਰੀਆਂ ਆਦਮੀ ਵਿਚ ਨੇ ਜਿਹੜੀਆਂ, ਸੰਸਾਰ ਤੇ ਪ੍ਰਗਟ ਨਹੀਂ ਹੁੰਦੀਆਂ, ਨਾਲ ਹੀ ਲੈ ਜਾਂਦਾ ਹੈ। ਉਥੇ ਤਾਂ ਪ੍ਰਗਟ ਹੋ ਜਾਂਦੀਆਂ ਨੇ ਕਿ ਉਥੇ ਨਗਨ ਜਾਂਦਾ ਹੈ -

***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥ ਅੰਗ - 471***

ਠੱਪੇ ਲੱਗੇ ਹੁੰਦੇ ਨੇ ਮਾੜੇ ਕੰਮਾਂ ਦੇ, ਜੋ ਨਾਲ ਲੈ ਕੇ ਜਾਂਦਾ ਹੈ। ਫੇਰ ਆਪੇ ਹੀ ਸ਼ਰਮਿੰਦਾ ਹੁੰਦਾ ਹੈ, ਦੇਖ-ਦੇਖ ਕੇ। ਲੇਕਿਨ ਇਥੇ ਤਾਂ ਪ੍ਰਮੇਸ਼ਰ ਨੇ ਢਕ ਦਿਤੇ ਨਾ। ਮਹਾਰਾਜ ਕਹਿੰਦੇ ਉਹਦੀ ਸ਼ਰਨੀ ਪੈ ਜਾ। ਕਿੰਨਾ ਹੀ ਸਮਝਾ ਲਓ, ਜਿਸ ਨੇ ਨਹੀਂ ਸਮਝਣਾ, ਨਹੀਂ ਸਮਝਣਾ। ਉਹ ਤਾਂ ਆਉਂਦਾ ਹੀ ਨਹੀਂ ਏਸ ਪਾਸੇ। ਉਨ੍ਹਾਂ ਨੂੰ ਮਹਾਰਾਜ ਨੇ, ਜਿਹੜੇ ਵਾਹਿਗੁਰੂ 'ਚ ਵਿਸ਼ਵਾਸ਼ ਨਹੀਂ ਰੱਖਦੇ। ਉਹ ਬੇਮੁਖ ਪੁਰਸ਼ ਨੇ, ਉਨ੍ਹਾਂ ਦਾ ਮੁਖ ਪ੍ਰਮੇਸ਼ਰ ਵਲ ਨਹੀਂ ਹੈ। ਪਿੱਠ ਹੈ ਪ੍ਰਮੇਸ਼ਰ ਵਲ। ਉਨ੍ਹਾਂ ਨੂੰ ਨਾਸਤਕ ਵੀ ਕਿਹਾ ਜਾਂਦਾ ਹੈ, ਕਾਫਰ ਵੀ ਕਿਹਾ ਜਾਂਦਾ ਹੈ, ਬੇਅੰਤ ਅੱਖਰ ਨੇ। ਕਿਉਂਕਿ ਉਹ ਰੱਬ ਦੀ ਹਸਤੀ 'ਚ ਯਕੀਨ ਨਹੀਂ ਕਰਦੇ। ਉਨ੍ਹਾਂ ਨੂੰ ਤਾਂ ਮਹਾਰਾਜ ਨੇ ਕਿਹਾ ਹੈ ਕਿ ਉਹ ਤਾਂ ਅੰਨ੍ਹੇ ਨੇ। ਪਰ ਉਨ੍ਹਾਂ ਦਾ ਵਾਹ ਜਦੋਂ ਪ੍ਰਮੇਸ਼ਰ ਦੇ ਪਿਆਰਿਆਂ ਨਾਲ ਪੈ ਜਾਵੇ, ਫੇਰ ਮੁਸ਼ਕਲ ਹੁੰਦਾ ਹੈ। ਦੋਹਾਂ ਨੂੰ ਇਕੱਠੇ ਰਹਿਣਾ ਪੈ ਜਾਵੇ, ਉਹਦਾ ਨਿਸ਼ਚਾ ਹੋਰ, ਉਹਦਾ ਹੋਰ।

ਗੁਰ ਇਤਿਹਾਸ ਵਿਚ ਇਕ ਐਸਾ ਜ਼ਿਕਰ ਆਉਂਦਾ ਹੈ ਕਿ ਇਕ ਪੱਟੀ ਦਾ ਹਾਕਮ ਜੋ ਸੀ। ਜਿਸਦਾ ਨਾਮ

ਦੁਨੀਚੰਦ ਸੀ। ਉਹ ਹਾਕਮ ਵੀ ਸੀ ਤੇ ਨਾਲ ਉਹ ਵਪਾਰ ਵੀ ਕਰਦਾ ਸੀ। ਵਣ-ਵਿਆਜ ਦਾ ਕੰਮ ਕਰਦਾ ਸੀ। ਦੂਹਰਾ ਪੈਸਾ ਕਮਾਉਂਦਾ ਸੀ ਤੇ ਬੇਈਮਾਨ ਬਹੁਤ ਸੀ। ਪੰਜ ਰੁਪਏ ਦੇ ਕੇ ਪੰਜਾਹ ਵਸੂਲਿਆ ਕਰਦਾ ਸੀ। ਪੰਜਾਹ ਦੇ ਕੇ ਪੰਜ ਸੌ ਵਸੂਲਿਆ ਕਰਦਾ ਸੀ। ਹਕੂਮਤ ਹੱਥ ਵਿਚ ਸੀ ਤੇ ਜਬਰਦਸਤੀ ਵਸੂਲਿਆ ਕਰਦਾ ਸੀ। ਇਸੇ ਹੀ ਘਰ ਦੇ ਵਿਚ ਇਕ ਪ੍ਰਮੇਸ਼ਰ ਦੀ ਬੱਚੀ ਪੈਦਾ ਹੋ ਗਈ ਜਿਵੇਂ ਕਲਰ ਵਿਚ ਕਦੇ ਕਮਲ ਨਹੀਂ ਪੈਦਾ ਹੁੰਦੇ। ਲੇਕਿਨ ਏਸ ਘਰ ਦੇ ਵਿਚ ਐਸਾ ਵਾਹਿਗੁਰੂ ਦਾ ਕਰਿਸ਼ਮਾ ਹੋਇਆ ਕਿ ਇਕ ਲੜਕੀ ਪੈਦਾ ਹੋਈ, ਜਿਸਦਾ ਨਾਮ ਇਨ੍ਹਾਂ ਨੇ ਰਜਨੀ ਰੱਖਿਆ। ਬਚਪਨ ਤੋਂ ਹੀ ਇਹਦਾ ਵਾਹਿਗੁਰੂ ਵਲ ਖਿਆਲ ਸੀ। ਬੀਬੀਆਂ ਇਸਨੂੰ ਮਿਲਦੀਆਂ ਸੀ, ਗੁਰੂ ਮਹਾਰਾਜ ਦੀ ਸਿੱਖੀ ਜਿਨ੍ਹਾਂ ਨੇ ਧਾਰਨ ਕੀਤੀ ਹੋਈ ਸੀ ਤੇ ਉਹ ਇਸ ਬੱਚੀ ਨੂੰ ਲਾਡ-ਲਾਡ ਵਿਚ ਹੀ ਪ੍ਰਮੇਸ਼ਰ ਦੀ ਗੱਲ ਸੁਣਾ ਜਾਂਦੀਆਂ ਸੀ। ਇਹਦਾ ਨਿਹਚਾ ਬੱਝ ਗਿਆ। ਲੇਕਿਨ ਇਹਦਾ ਜਿਹੜਾ ਪਿਤਾ ਸੀ, ਉਹ ਲਭ ਦੇ ਵਿਚ, ਲੋਭ ਦੇ ਵਿਚ, ਹੰਕਾਰ ਦੇ ਵਿਚ, ਹਰ ਵਕਤ ਰਹਿੰਦਾ ਸੀ। ਜੇ ਉਸ ਨੂੰ ਕਿਸੇ ਮਹਾਂਪੁਰਸ਼ ਨੇ ਪ੍ਰਮੇਸ਼ਰ ਦੀ ਗੱਲ ਕਰਨੀ ਜਾਂ ਕਿਸੇ ਨੇ ਕਰਨੀ ਤਾਂ ਇਸ ਨੇ ਕਹਿਣਾ ਕਿ ਇਹਨੂੰ ਕੱਢ ਦਿਓ। ਮੈਂ ਨਹੀਂ ਇਹੋ ਜਿਹੀਆਂ ਗੱਲਾਂ ਸੁਣਨਾ ਚਾਹੁੰਦਾ। ਜੇ ਕਿਸੇ ਨੌਕਰ ਨੇ ਕਹਿ ਦੇਣਾ ਕਿ ਮਹਾਰਾਜ ਦੀ ਕ੍ਰਿਪਾ ਹੈ ਜੀ, ਉਸੇ ਵੇਲੇ ਨੌਕਰੀ ਤੋਂ ਖਾਰਜ ਕਰ ਦੇਣਾ। ਯਾਨਿ ਪੂਰਾ ਦੂਸਰਾ ਹਰਣਾਖਸ ਸੀ ਉਹ। ਰੱਬ ਦੇ ਵਿਚ ਯਕੀਨ ਨਾ ਹੋਣਾ, ਇਹ ਗੱਲ ਵੱਖਰੀ ਹੈ, ਪਰ ਜਿਨ੍ਹਾਂ ਦਾ ਯਕੀਨ ਹੈ ਉਨ੍ਹਾਂ ਨਾਲ ਵੈਰ ਕਰਨਾ, ਹੱਦ ਪਾਰ ਕਰ ਜਾਣੀ ਨੌਕਰੀਆਂ ਤੋਂ ਕੱਢ ਦੇਣਾ, ਜ਼ਮੀਨਾਂ ਖੋਹ ਲੈਣੀਆਂ। ਉਹ ਬੰਦਾ ਤਾਂ ਬਹੁਤ ਹੀ ਮਾੜਾ ਹੈ। ਐਸ ਤਰ੍ਹਾਂ ਫੁਰਮਾਨ ਹੈ-

***ਧਾਰਨਾ - ਜਿਸੁ ਲਭ ਲੋਭ ਅਹੰਕਾਰ,***
***ਮਨਮੁਖ ਮੂਲੋਂ ਭੁੱਲਿਆ।***

ਮਹਾਰਾਜ ਫੁਰਮਾਨ ਕਰਦੇ ਨੇ ਕਿ ਮਨ ਦੇ ਪਿੱਛੇ ਜੋ ਲੱਗਣ ਵਾਲਾ ਬੰਦਾ ਹੈ। ਮਹਾਰਾਜ ਕਹਿੰਦੇ ਉਹ ਮੁੱਢ ਤੋਂ ਹੀ ਭੁੱਲਿਆ ਹੋਇਆ ਹੈ। ਜੜ੍ਹ ਤੋਂ ਭੁੱਲਿਆ ਹੋਇਆ ਹੈ, ਉਹਦਾ ਜੀਵਨ ਇਸ ਕਰਕੇ ਦੂਸਰੇ ਨਾਲੋਂ ਵੱਖਰਾ ਹੋਇਆ ਕਰਦਾ ਹੈ। ਉਹਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ।

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ॥ ਅੰਗ - 1073***

18 ਨਰਕ ਕਹਿੰਦੇ ਨੇ, ਕਈ 82 ਕਹਿੰਦੇ ਨੇ, ਮਹਾਰਾਜ ਕਹਿੰਦੇ ਗਿਣਤੀ 'ਚ ਨਾ ਪਓ, ਜਿੰਨੇ ਨਰਕ ਨੇ ਇਹਨੂੰ ਸਾਰੇ ਭੋਗਣੇ ਪੈਣੇ ਨੇ, ਮਨ ਦੇ ਪਿਛੇ ਲੱਗਣ ਵਾਲੇ ਨੂੰ। ਗੁਰੂ ਨੂੰ ਕੋਈ ਲੇਪ ਨਹੀਂ ਹੈ।

ਜ਼ਿੰਦਗੀ ਸਾਰੀ ਉਹਦੀ ਝਗੜਿਆਂ 'ਚ ਗੁਜ਼ਰ ਜਾਂਦੀ ਹੈ। ਨਾ ਬਾਹਰਲੇ ਸ਼ਬਦ ਦੀ ਵਿਚਾਰ ਕਰਦਾ, ਨਾ ਅੰਦਰਲੇ ਦੀ ਕਰਦਾ ਹੈ। ਅੰਦਰਲਾ ਸ਼ਬਦ ਤਾਂ ਉਹਨੂੰ ਪ੍ਰਾਪਤ ਹੀ ਨਹੀਂ ਨਾ ਹੁੰਦਾ। ਸੁਣ ਤਾਂ ਲੈਂਦਾ ਹੈ ਕੰਨਾਂ ਨਾਲ, ਮਨਮੁਖ ਵੀ ਸੁਣਦਾ ਹੈ, ਬੇਮੁਖ ਵੀ ਸੁਣਦਾ ਹੈ। ਮਹਾਰਾਜ ਕਹਿੰਦੇ ਪਰ ਉਹਦੀ ਵਿਚਾਰ ਨਹੀਂ ਕਰਦਾ, ਇਕ ਵਿਚਾਰ ਸੁਣੀ ਹੈ ਉਹਨੇ। ਜਦ ਵਿਚਾਰ ਨਹੀਂ ਕਰੀ, ਫੇਰ ਉਹਦਾ ਫਾਇਦਾ ਕੋਈ ਨਹੀਂ। ਸ਼ਬਦ ਹੋਇਆ ਕਿ ਫਲਾਣੇ ਥਾਉਂ ਤੇ ਦੱਸ ਲੱਖ ਰੁਪਿਆ ਪਿਆ ਹੈ। ਇਕ ਨੇ ਵਿਚਾਰ ਕਰ ਲਈ ਕਿ ਉਹ ਥਾਂ ਕਿੱਥੇ ਕੁ ਹੈ ਦੱਸੋ? ਨਾਲ ਦੇ ਨੇ ਦੱਸ ਦਿਤਾ ਫਲਾਣੇ ਥਾਂ ਤੇ ਹੈ। ਉਹਨੇ ਵਿਚਾਰ ਕਰ ਲਈ ਤੇ ਤੁਰ ਗਿਆ ਤੇ ਚੀਜ਼ ਦੀ ਪ੍ਰਾਪਤੀ ਹੋ ਗਈ। ਇਕ ਨੇ ਸੁਣ ਲਿਆ, ਸੁਣ ਕੇ ਵਿਚਾਰ ਨਹੀਂ ਕੀਤੀ, ਉਹਦਾ ਸੁਣਿਆ ਹੋਇਆ ਕਿਸੇ ਕੰਮ ਨਾ ਆਇਆ। ਮਹਾਰਾਜ ਕਹਿੰਦੇ, ਜਿਹੜਾ ਮਨ ਦੇ ਪਿੱਛੇ ਲਗਦਾ ਹੈ, ਇਹ ਸ਼ਬਦ ਦੀ ਵਿਚਾਰ ਨਹੀਂ ਕਰਦਾ। ਕਿਉਂ ਨਹੀਂ ਵਿਚਾਰ ਕਰਦਾ, ਮਹਾਰਾਜ ਕਹਿੰਦੇ, ਵਾਹਿਗੁਰੂ ਨੇ ਉਹਦੀ ਬੁੱਧੀ ਖੋਹ ਲਈ।

***ਝਗੜਾ ਕਰਦਿਆ ਅਨਦਿਨੁ ਗੁਜਰੈ***
***ਸਬਦਿ ਨ ਕਰਹਿ ਵੀਚਾਰੁ॥***
***ਸੁਧਿ ਮਤਿ ਕਰਤੈ ਸਭਿ ਹਿਰਿ ਲਈ***
***ਬੋਲਨਿ ਸਭੁ ਵਿਕਾਰੁ॥***
***ਦਿਤੈ ਕਿਤੈ ਨ ਸੰਤੋਖੀਅਹਿ***
***ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥***
***ਨਾਨਕ ਮਨਮੁਖਾ ਨਾਲੋ ਤੁਟੀ ਭਲੀ***
***ਜਿਨ ਮਾਇਆ ਮੋਹੁ ਪਿਆਰੁ॥ ਅੰਗ - 316***

ਜਿੰਨਾ ਬੋਲਦਾ ਹੈ ਸਭ ਬੇਕਾਰ ਹੋ ਗਿਆ, ਕਿਸੇ ਲੇਖੇ 'ਚ ਨਹੀਂ ਆਉਂਦਾ। ਵਾਹਿਗੁਰੂ ਬੇਅੰਤ ਚੀਜ਼ਾਂ ਦਿੰਦਾ ਹੈ, ਉਹਦਾ ਲਿਹਾਜ਼ ਕੋਈ ਨਹੀਂ ਕਰਦਾ। ਵਾਹਿਗੁਰੂ ਦ੍ਵੈਤ ਕਿਸੇ ਨਾਲ ਕਰਦਾ ਹੀ ਨਹੀਂ। ਮਨਮੁਖ ਦੇ ਘਰ ਵੀ ਪੁੱਤਰ ਨੇ, ਬੇਮੁਖ ਦੇ ਵੀ ਨੇ। ਉਹਦੇ ਵੀ ਦੌਲਤ ਹੋ ਜਾਂਦੀ ਹੈ, ਉਹਦੇ ਵੀ, ਉਹਨੂੰ ਸੋਹਣਾ ਸਰੀਰ ਮਿਲ ਜਾਂਦਾ ਹੈ, ਤੇ ਦੂਸਰੇ ਨੂੰ ਵੀ। ਇਕ ਤਾਂ ਉਹ ਨੇ ਜਿਨ੍ਹਾਂ ਦੇ ਮਨ ਵਿਚ ਸੰਤੋਖ ਆ ਜਾਂਦਾ ਹੈ। ਵਾਹਿਗੁਰੂ ਦਾ ਸ਼ੁਕਰ ਕਰਦੇ ਨੇ, ਇਕ ਉਹ ਨੇ ਜਿਨ੍ਹਾਂ ਦੇ ਮਨ ਵਿਚ ਸੰਤੋਖ ਹੀ ਨਹੀਂ ਆਉਂਦਾ। ਅੱਗੇ ਹੀ ਅੱਗੇ ਵਧਦਾ ਹੈ, ਮਹਾਰਾਜ ਕਹਿੰਦੇ ਜਿਹੜਾ ਮਨਮੁਖ ਹੁੰਦਾ ਹੈ।

***'ਚਲਦਾ'***

« « « « « « « «

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ।***

ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਤੋਂ ਬੈਠ ਕੇ ਆਪ ਹਰੀ ਦਾ ਜਸ ਸ੍ਰਵਣ ਕਰ ਰਹੇ ਸੀ। ਜਿਸ ਸਬੰਧ ਵਿਚ ਕੀਰਤਨ ਸਮਾਗਮ ਹੋਏ ਨੇ, ਉਹੀ ਅਰਦਾਸ ਹੋਈ ਹੈ, ਆਪ ਸਾਰੇ ਅਰਦਾਸ ਵਿਚ ਸ਼ਾਮਿਲ ਹੋਏ ਓਂ ਤੇ ਮਹਾਰਾਜ ਜੀ ਨੇ ਆਪਣਾ ਹੁਕਮਨਾਮਾ ਸਾਨੂੰ ਬਖਸ਼ ਕੇ ਰਸਤਾ ਦਿਖਾਇਆ ਹੈ। ਮਹਾਰਾਜ ਜੀ ਨੇ ਜੋ ਬਚਨ ਕੀਤੇ ਹਨ ਉਨ੍ਹਾਂ ਦੇ ਅੰਦਰ ਇਕ ਸੋਝੀ ਪ੍ਰਾਪਤ ਹੁੰਦੀ ਹੈ ਕਿ ਆਦਮੀ ਜਿੰਨਾਂ ਚਿਰ ਸੰਸਾਰ 'ਚ ਰਹਿੰਦਾ ਹੈ ਓਨੀਂ ਦੇਰ ਤੱਕ ਇਸਦੇ ਬਹੁਤ ਸਾਰੇ ਕਾਰਜ, ਅਨੇਕਾਂ ਰੂਪਾਂ ਦੇ ਵਿਚ ਇਹਦੇ ਸਾਮ੍ਹਣੇ ਆਉਂਦੇ ਰਹਿੰਦੇ ਹਨ। ਕੋਈ ਬੱਚਾ ਪੜ੍ਹਨ ਲਗਦਾ ਹੈ ਇਹ ਵੀ ਕਾਰਜ ਹੈ, ਕੋਈ ਵਿਆਹ ਸ਼ਾਦੀ ਹੁੰਦੀ ਹੈ ਇਹ ਵੀ ਕਾਰਜ ਹੈ, ਕੋਈ ਵਣਜ ਵਪਾਰ ਕਰਦਾ ਹੈ ਇਹ ਵੀ ਕਾਰਜ ਹੈ, ਕੋਈ ਨੌਕਰੀ ਚਾਕਰੀ ਕਰਦਾ ਹੈ ਇਹ ਵੀ ਓਹਦਾ ਕਾਰਜ ਹੈ। ਸੋ ਐਸੇ ਤਰ੍ਹਾਂ ਬੇਅੰਤ ਕਾਰਜ ਆਦਮੀ ਦੇ ਸਾਮ੍ਹਣੇ ਹਰ ਵਕਤ ਆਉਂਦੇ ਰਹਿੰਦੇ ਨੇ। ਕੋਈ ਸਮਾਂ ਐਸਾ ਨਹੀਂ ਹੁੰਦਾ ਜਦ ਇਸ ਨੂੰ ਕਿਸੇ ਨਾ ਕਿਸੇ ਕਾਰਜ ਨਾਲ ਵਾਹ ਨਾ ਪਿਆ ਹੋਵੇ, ਜਿਹਦੇ ਵਿਚੋਂ ਕੁਛ routine ਦੇ ਹੁੰਦੇ ਹਨ ਕੁਛ ਖਾਸ ਹੁੰਦੇ ਨੇ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮਨ ਵਿਚ ਕਾਮਨਾ ਹਰੇਕ ਦੇ ਹੁੰਦੀ ਹੈ ਕਿ ਮੇਰਾ ਕਾਰਜ ਸਫਲ ਹੋਵੇ। ਜੇ ਸਫਰ ਵਿਚ ਜਾਂਦਾ ਹੈ ਤਾਂ ਵੀ ਅਰਦਾਸ ਹੁੰਦੀ ਹੈ ਕਿ ਮਹਾਰਾਜ ਜੀ ਸੁੱਖ-ਸਾਂਦ ਨਾਲ ਘਰ ਆ ਜਾਈਏ, ਤੇ ਕਾਰਜ ਸਫਲ ਹੋ ਜਾਵੇ। ਸੋ ਏਸ ਤਰ੍ਹਾਂ ਦੇ ਨਾਲ ਕਾਰਜ ਦੀ ਸਫਲਤਾ ਦੇ ਵਾਸਤੇ ਅਸੀਂ ਬਹੁਤ ਸਾਰੇ ਸਾਧਨ ਕਰਦੇ ਹਾਂ। ਕੋਈ ਪੁੰਨ ਦਾਨ ਕਰਦੇ ਹਨ, ਕੋਈ ਜੋਤਸ਼ੀਆਂ ਦੇ ਕੋਲ ਜਾਂਦੇ ਨੇ, ਉਨ੍ਹਾਂ ਤੋਂ ਸ਼ੁਭ ਦਿਹਾੜਾ ਕਢਾਉਂਦੇ ਹਾਂ ਫੇਰ ਉਨ੍ਹਾਂ ਤੋਂ ਪੁਛਦੇ ਹਾਂ ਕਿ ਕਿਸ ਤਰੀਕੇ ਨਾਲ ਕਾਰਜ ਕੀਤਾ ਜਾਵੇ। ਸਫਰ ਕਰਦੇ ਹਾਂ, ਜੋਤਸ਼ੀਆਂ ਕੋਲ ਜਾਂਦੇ ਹਾਂ ਉਨ੍ਹਾਂ ਤੋਂ ਪੁਛਦੇ ਹਾਂ ਕਿ ਮੈਂ ਪੂਰਬ ਨੂੰ ਜਾਣਾ ਹੈ, ਦੇਖੋ ਤਾਂ, ਪੂਰਬ ਨੂੰ ਜਾਣ ਵਿਚ ਕੋਈ ਦਿੱਕਤ ਤਾਂ ਨਹੀਂ ਪੈਂਦੀ। ਏਸ ਤਰ੍ਹਾਂ ਦੇ ਨਾਲ ਆਦਮੀ ਸਾਰੀ ਜ਼ਿੰਦਗੀ ਡਾਵਾਂਡੋਲ ਰਹਿੰਦਾ ਹੈ ਤੇ ਉਹਨੂੰ ਕੋਈ ਪੱਕਾ ਆਸਰਾ ਨਹੀਂ ਮਿਲਦਾ ਕਿ ਕੋਈ ਐਸੀ ਬਾਤ ਵੀ ਹੈ ਜਿਹਦੇ ਨਾਲ ਕਾਰਜ ਸਫਲ ਹੋ ਜਾਣ ਸਾਰੇ, ਕੋਈ ਇਕ ਚੀਜ਼ ਹੱਥ ਵਿਚ ਆ ਜਾਵੇ।

ਪਿਛਲੇ ਜ਼ਮਾਨਿਆਂ ਦੇ ਅੰਦਰ ਇਕ ਦਵਾਈ ਹੁੰਦੀ ਸੀ, ਜਿਸਦਾ ਨਾਮ ਅੰਮ੍ਰਿਤ ਧਾਰਾ ਹੁੰਦਾ ਸੀ ਉਹਦੇ ਵਿਚ ਇਹ ਸਿਫਤ ਸੀ ਕਿ ਗਿਣ ਕੇ ਹਕੀਮਾਂ, ਵੈਦਾਂ ਨੇ ਕੱਢੀ ਹੋਈ ਸੀ ਕਿ ਇਹ 32 ਰੋਗਾਂ ਦਾ ਖਾਤਮਾ ਕਰਦੀ ਹੈ। ਪੇਟ ਦੁਖਦਾ ਹੈ ਤਾਂ ਵੀ ਤੁਸੀਂ ਉਹ ਲੈ ਲਓ, ਹੋਰ ਕਿਤੇ ਠੰਢ ਲਗ ਗਈ ਤਾਂ ਵੀ ਉਹ ਲੈ ਲਓ, ਹਾਜ਼ਮਾ ਖਰਾਬ ਹੋ ਗਿਆ ਤਾਂ ਵੀ ਲੈ ਲਓ, ਕੋਈ ਹੋਰ ਬੇਚੈਨੀ ਹੋ ਗਈ ਤਾਂ ਵੀ ਲੈ ਲਓ ਯਾਨਿ ਉਹ ਇਕੋ ਹੀ ਐਸੀ ਦਵਾਈ ਸੀ ਜੇ ਆਦਮੀ ਸਫਰ ਕਰਦਾ ਸੀ ਨਾਲ ਰੱਖਿਆ ਕਰਦੇ ਸੀ। ਪਤਾਸੇ 'ਚ ਪਾ ਕੇ ਇਕ ਕਤਰਾ ਲੈ ਲੈਣਾ ਤੇ ਉਹਦੇ ਨਾਲ ਠੀਕ ਹੋ ਜਾਇਆ ਕਰਦਾ ਸੀ।

ਸੋ ਏਸੇ ਤਰ੍ਹਾਂ ਦੇ ਨਾਲ ਇਕੋ ਹੀ ਸਾਧਨ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ ਕਿ ਜਿੰਨੇ ਵੀ ਦੁਨੀਆਂ ਦੇ ਕਾਰਜ ਨੇ ਉਹ ਵੀ ਤੇ ਜਿਹੜੇ ਪਰਲੋਕ ਦੇ ਨੇ, ਜਿਥੇ ਜਾ ਕੇ ਸਾਡੇ ਤੋਂ ਕੋਈ ਕਾਰਜ ਬਣਨਾ ਨਹੀਂ ਹੈ, ਜਿਥੇ ਜਾ ਕੇ ਸਾਡੀ ਹੋਸ਼ ਹੀ ਭੁੱਲ ਜਾਣੀ ਹੈ ਉਥੇ ਪਤਾ ਹੀ ਨਹੀਂ ਲਗਣਾ ਕਿ ਕੀ ਕਰੀਏ, ਕੀ ਨਾ ਕਰੀਏ; ਇਨ੍ਹਾਂ ਸਾਰਿਆਂ ਦੇ ਸਫਲ ਹੋਣ ਦਾ ਇਕ ਤਰੀਕਾ ਮਹਾਰਾਜ ਜੀ ਨੇ ਦੱਸਿਆ ਹੈ ਕਿ ਹਰੀ ਦੇ ਚਰਨਾਂ ਨੂੰ ਹਿਰਦੇ 'ਚ ਵਸਾ ਲਓ। ਗੱਲ ਕਹਿਣ ਨੂੰ ਬਹੁਤ ਸੁਖਾਲੀ ਹੈ ਕਿ ਹਰੀ ਦੇ ਚਰਨਾਂ ਨੂੰ ਹਿਰਦੇ 'ਚ ਵਸਾ ਲਓ ਲੇਕਿਨ ਇਹ ਬਹੁਤ ਔਖੀ ਹੈ ਕਿਉਂਕਿ ਸਾਡੇ ਹਿਰਦੇ ਦੇ ਅੰਦਰ ਬੜਾ ਹੀ ਕੂੜ-ਕੁਬਾੜ ਵਸਿਆ ਪਿਆ ਹੈ। ਬੇਅੰਤ ਕਿਸਮ ਦੀਆਂ ਗਰਜਾਂ ਵਸੀਆਂ ਪਈਆਂ ਨੇ, ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਵਸੀਆਂ ਪਈਆਂ ਨੇ, ਇਨ੍ਹਾਂ ਨੂੰ ਭਾਵ ਕਹਿੰਦੇ ਨੇ। ਬੇਅੰਤ ਭਾਵ ਵਸੇ ਹੋਏ ਨੇ - ਕਿਤੇ ਪੈਸੇ ਕਮਾਉਣ ਦਾ ਭਾਵ ਵਸਿਆ ਹੋਇਆ ਹੈ, ਕਿਸੇ ਥਾਂ ਦੇ ਉਤੇ ਵੈਰ, ਵਿਰੋਧ ਦਾ ਹੈ, ਕਿਤੇ ਕੋਈ ਹੈ, ਕਿਤੇ ਕੋਈ ਹੈ। ਕਿਤੇ ਮੋਹ ਦਾ ਚਲ ਰਿਹਾ ਹੈ, ਕਿਤੇ ਕ੍ਰੋਧ ਦਾ ਚਲ ਰਿਹਾ ਹੈ, ਕਿਤੇ ਲੋਭ ਦਾ ਚਲ ਰਿਹਾ ਹੈ, ਕਿਤੇ ਅਭਿਮਾਨ ਦਾ ਚਲ ਰਿਹਾ ਹੈ ਕਿ ਮੇਰੇ ਵਰਗਾ ਦੁਨੀਆਂ 'ਚ ਕੋਈ ਹੈ ਹੀ ਨਹੀਂ। ਇਹ ਅਭਿਮਾਨ ਸਾਰਿਆਂ ਨਾਲੋਂ ਮਾੜੀ ਚੀਜ਼ ਹੁੰਦੀ ਹੈ। ਬੰਦਗੀ ਕਰੀ ਜਾਵੇ, ਨਾਮ ਜਪੀ ਜਾਵੇ ਫੇਰ ਮਨ ਦਾ ਅਭਿਮਾਨ ਨਾ ਜਾਵੇ ਤਾਂ ਬਣਦਾ ਨਹੀਂ ਕੁਛ ਵੀ। ਮੁੜ ਕੇ ਉਸੇ ਚੱਕਰ 'ਚ ਫੇਰ ਪੈ ਜਾਂਦਾ ਹੈ। ਪੁੰਨ ਉਸਨੂੰ ਜ਼ਰੂਰ ਮਿਲਦਾ ਹੈ ਲੇਕਿਨ ਬੀਮਾਰੀ ਦਾ ਇਲਾਜ ਨਹੀਂ ਹੁੰਦਾ।

ਸੋ ਏਸ ਤਰ੍ਹਾਂ ਦੇ ਨਾਲ ਸਾਡੇ ਮਨ ਹਰ ਵਕਤ ਭਰੇ ਹੋਏ ਨੇ, ਕ੍ਰੋਧ ਨਾਲ ਭਰੇ ਹੋਏ ਨੇ, ਨਫਰਤ ਨਾਲ ਭਰੇ ਹੋਏ ਨੇ। ਇਨ੍ਹਾਂ ਸਾਰਿਆਂ ਨੂੰ ਜੇ ਖਾਲੀ ਕਰੀਏ ਤਾਂ ਜਾ ਕੇ ਹਰੀ ਦੇ ਚਰਨ ਹਿਰਦੇ 'ਚ ਵਸਦੇ ਨੇ, ਨਹੀਂ ਨੀਂ ਵਸਦੇ। ਹੁਣ ਇਹ ਹੁੰਦਾ ਹੈ ਕਿ ਇਨ੍ਹਾਂ ਨੂੰ ਕੱਢਿਆ ਕਿਵੇਂ ਜਾਵੇ। ਜੇ ਕੋਈ ਚੀਜ਼ਾਂ ਹੋਣ ਤਾਂ ਅਸੀਂ ਹੱਥਾਂ ਨਾਲ ਚੁੱਕ ਕੇ ਕੱਢ ਦੇਈਏ। ਇਹ ਤਾਂ ਮਨ ਵਿਚ ਵਸਦੀਆਂ ਨੇ, ਕ੍ਰੋਧ ਮਨ ਵਿਚ ਵਸ ਜਾਏ, ਕੱਢ ਕੇ ਦਿਖਾ ਦਿਓ, ਜੇ ਕੋਈ ਸੂਰਮਾ ਹੈ? ਕੱਢ ਹੀ ਨਹੀਂ ਸਕਦਾ। ਉਹ ਅੰਦਰ ਹੀ ਅੰਦਰ ਖਾਣਾ ਸ਼ੁਰੂ ਕਰ ਦਿੰਦਾ ਹੈ। ਅੰਦਰ ਹੀ ਅੰਦਰ ਬਦ-ਖਿਆਲ ਸ਼ੁਰੂ ਹੋ ਜਾਂਦੇ ਨੇ, ਪ੍ਰਮੇਸ਼ਰ ਭੁੱਲ ਜਾਂਦਾ ਹੈ। ਲੋਭ ਮਨ ਵਿਚ ਵਸ ਜਾਵੇ, ਨਹੀਂ ਕੱਢਿਆ ਜਾਂਦਾ ਕੋਈ ਤਰੀਕਾ ਨਹੀਂ ਹੈ। ਕਾਮ ਮਨ ਵਿਚ ਵਸ ਜਾਵੇ ਉਸੇ ਨੂੰ justify ਕਰੀ ਜਾਏਗਾ, ਨਿਕਲਦਾ ਨਹੀਂ ਹੈ। ਏਸ ਤਰ੍ਹਾਂ ਦੇ ਨਾਲ ਬੜਾ ਮੁਸ਼ਕਲ ਹੈ ਕਿਉਂਕਿ ਸਾਡੇ ਵਸ ਵਿਚ ਨਹੀਂ, ਜੇ ਅਸੀਂ ਪੜ੍ਹ ਵੀ ਲਈਏ ਤਾਂ ਵੀ ਨਹੀਂ ਨਿਕਲਦਾ। ਪੁਸਤਕ ਪੜ੍ਹ ਲਈਏ ਉਹਦੇ ਵਿਚ ਆ ਜਾਣ ਇਹ ਗੱਲਾਂ ਤੇ ਅਸੀਂ ਕਹੀਏ ਕਿ ਇਹ ਨਹੀਂ ਹੁਣ ਅਸੀਂ ਹੋਣ ਦੇਣੀਆਂ। ਸਾਡੇ ਵਸ ਵਿਚ ਨਹੀਂ ਹੈ ਕਿ ਅਸੀਂ ਉਨ੍ਹਾਂ ਨੂੰ ਰੋਕ ਸਕੀਏ। ਸੋ ਫੇਰ ਕਰਿਆ ਕੀ ਜਾਵੇ? ਮਹਾਰਾਜ ਜੀ ਕਹਿੰਦੇ ਇਹਦੇ ਇਕ ਦੋ ਸਾਧਨ ਨੇ ਜੇ ਤੁਸੀਂ ਉਹ sincerely ਤੇ ਸਹੀ ਤਰੀਕੇ ਨਾਲ ਕਰੋ ਫੇਰ ਇਹ ਮਨ ਵਿਚ ਵਸਣੇ ਸ਼ੁਰੂ ਹੋ ਜਾਂਦੇ ਨੇ। ਕੁਛ ਰਹਿਤਾਂ ਨੇ ਜੇ ਤੁਸੀਂ ਸਚਮੁੱਚ ਹੀ ਧਾਰਨ ਕਰਨੀਆਂ ਸ਼ੁਰੂ ਕਰ ਦੇਵੋ ਫੇਰ ਮਨ ਵਿਚ ਵਸ ਜਾਣਗੀਆਂ। ਮੂੰਹ ਦੇ ਨਾਲ ਅਸੀਂ ਗੱਲਾਂ ਕਹਿ ਲੈਂਦੇ ਹਾਂ ਜਦੋਂ ਪਰਖ ਵਿਚ ਆਉਂਦੇ ਹਾਂ ਫੇਰ ਉਹ ਗੱਲਾਂ, ਸਾਡੀਆਂ ਹੀ ਕਹੀਆਂ ਹੋਈਆਂ, ਉਹ ਵੀ ਸਾਡੇ ਉਤੇ ਇਕ ਪੈਸੇ ਜਿੰਨਾਂ ਵੀ ਅਸਰ ਨਹੀਂ ਕਰਦੀਆਂ। ਅਰਦਾਸ ਕਰ ਦਿੰਦਾ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਖੜ੍ਹੇ ਹੋ ਕੇ-

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਚੋਰ ਯਾਰ ਜੂਆਰਿ ਹਉਂ ਪਰ ਘਰਿ ਜੋਹੰਦਾ।***
***ਨਿੰਦਕੁ ਦੁਸ਼ਟੁ ਹਰਾਮ ਖੋਰੁ ਠੱਗ ਦੇਸ ਠਗੰਦਾ।***
***ਕਾਮੁ ਕਰੋਧੁ ਮਦੁ ਲੋਭੁ ਮੋਹੁ ਹੰਕਾਰ ਕਰੰਦਾ।***
***ਵਿਸ੍ਵਾਸਘਾਤੀ ਅਕ੍ਰਿਤਘਣ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਡੀਆ ਸਤਿਗੁਰੁ ਬਖਸੰਦਾ।***

***ਭਾਈ ਗੁਰਦਾਸ ਜੀ, ਵਾਰ 36/21***

ਲੇਕਿਨ ਇਹ ਸਾਰੇ ਹੀ ਬਚਨ ਉਤੋਂ-ਉਤੋਂ ਕਹੇ ਨੇ, ਵਿਚੋਂ ਨਹੀਂ ਕਹੇ ਕਿਉਂਕਿ ਅੰਦਰੋਂ ਨਹੀਂ ਜਾਣਦਾ ਕਿ ਮੈਂ ਸਚਮੁੱਚ ਐਸਾ ਹਾਂ। ਜੇ ਸਚਮੁੱਚ ਆਪਣੇ ਆਪ ਨੂੰ ਐਸ ਤਰ੍ਹਾਂ ਕਹਿ ਲਏ ਫੇਰ ਤਾਂ ਗੱਲ ਖਤਮ ਹੋ ਜਾਂਦੀ ਹੈ ਕਿਉਂਕਿ ਫੇਰ ਜਿਹੜੀ ਨੇਕੀ ਦੀ ਹਉਂ ਬਣੀ ਹੋਈ ਹੈ ਉਹ ਹਟ ਜਾਂਦੀ ਹੈ। ਉਹ ਸਮਝਦਾ ਹੀ ਨਹੀਂ ਹੈ ਕਿ ਮੈਂ ਕੋਈ ਖਾਸ ਬੰਦਾ ਹਾਂ। ਉਹਨੂੰ ਗੁੱਸਾ ਹੀ ਨਹੀਂ ਆਉਂਦਾ। ਉਹਦੀ ਬੇਇਜ਼ਤੀ ਹੀ ਨਹੀਂ ਹੁੰਦੀ ਕਿਉਂਕਿ ਖਾਸ ਬੰਦਾ ਨਾ ਰਿਹਾ। ਉਹਦੇ ਮਨ 'ਚ ਤਾਂ ਗੁਰੂ ਸਾਹਿਬ ਦਾ ਬਚਨ ਸਮਾਅ ਗਿਆ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***

***ਅੰਗ - 1364***

ਮੈਂ ਹੀ ਬੁਰਾ ਹਾਂ, ਮੈਨੂੰ ਛੱਡ ਕੇ ਸਾਰਾ ਸੰਸਾਰ ਭਲਿਆਂ ਦਾ ਹੈ। ਮਹਾਰਾਜ ਜੀ ਕਹਿੰਦੇ ਨੇ ਤੇਰੇ ਸਮਝਣ ਦੇ ਨਾਲ ਤੂੰ ਸਚਮੁੱਚ ਨੀਵਾਂ ਹੋ ਜਾਵੇਂਗਾ? ਜੇ ਤੂੰ ਸਚਮੁੱਚ ਸਮਝ ਲਏਂ, ਨੀਵਾਂ ਨਹੀਂ ਹੁੰਦਾ। ਸਾਡੇ ਵਾਲੀ ਲਾਈਨ 'ਚ ਖੜ੍ਹਾਂਗੇ ਕਿਉਂਕਿ ਅਸੀਂ ਵੀ ਉਹੋ ਸਮਝਦੇ ਰਹੇ ਹਾਂ -

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਅੰਗ - 728***

ਜਿਹਨੇ ਇਹ ਗੱਲ ਬੁੱਝ ਲਈ ਹਿਰਦੇ ਤੋਂ, ਉਤੋਂ-ਉਤੋਂ ਨਹੀਂ, ਉਤੋਂ-ਉਤੋਂ ਤਾਂ ਦੁਨੀਆਂ ਸਾਰੀ ਕਹਿੰਦੀ ਹੈ ਕਿ ਮੈਂ ਤਾਂ ਜੀ ਤੁਹਾਡੇ ਚਰਨਾਂ ਦਾ ਦਾਸ ਹਾਂ। ਬਿਲਕੁਲ ਨਹੀਂ, ਐਵੇਂ ਹੀ ਝੂਠ ਬੋਲਦਾ ਹੈ। ਉਤੋਂ-ਉਤੋਂ ਗੱਲਾਂ ਹੋਰ ਹੁੰਦੀਆਂ ਨੇ, ਹਿਰਦੇ 'ਚੋਂ ਗੱਲਾਂ ਹੋਰ ਹੁੰਦੀਆਂ ਨੇ। ਜੇ ਹਿਰਦੇ 'ਚੋਂ ਗੱਲ ਕਹਿ ਦੇਵੋ ਫੇਰ ਤਾਂ ਝਗੜੇ ਹੀ ਸਾਰੇ ਖਤਮ ਹੋ ਜਾਂਦੇ ਨੇ ਕਿ ਠੀਕ ਹੈ ਮੈਂ ਤਾਂ ਐਹੋ ਜਿਹਾ ਹੀ ਹਾਂ ਤੇ ਮੇਰੇ ਨਾਲ ਠੀਕ ਹੀ ਗੱਲ ਹੋ ਰਹੀ ਹੈ ਲੇਕਿਨ ਇਹ ਨਹੀਂ ਹੁੰਦੀ, ਮੂੰਹ ਤੋਂ ਤਾਂ ਇਹ ਕਰਦਾ ਹੈ -

***ਮੁਖਹੁ ਹਰਿ ਹਰਿ ਸਭੁ ਕੋ ਕਰੈ***
***ਵਿਰਲੈ ਹਿਰਦੈ ਵਸਾਇਆ॥ ਅੰਗ - 565***

ਵਿਰਲੇ-ਵਿਰਲੇ ਨੇ ਜਿਨ੍ਹਾਂ ਦੇ ਹਿਰਦੇ 'ਚੋਂ ਨਿਕਲਦਾ ਹੈ। ਮੂੰਹ ਤੋਂ ਤਾਂ ਸਾਰੇ ਹੀ ਕਹੀ ਜਾਂਦੇ ਨੇ। ਸੋ ਏਸ ਤਰ੍ਹਾਂ ਦੇ ਨਾਲ ਇਹ ਚੀਜ਼ਾਂ ਜਿੰਨਾਂ ਚਿਰ ਅਸੀਂ ਨਹੀਂ ਵਿਚਾਰ ਕੇ ਕੱਢਦੇ ਓਨਾਂ ਚਿਰ ਦੂਰ ਨਹੀਂ ਹੁੰਦੀਆਂ। ਸੋ ਇਹ ਸਾਧਨ ਹੈ ਕਿ ਆਪਣੇ ਆਪ ਨੂੰ ਐਂ ਸਮਝੋ ਕਿ ਮੇਰੇ ਤੋਂ ਸਾਰੇ ਚੰਗੇ ਨੇ। ਗਿਆਨਵਾਨ ਪੁਰਸ਼ ਸਮਝਦਾ ਹੈ। ਉਹ ਏਸ ਕਰਕੇ ਸਮਝਦਾ ਹੈ ਕਿਉਂਕਿ ਉਸਨੂੰ ਪਤਾ ਹੁੰਦਾ ਹੈ ਕਿ ਐਥੇ ਪ੍ਰਮੇਸ਼ਰ ਦੀ ਜੋਤ ਹੈ, ਪ੍ਰਮੇਸ਼ਰ ਤੋਂ ਬਗੈਰ ਕੋਈ ਹੈ ਨਹੀਂ। ਇਹ ਆਪੇ ਹੀ ਵਾਹਿਗੁਰੂ ਅਨੇਕਾਂ ਰੂਪਾਂ 'ਚ ਕੌਤਕ ਕਰ ਰਿਹਾ ਹੈ। ਉਹਦੇ ਅੰਦਰ ਕੋਈ ਭਾਵਨਾ ਨਹੀਂ ਜਾਗਦੀ - ਮੈਂ ਦੀ। ਨਾ ਜਾਗਣ ਕਰਕੇ ਉਹਦੇ ਹਿਰਦੇ 'ਚ ਪ੍ਰਮੇਸ਼ਰ ਵਸਣਾ ਸ਼ੁਰੂ ਹੋ ਜਾਂਦਾ ਹੈ।

ਸੋ ਏਸੇ ਤਰ੍ਹਾਂ ਦੇ ਨਾਲ ਦੂਸਰਾ ਸਾਧਨ ਹੁੰਦਾ ਹੈ - ਸਾਰਿਆਂ ਨਾਲੋਂ ਵੱਡਾ ਜੋ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ ਉਹ ਹੈ ਕਿ ਜਪ ਤਪ ਹੋਮ ਪੂਜਾ ਸਾਰੀਆਂ ਚੀਜ਼ਾਂ 'ਚੋਂ ਤੱਤ ਕੱਢ ਕੇ ਦੱਸਿਆ ਹੈ ਕਿ ਹਰੀ ਦਾ ਕੀਰਤਨ ਜਿਹੜਾ ਹੈ ਉਹ ਤੱਤ ਹੈ - ਏਸ ਸਾਧਨ ਦਾ। ਫੇਰ ਹਰੀ ਦੇ ਕੀਰਤਨ ਵਾਸਤੇ ਆਉਂਦਾ ਹੈ ਕਿ ਕਿਵੇਂ ਕਰੇ। ਨੇਤਰ ਖੋਲ੍ਹ ਕੇ, ਪਛਾਣ ਕੇ ਪ੍ਰਮੇਸ਼ਰ ਦਾ ਕੀਰਤਨ ਕਰੇ। ਇਕ ਤਾਂ ਅੰਨ੍ਹਾ

ਗਾਉਂਦਾ ਹੈ, ਕੂੜੀ-ਕੂੜੀ ਗਾਉਂਦਾ ਹੈ, ਉਹਦੇ ਅੰਦਰ ਕੋਈ ਭਾਵ ਨਹੀਂ। ਜਿਹੜੇ ਬੰਦੇ ਸੁਣਨ ਵਾਲੇ ਨੇ ਉਨ੍ਹਾਂ ਦੇ ਤਾਂ ਬਾਣ ਲਗ ਜਾਏਗਾ ਬਾਣੀ ਦਾ ਲੇਕਿਨ ਉਹਦੇ ਨਹੀਂ ਲਗਦਾ। ਜੇ ਬੈਰਾਗ 'ਚ ਕਰਦਾ ਹੈ, ਆਪ ਬੈਰਾਗਮਈ ਅਵਸਥਾ 'ਚ ਨਹੀਂ ਗਿਆ ਕਿਉਂਕਿ ਅਜੇ ਸਮਝੀ ਨਹੀਂ ਗੱਲ। ਮਹਾਰਾਜ ਜੀ ਕਹਿੰਦੇ ਕਿ ਅੰਨ੍ਹਾ ਜੇ ਗਾਉਂਦਾ ਹੈ ਉਹਦੇ ਨਾਲ ਗੱਲ ਨਹੀਂ ਬਣਦੀ ਕਿਉਂਕਿ ਕੂੜੀ-ਕੂੜੀ ਗਾਉਂਦਾ ਹੈ ਉਹ। ਉਹ ਝੂਠ-ਮੂਠ ਦੀਆਂ ਸਾਖੀਆਂ ਸੁਣਾਉਂਦਾ ਹੈ, ਆਪ ਓਸ ਥਾਂ ਦੇ ਉਤੇ ਨਹੀਂ ਹੈ। ਸੋ ਜੇ ਆਪ ਹੋਵੇ ਤਾਂ ਫੇਰ ਗੱਲ ਬਣਦੀ ਹੈ। ਸੋ ਓਸ ਤਰ੍ਹਾਂ ਦੇ ਨਾਲ ਜੇ ਹਰੀ ਦਾ ਜਸ ਕਰਦਾ ਹੈ, ਹਰੀ ਦੀ ਕੀਰਤ ਕਰਦਾ ਹੈ, ਬਜਦ 'ਚ ਆ ਕੇ ਗਾਉਂਦਾ ਹੈ, ਕਹਿੰਦੇ ਇਹ ਸਾਧਨ ਸਾਰੇ ਸਾਧਨਾਂ ਨਾਲੋਂ ਵੱਡਾ ਹੈ। ਏਸ ਕਰਕੇ ਵੱਡਾ ਹੈ ਕਿ ਸਾਡੇ ਦਿਨ ਭਰ ਦੇ ਸੰਸਕਾਰ ਐਨੇ ਜਮ੍ਹਾਂ ਹੋ ਜਾਂਦੇ ਨੇ, ਐਨੇ ਡੂੰਘੇ ਚਲੇ ਜਾਂਦੇ ਨੇ ਕਿ ਜਦ ਅਸੀਂ ਭਜਨ ਕਰਨ ਲਗਦੇ ਹਾਂ, ਬਾਣੀ ਪੜ੍ਹਨ ਲਗਦੇ ਹਾਂ ਉਹ ਜਿਸ ਤਰ੍ਹਾਂ ਦੇ ਨਾਲ ਕੋਈ ਟੋਭੇ ਦੀ ਟਿਕੀ ਹੋਈ ਤਹਿ ਦੀ ਗਰਦ ਜਿਹੜੀ ਹੈ ਉਹ ਛੇੜ ਦੇਵੇ, ਇਕ ਦਮ ਮੈਲ ਉਤੇ ਨੂੰ ਆਉਣੀ ਸ਼ੁਰੂ ਹੋ ਜਾਂਦੀ ਹੈ। ਏਸੇ ਤਰ੍ਹਾਂ ਸਾਡੇ ਸੰਸਕਾਰ ਜਿੰਨੇ ਦਬੇ ਹੋਏ ਨੇ ਉਹ ਸਾਰੇ ਉਠਣੇ ਸ਼ੁਰੂ ਹੋ ਜਾਂਦੇ ਨੇ, ਸਿਮ੍ਰਤੀ ਬਿਰਤੀ ਪ੍ਰਧਾਨ ਹੋ ਜਾਂਦੀ ਹੈ। ਜਿਹੜੀਆਂ ਗੱਲਾਂ ਭੁੱਲੀਆਂ ਹੋਈਆਂ, ਕਦੇ ਯਾਦ ਨਹੀਂ ਆਈਆਂ ਉਹ ਭਜਨ ਵੇਲੇ ਯਾਦ ਆਉਣਗੀਆਂ। ਜਿੰਨੀ-ਜਿੰਨੀ ਇਕਾਗਰਤਾ ਵਧਦੀ ਜਾਏਗੀ ਤਿਉਂ-ਤਿਉਂ ਡੂੰਘੀਆਂ ਗੱਲਾਂ, ਵੀਹ-ਵੀਹ ਸਾਲ ਦੀਆਂ, ਤੀਹ-ਤੀਹ ਸਾਲ ਦੀਆਂ, ਪੁਰਾਣੀਆਂ ਗੱਲਾਂ ਸਾਮ੍ਹਣੇ ਆ ਕੇ ਖੜ੍ਹੀਆਂ ਹੋ ਜਾਣਗੀਆਂ ਕਿਉਂਕਿ ਬਿਰਤੀ ਡੂੰਘੀ ਜਾ ਰਹੀ ਹੈ, ਉਹ ਡੂੰਘੀ ਜਾ ਕੇ ਸਿਮ੍ਰਤੀ ਦੀ ਉਸ ਤਹਿ ਨੂੰ ਛੇੜ ਰਹੀ ਹੈ। ਸੋ ਇਹ ਸਾਰੀਆਂ ਚੀਜ਼ਾਂ ਦੇ ਨਾਲੋਂ ਜਿਸ ਵਕਤ ਹਰੀ ਦਾ ਜਸ ਕਰਦਾ ਹੈ ਉਸ ਵੇਲੇ ਜਿਸ ਤਰ੍ਹਾਂ ਦੇ ਨਾਲ ਛਾਛੜੇ ਦਾ ਮੀਂਹ ਪੈਂਦਾ ਹੈ ਰੋੜ੍ਹ ਕੇ ਲੈ ਜਾਂਦਾ ਹੈ ਸਭ ਕਾਸੇ ਨੂੰ, ਉਹ ਸਭ ਚੀਜ਼ਾਂ ਨੂੰ ਰੋੜ੍ਹ ਕੇ ਲੈ ਜਾਂਦਾ ਹੈ।

ਸੋ ਸਾਰਿਆਂ ਨਾਲੋਂ ਉਤਮ ਕਰਮ ਮਹਾਰਾਜ ਜੀ ਨੇ ਦੱਸਿਆ ਹੈ ਕਿ ਹਿਰਦੇ 'ਚ ਵਸ ਜਾਵੇ ਤਾਂ ਕਾਰਜ ਸਾਰੇ ਹੀ ਸਫਲ ਹੋ ਜਾਂਦੇ ਨੇ। ਹਰੀ ਦਾ ਜਸ ਕਰ ਲਵੇ ਤਾਂ ਹਿਰਦੇ 'ਚ ਵਸਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਹਿਰਦੇ 'ਚ ਪ੍ਰਮੇਸ਼ਵਰ ਵਸ ਗਿਆ ਉਸ ਵੇਲੇ ਬਰਕਤਾਂ ਜੋ ਸਾਡਾ ਇੰਤਜ਼ਾਰ ਕਰ ਰਹੀਆਂ ਹਨ ਸਾਡੇ ਆਲੇ-ਦੁਆਲੇ ਖੜ੍ਹੀਆਂ, ਉਹ ਬਰਕਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿਸ ਵਕਤ ਬੰਦਾ ਨਾਮ ਜਪਦਾ ਹੈ, ਇਕ ਐਸੀ ਅਵਸਥਾ ਆਉਂਦੀ ਹੈ ਜਿਥੇ ਜਾ ਕੇ ਇਕਾਗਰਤਾ ਪੂਰੇ ਜ਼ੋਰ ਤੇ ਹੁੰਦੀ ਹੈ, ਉਥੇ ਆਵਾਜ਼ਾਂ ਆਉਂਦੀਆਂ ਨੇ ਕਿ ਤੂੰ ਮੇਰਾ ਫੁਰਨਾ ਕਰ, ਮੈਂ ਤੈਨੂੰ ਐਥੇ ਬੈਠੇ ਨੂੰ ਹਜ਼ਾਰ ਮੀਲ ਤੇ ਚੀਜ਼ਾਂ ਦਿਖਾ ਦੇਵਾਂ, ਜਿਹਨੂੰ ਤੂੰ ਯਾਦ ਕਰੇਂਗਾ ਉਹ ਬੰਦਾ ਆ ਜਾਵੇਗਾ। ਤੈਨੂੰ ਪੈਸੇ ਟਕੇ, ਕਾਰਜ ਦੀ ਲੋੜ ਹੈ ਤੇਰੀ ਮਦਦ ਕਰਨ ਵਾਲੇ ਉਸੇ ਵੇਲੇ ਆ ਜਾਣਗੇ। ਮਹਾਰਾਜ ਜੀ ਉਸਨੂੰ ਕਹਿੰਦੇ ਨੇ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ – 649***

ਏਸੇ ਤਰ੍ਹਾਂ ਦੇ ਨਾਲ ਜਿੰਨੇ ਕਾਰਜ ਤੁਸੀਂ ਕਰਦੇ ਓਂ ਜੇ ਹਿਰਦੇ 'ਚ ਪ੍ਰਮੇਸ਼ਰ ਵਸ ਜਾਵੇ ਤਾਂ ਸਾਰੇ ਕਾਰਜ ਸਫਲ ਹੋ ਜਾਇਆ ਕਰਦੇ ਨੇ। ਜਨਮ ਦਿਨ ਮਨਾਉਣੇ ਸਫਲ ਨੇ, ਲੇਕਿਨ ਸੋਚ ਕੇ ਸਮਝ ਕੇ ਜਦ ਅਸੀਂ ਕਰਦੇ ਹਾਂ ਤਾਂ ਇਹ ਗੱਲਾਂ ਬਣਦੀਆਂ ਨੇ। ਆਦਮੀ ਤਾਂ ਸੁੱਤਾ ਪਿਆ ਹੈ। ਮਹਾਰਾਜ ਜੀ ਕਹਿੰਦੇ ਨੇ ਇਹ ਇਕੱਲਾ ਹੀ ਨਹੀਂ ਸੁੱਤਾ ਪਿਆ, ਸਾਰਾ ਸੰਸਾਰ ਸੁੱਤਾ ਪਿਆ ਹੈ। ਤਿੰਨ ਗੁਣ ਚਲ ਰਹੇ ਨੇ – ਰਜੋ ਗੁਣ, ਤਮੋ ਗੁਣ, ਸਤੋ ਗੁਣ। ਉਹਦੀਆਂ ਲਹਿਰਾਂ ਐਨੀ ਜ਼ੋਰ ਦੀ ਉਠ ਰਹੀਆਂ ਨੇ ਕਿ ਆਦਮੀ ਦੀ consciousness ਦਾ ਜੋ ਹਿੱਸਾ ਹੈ ਉਹਦੇ ਵਿਚ ਨੀਂਦ ਆ ਗਈ, ਝੱਗ ਵਾਂਗਣ ਆ ਗਈ ਤੇ ਉਹ ਸੌਂ ਗਿਆ–

***ਤ੍ਰਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***
***ਅੰਗ – 920***

ਸਾਡੀ ਉਮਰ ਸੁੱਤਿਆਂ ਦੀ ਲੰਘਦੀ ਤੁਰੀ ਜਾਂਦੀ ਹੈ। ਜਾਗਣ ਦੀ ਲੋੜ ਹੈ। ਗੁਰੂ ਮਹਾਰਾਜ ਜੀ ਜਗਾਉਂਦੇ ਨੇ–

***ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥***
***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥***
***ਅੰਗ – 726***

ਮਨ ਨੂੰ ਕਹਿੰਦੇ ਨੇ। ਸਰੀਰ ਨੂੰ ਤਾਂ ਕਿਹਾ ਨਹੀਂ ਹੈ ਕਿ ਤੂੰ ਸਰੀਰਾ ਜਾਗ ਲੈ। ਸਰੀਰ ਨੂੰ ਕਹਿੰਦੇ ਨੇ –

***ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ***
***ਕਿਆ ਤੁਧੁ ਕਰਮ ਕਮਾਇਆ॥***
***ਕਿ ਕਰਮ ਕਮਾਇਆ ਤੁਧੁ ਸਰੀਰਾ***
***ਜਾ ਤੂ ਜਗ ਮਹਿ ਆਇਆ॥ ਅੰਗ – 922***

ਕਿ ਤੇਰੇ ਵਿਚ ਜੋਤ ਰੱਖੀ ਪ੍ਰਮੇਸ਼ਰ ਨੇ –

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ***
***ਤਾ ਤੂ ਜਗ ਮਹਿ ਆਇਆ॥***
***ਹਰਿ ਜੋਤਿ ਰਖੀ ਤੁਧੁ ਵਿਚਿ***
***ਤਾ ਤੂ ਜਗ ਮਹਿ ਆਇਆ॥ ਅੰਗ – 921***

ਕੀ ਕਰਿਆ ਹੈ ਤੂੰ? ਉਹ ਵਾਹਿਗੁਰੂ ਤਾਂ ਤੂੰ ਮਨ ਵਿਚ ਵਸਾਇਆ ਨਹੀਂ, ਜਿਹਨੇ ਤੇਰਾ ਰਚਨ ਰਚਿਆ ਹੈ। ਸਰੀਰ ਨੂੰ ਏਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ ਲੇਕਿਨ ਮਨ ਨੂੰ ਜਗਾਉਂਦੇ ਨੇ –

***ਜਾਗ ਲੇਹੁ ਰੇ ਮਨਾ ਜਾਗ ਲੇਗੁ ਕਹਾ ਗਾਫਲ ਸੋਇਆ॥***
***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥***
***ਅੰਗ – 726***

ਤੇਰੇ ਨਾਲ ਆਇਆ ਸੀ, ਇਥੇ ਮਨ ਜੀਵ-ਆਤਮਾ ਨੂੰ ਕਹਿੰਦੇ ਨੇ - ਸਮੁੱਚੇ ਜੀਵ ਨੂੰ; ਜੀਵ ਆਤਮਾ, ਵਿਚੇ ਅੰਤਸ਼ਕਰਣ, ਵਿਚੇ ਬੁੱਧੀ, ਵਿਚੇ ਫੁਰਨੇ ਕਰਨ ਵਾਲਾ ਮਨ। ਕਹਿੰਦੇ ਤੂੰ ਜਾਗ ਤਾਂ ਸਹੀ, ਕਰੋੜਾਂ ਜਨਮ ਤੈਨੂੰ ਬੀਤ ਗਏ ਸੁੱਤੇ ਪਏ ਨੂੰ, ਬੜੇ ਔਖੇ ਥਾਵਾਂ ਤੋਂ ਆਇਆ ਹੈਂ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਅੰਗ - 176*

ਕੁੱਤੇ ਬਿਲੇ ਬਣਦਾ ਹੈ। ਸਾਂਈ ਦਾ ਨਾਮ ਤਿਨ੍ਹਾ ਵਾਸਤੇ ਸਦਾ ਸਹਾਇਕ ਹੋ ਜਾਏਗਾ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ।।*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜਿਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥* *ਅੰਗ - 264*

ਫੇਰ ਤੇਰੇ ਉਤੇ ਰਿਹਾਇਤਾਂ ਕਿੰਨੀਆਂ ਹੋਣੀਆਂ -

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥* *ਅੰਗ - 262*

ਤੈਨੂੰ ਜਾਗ ਆ ਜਾਏਗੀ ਫੇਰ ਨੀਂਦ ਨਹੀਂ ਆਏਗੀ। ਸੋ ਏਸ ਤਰ੍ਹਾਂ ਜੋ ਕੁਛ ਵੀ ਮਹਾਰਾਜ ਜੀ ਫੁਰਮਾਨ ਕਰਦੇ ਨੇ, ਕੋਸ਼ਿਸ਼ ਕਰੋ। ਇਹ ਜਾਗ ਆਉਂਦੀ ਹੈ ਸਿਮਰਨ ਕਰਕੇ। ਅੰਮ੍ਰਿਤ ਵੇਲੇ ਜਾਗੋ, ਜਾਗ ਕੇ ਬੈਠੋ, ਪ੍ਰਭੂ ਦਾ ਨਾਮ ਜਪੋ, ਹੌਲੀ-ਹੌਲੀ ਕਰਦੇ-ਕਰਦੇ ਜਾਗ ਆਉਣੀ ਸ਼ੁਰੂ ਹੋ ਜਾਏਗੀ ਤੇ ਸਾਡੇ ਹਿਰਦੇ ਦੇ ਵਿਚ ਪ੍ਰਮੇਸ਼ਰ ਦੇ ਚਰਨ ਜਦ ਵਸਣਗੇ, ਅਪਣੇ ਨਾਲ ਉਹ ਰਸ ਲੈ ਕੇ ਆਉਂਦੇ ਨੇ, ਖੇੜਾ ਲੈ ਕੇ ਆਉਂਦੇ ਨੇ, ਦੁਬਿਧਾ ਲੈ ਕੇ ਨਹੀਂ ਆਉਂਦੇ, ਕ੍ਰੋਧ ਲੈ ਕੇ ਨਹੀਂ ਆਉਂਦੇ, ਨਫਰਤ ਲੈ ਕੇ ਨਹੀਂ ਆਉਂਦੇ, ਪਿਆਰ ਹੀ ਪਿਆਰ ਲੈ ਕੇ ਆਉਂਦੇ ਨੇ। ਜਿਉਂ-ਜਿਉਂ ਸਾਡੇ ਅੰਦਰ ਖੇੜਾ ਸ਼ੁਰੂ ਹੋ ਜਾਏਗਾ, ਪ੍ਰਭੂ ਵਸਣਾ ਸ਼ੁਰੂ ਹੋ ਗਿਆ। ਜਦੋਂ ਪ੍ਰਮੇਸ਼ਰ ਪੂਰੀ ਤਰ੍ਹਾਂ ਵਸ ਗਿਆ, ਪੂਰੀ ਤਰ੍ਹਾਂ ਦੇ ਨਾਲ ਸਾਡੇ ਰੋਮ-ਰੋਮ 'ਚ ਪ੍ਰਗਟ ਹੋ ਗਿਆ, ਸਾਡੀ ਅਵਸਥਾ ਬਦਲ ਜਾਣੀ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*
*ਅੰਗ - 275*

ਜਿਉਂਦਿਆਂ ਹੀ ਜੀਵਨ ਮੁਕਤੀ ਪ੍ਰਾਪਤ ਹੋ ਕੇ, ਪ੍ਰਮ ਅਨੰਦ ਦੇ ਵਿਚ ਆਪਣਾ ਜੀਵਨ ਬਤੀਤ ਕਰਕੇ, ਸੰਸਾਰ ਦੇ ਕਾਰਜ ਕਰਦਾ ਹੋਇਆ ਆਪਣੇ ਨਿੱਜ ਘਰ ਨੂੰ ਚਲਿਆ ਜਾਂਦਾ ਹੈ, ਜਿਥੋਂ ਜਾ ਕੇ ਦੁਬਾਰਾ ਆਉਣਾ ਨਹੀਂ ਹੋਇਆ ਕਰਦਾ। ਆਉਂਦਾ ਹੈ ਤਾਂ ਮਰਜ਼ੀ ਨਾਲ ਆਉਂਦਾ ਹੈ -

*ਗੁਰਮੁਖਿ ਆਵੈ ਜਾਇ ਨਿਸੰਗੁ॥* *ਅੰਗ - 932*

ਭੇਜਿਆ ਆਉਂਦਾ ਹੈ। ਕਰਮਾਂ ਦਾ ਬੰਨ੍ਹਿਆਂ ਨਹੀਂ ਆਉਂਦਾ। ਸੰਸਾਰ ਦਾ ਉਧਾਰ ਕਰਨ ਵਾਸਤੇ ਪਰਉਪਕਾਰ ਦਾ ਫੁਰਨਾ ਲੈ ਕੇ ਜਾਂਦਾ ਹੈ, ਉਹਦੇ ਵਾਸਤੇ ਇਹਨੂੰ ਆਉਣਾ ਪੈਂਦਾ ਹੈ, ਨਹੀਂ ਤਾਂ ਪ੍ਰਮ ਅਨੰਦ ਵਿਚ ਰਹਿ ਕੇ ਸਦਾ ਦਾ ਜੀਵਨ ਪ੍ਰਾਪਤ ਕਰਕੇ, ਸਦਾ ਦਾ ਸੁੱਖ ਪ੍ਰਾਪਤ ਕਰਦਾ ਹੈ।

ਹੁਣ ਦੋਵੇਂ ਪੱਖ ਵੀਚਾਰ ਲਵੋ - ਇਕ ਦੀਵਾਲੀਆ ਪੱਖ ਹੈ, ਸਾਰਾ ਜੀਵਨ ਮਾਇਕ ਧੰਧਿਆਂ ਵਿਚ ਖਚਿਤ ਹੋ ਕੇ ਲੰਘ ਜਾਂਦਾ ਹੈ। ਜਾਣ ਵੇਲੇ ਵਿਜੋਗ ਦਾ ਦੁਖ ਪੀੜਤ ਕਰਦਾ ਹੈ, ਪਛਤਾਵਾ ਹੁੰਦਾ ਹੈ ਕਿ ਜੋ ਕਰਿਆ ਸੀ ਇਥੇ ਹੀ ਰਹਿ ਗਿਆ, ਨਾਲ ਕੁਝ ਨਹੀਂ ਗਿਆ। ਇਕਨਾਂ ਨੇ ਆਪਣਾ ਫਰਜ਼ ਸਮਝ ਕੇ ਦੁਨੀਆਂ ਦੇ ਠਾਠੇ-ਬਾਗੇ ਵਿਚ ਕਰਮ ਕੀਤੇ ਪਰ ਮਾਲਕ ਨੂੰ ਆਪਣੀ ਸੁਰਤ ਵਿਚ ਵਸਾ ਕੇ ਰਖਿਆ, ਉਸ ਦੇ ਨਾਮ ਨਾਲ ਲਿਵ ਲਗੀ ਰਹੀ, ਨਾਮ ਜਪਿਆ, ਸੰਤਾਂ ਦੀ ਸੰਗਤ ਕੀਤੀ, ਗਿਆਨ ਦੀ ਪ੍ਰਾਪਤੀ ਹੋ ਕੇ ਹਉਂ ਦਾ ਨਾਸ਼ ਹੋ ਗਿਆ, ਆਤਮ ਸਰੂਪ ਵਿਚ ਸਥਿਤੀ ਪ੍ਰਾਪਤ ਹੋ ਗਈ। ਉਹਦੇ ਲਈ ਇਥੇ ਭੀ ਅਤੇ ਅੱਗੇ ਭੀ ਖੇੜੇ ਹੀ ਖੇੜੇ, ਚੜ੍ਹਦੀਆਂ ਕਲਾਂ ਹਨ।

ਇਕ ਜੀਵਨ ਦੀਵਾਲੀਏ ਪੁਣੇ ਦਾ ਹੈ, ਇਕ ਵੱਡੇ ਧਨੀ ਦਾ ਹੈ; ਆਪ ਹੀ ਸੋਚੋ ਕਿ ਕਿਹੜਾ ਲਾਹੇਵੰਦ ਹੈ, ਕਿਹੜਾ ਘਾਟੇ ਦਾ ਅਤੇ ਹੋਕਿਆਂ-ਹਾਵਿਆਂ ਦਾ ਭਰਿਆ ਹੋਇਆ ਹੈ।

« « « « « « «

# ਸੰਤ ਬਿਮਲਾ ਸਿੰਘ

*ਡਾ. ਭਾਈ ਵੀਰ ਸਿੰਘ ਜੀ*

੫

ਉਪਰ ਲਿਖੇ ਸਮਾਚਾਰ ਗੰਗਾ ਕਿਨਾਰੇ ਰਿਖੀਕੇਸ਼ ਵਰਤ ਰਹੇ ਹਨ, ਲਛਮਣ ਝੂਲੇ ਦੇ ਹੇਠਾਂ ਗੰਗਾ ਦਾ ਕਿਨਾਰਾ ਬਹੁਤ ਉੱਚਾ ਹੈ। ਇਸ ਤੋਂ ਹੇਠਾਂ ਵਹਿ ਰਹੇ ਜਲ ਦਾ ਰੰਗ ਅਚਰਜ ਨੀਲਗੂੰ ਹੋ ਕੇ ਚੁੱਪ ਚਾਪ ਅਡੋਲ ਵਹਿੰਦਾ ਮਨਮੋਹਨ ਨਜ਼ਾਰਾ ਦਿਖਾਉਂਦਾ ਹੈ। ਇਸਦੇ ਅੱਗੇ ਚੱਲ ਕੇ ਇਹ ਕੁਛ ਫੇਰ ਲੈ ਕੇ ਰਿਖੀਕੇਸ਼ ਦੇ ਟਿਕਾਣੇ ਖ਼ੂਬ ਤੇਜ਼ ਵਹਿੰਦਾ ਹੈ। ਇਥੇ ਬਰਸਾਤ ਤੋਂ ਮਗਰੋਂ ਜਗ੍ਹਾ ਜਗ੍ਹਾ ਦੂਰ ਨੇੜੇ ਕੱਖਾਂ ਦੀਆਂ ਕੁੱਲੀਆਂ ਪਾ ਕੇ ਸਾਧੂ ਆ ਟਿਕਦੇ ਹਨ। ਸੰਤ ਐਤਕੀ ਇੱਥੇ ਇਕ ਤ੍ਰਿਣ-ਕੁਟੀ ਵਿਚ ਆਣ ਟਿਕੇ ਸਨ। ਸਾਧ ਤਾਂ ਅਨੇਕ ਹੁੰਦੇ ਹਨ ਤੇ ਅਨੇਕ ਮਤਾਂ ਦੇ ਹੁੰਦੇ ਹਨ, ਪਰ ਐਤਕੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਨੂੰ ਸਮਝ ਕੇ ਤੁਰਨ ਤੇ ਤੋਰਨ ਵਾਲੇ ਦਾਨੇ ਇਹੋ ਸਭ ਤੋਂ ਵਧੀਆ ਆਏ ਹੋਏ ਸਨ।

ਦੋ ਇਕ ਦਿਨ ਮਗਰੋਂ ਚਾਨਣ ਸਿੰਘ ਸੰਤਾਂ ਨੂੰ ਮਿਲਨੇ ਲਈ ਫੇਰ ਆਇਆ, ਉਸ ਦੀਆਂ ਛੁੱਟੀਆਂ ਮੁੱਕ ਰਹੀਆਂ ਸਨ। ਜਾਂ ਕੁਟੀ ਆਇਆ ਤਾਂ ਸੰਤ ਨਹੀਂ ਸਨ। ਫਿਰ ਉਹ ਸੈਰ ਦੇ ਖਿਆਲ ਤੇ ਉਪਰ ਨੂੰ ਹੋ ਟੁਰਿਆ ਤੇ ਲਛਮਣ ਝੂਲਾ ਲੰਘ ਕੇ ਡਾਕ ਬੰਗਲੇ ਯਾ ਰੈਸਟ ਹਾਊਸ ਦੇ ਹੇਠ ਦੀ ਨਦੀ ਦੇ ਚੜ੍ਹਾਉ ਵੱਲ ਟੁਰ ਪਿਆ। ਇਥੇ ਅੱਗੇ ਮੀਲ ਕੁ ਦੀ ਵਾਟ ਨਹੀਂ ਗਿਆ ਹੋਊ ਬੇਰੀਆਂ ਜਿਹੀਆਂ ਤੇ ਰੇਤਾ ਜਿਹਾ ਆ ਗਿਆ। ਇਸ ਇਕਾਂਤ ਨੂੰ ਦੇਖ ਕੇ ਚਾਨਣ ਸਿੰਘ ਨਦੀ ਦੇ ਕੰਢੇ ਜਾ ਖੜੋਤਾ ਜੋ ਬੈਠ ਕੇ ਕੁਛ ਬਾਣੀ ਦਾ ਪਾਠ ਕਰੇ। ਅੱਗੇ ਕੀਹ ਦੇਖੇ ਕਿ ਸੰਤ ਇਸ਼ਨਾਨ ਕਰ ਰਹੇ ਹਨ। ਦੇਖ ਕੇ ਖੁਸ਼ ਹੋਇਆ ਫਤਹਿ ਗਜਾਈ ਤੇ ਮੱਥਾ ਟੇਕਣ ਨੂੰ ਦੌੜਿਆ, ਪਰ ਸੰਤਾਂ ਨੇ ਸਿਰ ਹੱਥਾਂ ਤੇ ਸੰਭਾਲ ਲਿਆ - ਖਾਲਸਾ ਜੀ! ਫਤਹਿ ਗਜਾਓ।

ਚਾਨਣ ਸਿੰਘ - ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥

ਸੰਤ - ਉਹ ਮਿਤ੍ਰ ਵਿਚੋਲਾ ਗੁਰ ਨਾਨਕ ਗੁਰੂ ਗੋਬਿੰਦ ਸਿੰਘ ਹੈ।

ਚਾਨਣ ਸਿੰਘ - ਉਨ੍ਹਾਂ ਦਾ ਪਤਾ ਭੀ ਆਪ ਨੇ ਹੀ ਦਿੱਤਾ ਹੈ ਨਾ।

ਸੰਤ - ਹੱਛਾ, ਏਦਾਂ ਹੀ ਸਹੀ, ਜੇ ਗੁਰੂ ਦਾ ਪਤਾ ਅਸਾਂ ਦਿੱਤਾ ਹੈ ਤਾਂ ਸਾਡੇ ਦਿੱਤੇ ਪਤੇ ਪਰ ਤੁਰੋ, ਅਮਲ ਕਰੋ ਤੇ ਉਨ੍ਹਾਂ ਨੂੰ ਪਿਆਰ ਕਰੋ। ਸਾਧੂ ਦੀ ਸੇਵਾ ਜਿਸ ਪਰ ਸਾਧੂ ਪ੍ਰਸੰਨ ਹੁੰਦਾ ਹੈ ਉਸਦੇ ਬਚਨ ਦੀ ਕਮਾਈ ਹੈ। ਸੋ ਸਾਡਾ ਬਚਨ ਹੈ ਕਿ ਮਿਤ੍ਰ ਵਿਚੋਲਾ ਗੁਰੂ ਨਾਨਕ ਹੈ। ਗੁਰੂ ਨਾਨਕ ਹੈ। ਉਪਕਾਰ ਉਸਦਾ ਹੈ, ਰਾਹ ਉਸਦਾ ਹੈ, ਪੰਥ ਉਸਦਾ ਹੈ, ਰਾਹ ਉਸਦਾ ਹੈ, ਪੰਥ ਉਸਦਾ ਹੈ, ਖਾਲਸਾ ਉਸਦਾ ਹੈ, ਉਹ ਸਮਰੱਥ ਹੈ, ਉਹ ਜਾਗਤ ਜੋਤਿ ਹੈ, ਉਸਨੂੰ ਮਿਤ੍ਰ ਵਿਚੋਲਾ ਜਾਣੋ।

ਚਾਨਣ ਸਿੰਘ - ਸਤਿ ਬਚਨ ਜੀ! ਸਤਿ ਬਚਨ ਜੀਓ ਜੀ।.........ਅੱਜ ਆਪ ਇੱਧਰ ਆ ਗਏ?

ਸੰਤ - ਭਾਈ ਅੱਜ ਸਵੇਰੇ ਉਹੋ, ਜਦ ਸੈਣ ਵਾਲੀ ਸਫ ਝਾੜਨ ਲਈ ਚੁਕੀ ਤਾਂ ਹੇਠਾਂ ਪੰਜਾਹ ਰੂਪੈ ਦੇ ਨੋਟ ਪਏ ਸਨ। ਕੱਲ ਇਕ ਸੱਜਣ ਦਰਸ਼ਨ ਦੇਣ ਆਏ ਸਨ ਮਾਇਆ-ਧਾਰੀ ਉਨ੍ਹਾਂ ਨੇ ਮੱਥਾ ਟੇਕੇ ਸਨ ਏਹ ਨੋਟ। ਅਸਾਂ ਮੋੜ ਦਿੱਤੇ। ਏਹ ਕਾਗਤ ਲੋੜ ਦੇ ਨੁਸਖੇ ਹਨ, ਜੋ ਲੋੜਾਂ ਵਾਲਿਆਂ ਨੇ ਲੋੜ ਦੂਰ ਕਰਨ ਲਈ ਲਿਖੇ ਹਨ। ਸੋ ਇਹ ਨੁਸਖੇ ਜਿਨ੍ਹਾਂ ਦੀ ਸਾਨੂੰ ਲੋੜ ਨਹੀਂ ਸੀ ਉਹ ਸੱਜਣ ਜਾਣ ਵੇਲੇ ਸਾਡੇ ਅਨਜਾਣੇ ਲੁਕੋ ਕੇ ਸਫ ਹੇਠ ਧਰ ਗਿਆ। ਸਾਨੂੰ ਰਾਤੀਂ ਸੂੰਹ ਪਈ ਸੀ ਕਿ ਇਸ ਪਾਸੇ ਇੱਧਰ ਕੁਛ ਮੀਲ ਉਪਰ ਇਕ ਗਰੀਬ ਰਹਿੰਦਾ ਹੈ, ਜਿਸਦਾ ਵਾਹੀ ਨਾਲ ਗੁਜ਼ਾਰਾ ਟੋਰਦਿਆਂ ਕਰਜ਼ਾ ਸਿਰ ਹੋ ਗਿਆ ਹੈ ਤੇ ਜੀਆ ਜੰਤ ਖਾਣ ਵਾਲਾ ਹੈ, ਇਸਤ੍ਰੀ ਬੀਮਾਰ ਪਈ ਹੈ। ਸੋ ਇਹ ਲੋੜ ਪੂਰੀ ਕਰਨਹਾਰ ਜੰਤ੍ਰ ਮੰਤ੍ਰ ਉਸ ਨੂੰ ਦੇ ਆਏ ਹਾਂ।........ਹਾਂ, ਭਾਈ, ਮਾਇਆਧਾਰੀ ਸੰਤਾਂ ਪਾਸ ਆਉਂਦੇ ਹਨ, ਸੰਤਾਂ ਤੋਂ ਮਾਇਆ ਦੇ ਮੋਹ ਤੋਂ ਅਤੀਤਤਾਈ ਦਾ ਗੁਣ ਨਹੀਂ ਲੈ ਜਾਂਦੇ, ਸਗੋਂ ਆਪਣੀ ਮਾਇਆ ਉਨ੍ਹਾਂ ਨੂੰ ਦੇ ਜਾਂਦੇ ਹਨ। ਜੋ ਸਾਧੂ ਭੀ ਮਾਇਆ ਕੱਠੀ ਕਰਨ ਲੱਗ ਜਾਵੇ ਤਾਂ ਫੇਰ ਮਾਇਆਧਾਰੀ ਹੋ ਜਾਊ। ਧਾਰਨਾ, ਨਾਮ ਕੱਠੀ ਕਰਨੀ ਤੇ ਸਾਂਭਣੇ ਦਾ ਹੈ ਨਾ? ਹਾਂ ਆਪੇ ਆਈ ਤੇ ਮੱਲੋ ਮੱਲੀ ਆਈ ਨੂੰ ਲੋੜਾਂ ਤੇ ਲਾ ਦੇਣਾ ਤੇ ਹੱਥ ਧੋਈ ਰੱਖਣੇ ਹੀ ਸੁਖਦਾਈ ਹਨ। ਇਹ ਧਾਰਨਾ ਨਹੀਂ ਹੈ। ਕੇਵਲ ਤਿਆਗ ਲਈ ਨਹੀਂ, ਪਰ ਬੇਲੋੜੇ ਹੋਣ ਕਰਕੇ, ਕਿਉਂਕਿ ਸਾਧੂ ਨੇ ਲੋੜ ਜੋ ਘਟਾ ਲਈ ਕਿ ਲੋੜਾਂ ਵਾਲੇ ਸੰਸਾਰ ਵਿਚ ਮੇਰਾ ਭਾਰ ਜਿੰਨਾ ਘਟ ਸਕੇ ਘਟੇ ਤੇ ਮੈਂ ਜਿੰਨਾ ਉਪਕਾਰ ਕਰ ਸਕਾਂ ਕਰਾਂ।

ਚਾਨਣ ਸਿੰਘ - ਇਹ ਉਪਕਾਰ ਦਾ ਖਿਆਲ ਆਪ ਦਾ ਹੀ ਹੈ।

ਸੰਤ - ਇਹ ਸੁਮਤਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਹੈ। ਗੁਰੂ ਨਾਨਕ ਦੇਵ ਜੀ ਨੇ ਡਿੱਠਾ ਕਿ ਜਗਤ ਦੁਖੀ ਹੈ, ਕਾਰਣ ਅਗਿਆਨ ਹੈ। ਅਗਿਆਨ ਦੋ ਪ੍ਰਕਾਰ ਦਾ ਹੈ। ਇਕ ਆਪੇ ਨੂੰ ਨਾ ਸਮਝ ਸਕਣੇ ਦਾ, ਦੂਜੇ ਜਗਤ ਨਾਲ ਵਿਤਕਰੇ ਤੇ ਦ੍ਵੈਖ ਦੀ ਵਰਤੋਂ ਵਰਤਨ ਦਾ। ਦੁਖ ਐਉਂ ਝੀਣੀ ਬਾਨਿ ਦੇ ਰਿਹਾ ਹੈ। ਨਾਨਕ ਦੁਖੀਆ ਸਭੁ ਸੰਸਾਰੁ॥ ਆਪ ਗੁਰੂ ਜੀ ਨੇ ਦਾਰੂ ਏਹ ਦਿੱਤਾ - ਮੰਨੇ ਨਾਉ ਸੋਈ ਜਿਣਿ ਜਾਇ॥ ਨਾਮ ਹੈ ਵਾਹਿਗੁਰੂ ਜੀ ਨਾਲ ਸਾਡੇ ਮਨ ਦਾ ਲਗਾਤਾਰ ਮੇਲ, ਸਗਤਾਤ ਮੇਲ, ਅੰਤਰ ਆਤਮੇ ਮੇਲ। ਇਸ ਮੇਲ ਨਾਲ ਸਾਂਈ ਨਾਲ ਵਿੱਥ ਤੇ ਜਗਤ ਨਾਲ ਵਿਤਕਰਾ ਮਿਟ ਜਾਂਦਾ ਹੈ, ਫਿਰ ਇਹ ਬੰਦਾ ਜਗਤ ਵਿਚ ਦੁਖ ਦੇਣੋਂ ਹਟ ਜਾਂਦਾ ਹੈ। ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ ਫਿਰ ਇਸਨੂੰ ਦੁਖ ਮੇਟਣ ਦਾ ਉਦਮ ਹੋ ਆਉਂਦਾ ਹੈ। ਫੇਰ ਇਹ ਸਰੇ ਤਾਂ ਸੁਖ ਦਾਤਾ ਹੋ ਜਾਂਦਾ ਹੈ। ਗੁਰੂ ਕਾ ਆਦਰਸ਼ ਹੈ -

ਬ੍ਰਹਮਗਿਆਨੀ ਤੇ ਕਛੁ ਬੁਰਾ ਨ ਭਇਆ॥

ਚਾਨਣ ਸਿੰਘ - ਕਿਵੇਂ ਜੀਉ?

ਸੰਤ - ਭਾਈ ਪਹਿਲਾਂ ਉਹ ਆਪਣੇ ਮਨ ਵਿਚ ਉਸ ਸੱਚੇ ਨੂੰ ਵਸਾਉਂਦਾ ਹੈ, ਉਸ ਬਿਨਾਂ ਉਹ ਹੋਰ ਨਹੀਂ ਵੇਖਦਾ। ਉਸਦੇ ਬਚਨਾਂ ਵਿਚ ਭੀ ਫੇਰ ਸੱਚ ਦਾ ਨਿਵਾਸ ਹੁੰਦਾ ਹੈ। ਇਉਂ ਦੀ 'ਸਾਂਈ ਧਾਰਨਾ' ਅੰਦਰ ਧਾਰ ਕੇ ਉਹ ਮਾਇਆ ਦੇ ਜਾਲ ਤੋਂ ਨਿਰਲੇਪ ਹੋ ਜਾਂਦਾ ਹੈ। ਆਪਣੀਆਂ ਲੋੜਾਂ ਘਟਾ ਕੇ ਅਲੇਪ ਹੋ ਕੇ ਸਮ ਭਾਵ ਵਿਚ ਰਹਿੰਦਾ ਹੈ। ਸੋ ਸੁਤੇ-ਸਿੱਧ ਬਾਤ ਹੈ ਕਿ ਉਸ ਤੋਂ ਬੁਰਾ ਹੋਣਾ ਬੰਦ ਹੋ ਜਾਏਗਾ। ਫਿਰ ਉਸਦਾ ਵਰਤਾਉ ਕੀਹ ਹੋਵੇਗਾ? ਬ੍ਰਹਮਗਿਆਨੀ ਕੀ ਸਭ ਊਪਰਿ ਮਇਆ। ਉਸਦੇ ਹਿਰਦੇ ਵਿਚ ਤੇ ਵਰਤੋਂ ਵਿਚ ਮਿਹਰ ਹੋਵੇਗੀ ਤੇ ਉਹ ਮਇਆ ਉਸਦੀ ਸਭ ਤੇ ਹੋਵੇਗੀ। ਫੇਰ ਉਸ ਵਿਚ ਸੁਤੇ ਸਿਧ ਉਮਾਹ ਹੁੰਦਾ ਹੈ, ਜਿਵੇਂ ਚਸ਼ਮੇ ਦੇ ਜਲ ਵਿਚ ਉਮਾਹ ਹੁੰਦਾ ਹੈ। ਚਸ਼ਮਾ ਅੰਦਰੋਂ ਭਰਕੇ ਉਛਲਦਾ ਹੈ। ਇਹ ਉਛਾਲ ਉਸਦਾ ਸਹਜ ਸੁਭਾਉ ਹੁੰਦਾ ਹੈ ਤੇ ਉਮਾਹ ਕਾਹਦਾ ਹੁੰਦਾ ਹੈ - ਪਰਉਪਕਾਰ ਦਾ। ਸੋ ਵਾਕ ਹੈ - 'ਬ੍ਰਹਮਗਿਆਨੀ ਪਰਉਪਕਾਰ ਉਮਾਹਾ॥' ਇਹ ਹੈ ਗੁਰ ਨਾਨਕ ਆਦਰਸ਼ ਜੋ ਗੁਰੂ ਅਰਜਨ ਦੇਵ ਜੀ ਨੇ ਖੋਲ੍ਹ ਕੇ ਸਮਝਾਇਆ ਹੈ। ਸੋ ਪਹਿਲਾ ਕਦਮ ਹੈ 'ਬ੍ਰਹਮਗਿਆਨੀ ਕੈ ਨਾਮੁ ਅਧਾਰੁ॥ ਦੂਸਰਾ ਹੈ, 'ਬ੍ਰਹਮਗਿਆਨੀ ਪਰਉਪਕਾਰ ਉਮਾਹਾ।'

ਚਾਨਣ ਸਿੰਘ (ਕਾਹਲਾ ਹੋ ਕੇ) - ਮੈਂ ਜੀ, ਖਿਮਾ ਕਰਨੀ, ਆਪ ਦੇ ਬਚਨਾਂ ਨੂੰ ਅਟਕਾਰਾ ਪਾਉਂਦਾ ਹਾਂ। ਸੁਹਣੇ ਜੀਓ! ਗੁਰੂ ਤੁਹਾਡਾ ਭਲਾ ਕਰੇ। ਮੈਨੂੰ ਇਕ ਦਿਨ ਸਾਡੇ ਦਫਤਰ ਵਿਚ ਨਵੇਂ ਹੋਏ ਨੌਕਰ ਨੇ ਪੁਛਿਆ, ਰੱਬ ਦੀਹਦਾ ਨਹੀਂ, ਤੁਸੀਂ ਕਿਵੇਂ ਮੰਨਦੇ ਹੋ ਕਿ ਉਹ ਹੈ? ਮੈਂ ਜੋ ਕਹਿ ਸਕਿਆ ਕਿਹਾ, ਪਰ ਜੀ ਤੁਸੀਂ ਕੋਈ ਪੱਕੀ ਗੱਲ ਦੱਸੋ ਨਾ ਕਿ ਹੈ ਕਿ ਨਹੀਂ?

ਸੰਤ - ਭਾਈ, ਤੂੰ ਹੈਂ ਕਿ ਨਹੀਂ?

ਚਾਨਣ ਸਿੰਘ - ਜੀਓ ਇਹ ਤਾਂ ਮੈਨੂੰ ਦਿਸਦਾਹੈ ਕਿ ਮੈਂ ਹਾਂ।

ਸੰਤ - ਫੇਰ ਉਹ ਭੀ ਹੈ।

ਚਾਨਣ ਸਿੰਘ - ਉਹ ਕਿਵੇਂ ਜੀ?

ਸੰਤ - ਭਾਈ ਅੰਸ਼ ਕਹੇ ਅੰਸ਼ੀ ਨਹੀਂ, ਤਾਂ ਕੀਹ ਠੀਕ ਹੈ?

ਚਾਨਣ ਸਿੰਘ (ਸੋਚ ਸੋਚ ਕੇ) - ਅੱਛਾ, ਕਹੁ ਕਬੀਰੁ ਇਹੁ ਰਾਮ ਕੀ ਅੰਸੁ ਠੀਕ ਹੈ।

ਸੰਤ - ਭਾਈ! ਇਕ ਲੱਕੜੀ ਦਾ ਟੁਕੜਾ ਆਖੇ ਕਿ ਸੂਰਜ ਨਹੀਂ ਹੈ, ਕੀ ਇਹ ਗੱਲ ਮੰਨਣ ਯੋਗ ਹੋਊ। ਲੱਕੜੀ ਨੂੰ ਸੂਰਜ ਨੇ ਬਣਾਇਆ। ਤੁਸੀਂ ਪੜ੍ਹੇ ਗੁੜ੍ਹੇ ਹੋ, ਸੋਚੋ ਜੇ ਸੂਰਜ ਨਾ ਹੋਵੇ ਤਾਂ ਧਰਤੀ ਉਤੇ ਘਾਹ ਦਾ ਤ੍ਰਿਣ ਬੀ ਨਾਂ ਉੱਗੇ। ਬ੍ਰਿਛ ਕਿ ਲੱਕੜੀ, ਕੋਇਲਾ ਕਿ ਪੱਥਰ ਦਾ ਕੋਇਲਾ ਸਭ ਲੂਜ ਸੂਰਜ ਨੇ ਬਣਾਏ ਹਨ। ਫੇਰ ਇਨ੍ਹਾਂ ਵਿਚ ਸੂਰਜ ਦੀ ਅੰਸ਼ ਮੌਜੂਦ ਹੈ। ਇਨ੍ਹਾਂ ਨੂੰ ਜਦੋਂ ਹੀ ਕਿ ਅਗਨੀ ਦੀ ਛੁਹ ਮਿਲੇਗੀ ਸੂਰਜ ਵਾਂਙੂ ਬਲ ਪੈਣਗੇ, ਚਮਕ ਪੈਣਗੇ, ਆਪਣੇ ਅੰਸ਼ੀ ਸਮਾਨ ਪ੍ਰਜ੍ਵਲਤ ਹੋ ਖੜੋਣਗੇ। ਲੱਕੜੀ ਨੂੰ ਨਹੀਂ ਕਹਿਣਾ ਚਾਹੀਦਾ - ਸੂਰਜ ਹੈ ਨਹੀਂ, ਉਸਨੂੰ ਚਾਹੀਦਾ ਹੈ ਕਿ ਆਪਣਾ ਅੰਧਕਾਰ ਦੂਰ ਕਰੇ, ਰੌਸ਼ਨ ਹੋਵੇ ਫੇਰ ਆਪ ਨੂੰ ਬੀ ਜੋਤਿ ਰੂਪ ਅਨੁਭਵ ਕਰ ਲਊ ਤੇ ਉਸ ਆਪਣੇ ਪ੍ਰਕਾਸ਼ ਵਿਚ ਪ੍ਰਮਾਤਮ ਦੇਵ ਨੂੰ ਬੀ ਦੇਖ ਲਊ।

ਚਾਨਣ ਸਿੰਘ - ਬਹੁਤ ਠੀਕ! ਵਾਹਵਾ, ਸੁਆਦ ਆ ਗਿਆ ਹੈ। ਜੀਓ ਜੀ ਕੋਈ ਹੋਰ ਯੁਕਤੀ?

ਸੰਤ - ਭਾਈ! ਕਾਰਣ ਤੋਂ ਕਾਰਜ ਰੂਪ ਹੋ ਕੇ ਉਪਜੇ ਬਣੇ ਪਦਾਰਥਾਂ ਲਈ ਯੁਕਤੀਆਂ ਤੇ ਸਬੂਤ? ਜੋ ਕਿਸੇ ਕਾਰਣ ਦਾ ਕਾਰਜ ਨਹੀਂ, ਜੋ ਸਭ ਕਾਰਣਾਂ ਦਾ ਮੂਲ ਕਾਰਣ ਤੇ ਆਪ ਅਕਾਰਨ ਹੈ ਉਸ ਪਰ ਯੁਕਤੀ ਦਲੀਲ ਹਾਵੀ ਕੀਕੂੰ? ਉਂਞ ਨਜ਼ਰ ਮਾਰ, ਤਕ ਕੁਦਰਤ ਕਾਦਰ ਦੀ ਉਗਾਹੀ ਦੇ ਰਹੀ ਹੈ - ਗੁਰੂ ਸਾਹਿਬ ਦਸਦੇ ਹਨ ਕਿ ਮੈਂ ਕਰਤਾਰ ਨੂੰ ਕੁਦਰਤ ਵਿਚ ਬੀ ਦੇਖ ਕੇ ਉਸਦਾ ਪ੍ਰੇਮੀ ਹੋ ਗਿਆ ਹਾਂ - ਕਰਤੇ ਕੁਦਰਤੀ ਮੁਸਤਾਕੁ॥ ਤੂੰ ਭਾਈ ਪੜਿਆ ਹੋਇਆ ਹੈਂ, ਦੇਖ ਖਾਂ ਕੁਦਰਤ ਵਿਚ ਹਿਸਾਬ ਹੈ,

ਸੁਹਜ ਹੈ, ਤਰਤੀਬ ਹੈ, ਵਿਉਂਤ ਹੈ ਯਾ ਤੁਸੀਂ ਜਿਵੇਂ ਕਹੋਗੇ ਮੈਥੇਮੈਟਿਕਸ ਹੈ। ਡੀਜ਼ਾਈਨ ਹੈ, ਹਰ ਸ਼ੈ ਦੀ ਬਨਾਵਟ ਵਿਚ, ਹਰ ਪ੍ਰਬੰਧ ਵਿਚ। ਕਿਹੜੀ ਵਸਤੂ ਕੈਮਿਸਟਰੀ (ਰਸਾਇਣ ਵਿਦਿਆ) ਨੇ ਕੋਜੀ ਤੇ ਵਿਤ੍ਰੇਕ ਕੀਤੀ ਹੈ ਜਿਸ ਵਿਚ ਕਿ ਉਸਦੇ ਅਵੈਵਾਂ ਦੀ ਤਰਤੀਬ ਤੇ ਮੇਣਤੀ ਗੇਣਤੀ ਵਿਚ ਹਿਸਾਬ ਨਹੀਂ ਦੇਖਿਆ ਤੇ ਇਨ੍ਹਾਂ ਦੇ ਹੀ ਰਤਾ ਰਤਾ ਜਿੰਨੇ ਫਰਕਾਂ ਨਾਲ ਦੇਖ ਕਿ ਪਦਾਰਥ ਹੋਰ ਦੇ ਹੋਰ ਟੁਰੇ ਜਾਂਦੇ ਹਨ, ਇਹ ਸਾਰੇ ਰਚਨਾ ਦੇ ਵਿਚ ਕਿਸੇ ਚੇਤਨਤਾ ਦਾ ਹੱਥ ਹੋਣ ਦੇ ਸਬੂਤ ਹਨ। ਹਾਂ ਭਾਈ! ਕਿਵੇਂ ਤੁਸੀਂ ਮੰਨ ਲੈਂਦੇ ਹੋ ਕਿ ਕੁਛ ਨਹੀਂ ਤੋਂ ਇਹ ਸਾਰਾ ਆਕਾਰ, ਇਹ ਦਿੱਸ ਰਿਹਾ ਸਾਮਾਨ, ਇਹ ਸਾਰਾ ਪ੍ਰਬੰਧ ਬਣ ਗਿਆ। ਹੈ ਤੋਂ ਹੀ ਇਹ ਦਿੱਸ ਰਹੀ ਰਚਨਾ ਜੋ ਭਾਂਤ ਭਾਂਤ ਦੀ ਹੈ, ਅੱਡ-ਅੱਡ ਹਾਲਤਾਂ ਤੇ ਕਾਰਣਾਂ ਤੋਂ ਉਪਜ ਤੇ ਹੋ ਸਕਦੀ ਹੈ। ਨਹੀਂ ਤੋਂ ਹੈ ਕੀਕੂੰ? ਫਿਰ ਇਸ ਦਿਸਦੇ ਵਿਚ ਕ੍ਰਮ, ਤਰਤੀਬ, ਪ੍ਰਬੰਧ, ਹਿਸਾਬ, ਜੋ ਬੁੱਧੀ ਦੇ ਕਾਰਜ ਹਨ ਪਤਾ ਦੇ ਰਹੇ ਹਨ ਕਿ ਕੋਈ ਵਿਸ਼ਾਲ ਚੇਤਨਾ ਇਸਦੀ ਸਾਜਣਹਾਰ ਹੈ।

ਚਾਨਣ ਸਿੰਘ - ਜੀਉ ਜੀ ਠੀਕ ਹੈ, ਸਭ ਕੁਛ ਦਿਲ ਤੇ ਬੈਠਦਾ ਹੈ, ਸੁਆਦ ਦੇਂਦਾ ਹੈ, ਮੈਂ ਮੰਨਦਾ ਹਾਂ, ਹੁਣ ਤਾਂ ਵੱਡੇ-ਵੱਡੇ ਸਾਇੰਸਵੇਤਾ ਬੀ ਅਨੇਕਾਂ ਹਨ ਜੋ ਮੰਨਦੇ ਹਨ, ਪਰ ਜੀ ਕਿਵੇਂ ਦਿੱਸ ਬੀ ਪਵੇ?

ਸੰਤ - ਦਿੱਸ ਬੀ ਪੈਂਦਾ ਹੈ। ਜੋ ਸ਼ੈ ਦ੍ਰਿਸ਼ਟਮਾਨ ਹੋ ਸਕਦੀ ਹੈ, ਉਹ ਦਿੱਸ ਸਕਦੀ ਹੈ, ਜੋ ਦ੍ਰਿਸ਼ਟਮਾਨ ਨਹੀਂ ਉਹ ਦਿੱਸ ਨਹੀਂ ਸਕਦੀ।

ਚਾਨਣ ਸਿੰਘ - ਦ੍ਰਿਸ਼ਟਮਾਨ ਕੀਹ ਜੀਓ? ਦਿੱਸਣ ਵਾਲੀ?

ਸੰਤ - ਜਿਸਨੂੰ ਤੁਸੀਂ ਪੱਛਮੀ ਬੋਲੀ ਵਿਚ ਔਬਜੈਕਟਿਵ ਆਖਦੇ ਹੋ। ਤੁਸੀਂ ਦੇਖਣਹਾਰ ਹੋ ਕੇ ਦੀਸਣਹਾਰ ਯਾ ਦ੍ਰਿਸ਼ਟਮਾਨ ਨੂੰ ਦੇਖ ਰਹੇ ਹੋ। ਜੋ ਦ੍ਰਿਸ਼ਟਮਾਨ ਹੈ ਸੋ ਸਤਿਗੁਰ ਨੇ ਦੱਸਿਆ ਹੈ ਕਿ 'ਦ੍ਰਿਸਟਿਮਾਨ ਹੈ ਸਗਲ ਮਿਥੇਨਾ।' ਦ੍ਰਿਸ਼ਟਮਾਨ ਰੂਪ ਵਟਾਉਂਦਾ ਹੈ, ਰੰਗ ਬਦਲਦਾ ਹੈ, ਹੋਰ ਤੋਂ ਹੋਰ ਹੁੰਦਾ ਹੈ, ਇਕ ਰਸ ਅਟੱਲ ਨਹੀਂ ਰਹਿੰਦਾ। ਪਰਮਾਤਮਦੇਵ ਜਗਤ ਰਚਨਾ ਵਿਚ ਦ੍ਰਿਸ਼ਟਮਾਨ ਪਹਿਲੂ ਵਿਚ ਦ੍ਰਿਸ਼ਟਮਾਨ ਨਹੀਂ ਹੈ, ਉਹ ਦ੍ਰਿਸ਼ਟਾ ਹੈ ਉਸਨੂੰ ਸਭ ਕੁਝ ਦ੍ਰਿਸ਼ਟਮਾਨ ਹੈ, ਦ੍ਰਿਸ਼ਟਮਾਨ ਦ੍ਰਿਸ਼ਟਾ ਨੂੰ ਨਹੀਂ ਦੇਖ ਸਕਦਾ, 'ਓਹ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।' ਇਹ ਗੁਰੂ ਨਾਨਕ ਵਾਕ ਹੈ। ਪਰ ਇਕ ਹੋਰ ਤਰੀਕਾ ਹੈ ਦ੍ਰਿਸ਼ਟਾ ਨੂੰ ਦੇਖਣਾ ਦਾ, ਉਹ ਹੈ ਅਨੁਭਵ। ਅਨੁਭਵ ਨੂੰ ਸਮਝਣ ਵਾਸਤੇ ਇਕ ਦ੍ਰਿਸ਼ਟਾਂਤ ਦੇਂਦਾ ਹਾਂ, ਉਹ ਪੂਰਾ ਤਾਂ ਨਹੀਂ, ਪਰ ਤੁਸਾਨੂੰ ਜਾਚ ਦੱਸ ਦੇਵੇਗਾ ਸਮਝਣ ਦੀ ਕਿ ਦ੍ਰਿਸ਼ਟਾ ਦੀ ਲੱਖਤਾ ਕਿਵੇਂ ਹੁੰਦੀ ਹੈ ਤੇ ਅਨੁਭਵ ਕਿੱਕੁਰ ਦਾ ਗਿਆਨ ਹੋ ਸਕਦਾ ਹੈ। ਤੁਸੀਂ ਸਾਰੇ ਜਗਤ ਨੂੰ ਆਪਣੀ ਦ੍ਰਿਸ਼ਟੀ ਨਾਲ ਦੇਖ ਰਹੇ ਹੋ, ਤੁਹਾਡੀ ਨਜ਼ਰ ਸਭ ਕੁਛ ਦੇਖ ਰਹੀ ਹੈ, ਪਰ ਕੀਹ ਤੁਸਾਂ ਕਦੇ ਆਪਣੀ ਨਜ਼ਰ ਬੀ ਦੇਖੀ ਹੈ? ਨਜ਼ਰ ਨੂੰ ਦ੍ਰਿਸ਼ਟਮਾਨ ਬਣਾ ਕੇ ਆਪਣੇ ਨੈਣਾਂ ਦੇ ਸਾਮ੍ਹਣੇ ਰੱਖ ਕੇ ਤੁਸੀਂ ਉਸ ਤਰ੍ਹਾਂ ਨਹੀਂ ਦੇਖ ਸਕਦੇ ਜਿਵੇਂ ਕਿ ਤੁਸੀਂ ਮੈਨੂੰ ਦੇਖ ਰਹੇ ਹੋ। ਪਰ ਤੁਸੀਂ ਜਾਣਦੇ ਹੋ ਕਿ ਤੁਸੀਂ ਸੂਰਦਾਸ ਨਹੀਂ, ਤੁਸੀਂ ਦੇਖਦੇ ਹੋ ਕਿ ਨਜ਼ਰ ਕੋਈ ਸ਼ੈ ਹੈ, ਜੋ ਤੁਸਾਂ ਨਾਲ ਇਕ ਤਰ੍ਹਾਂ ਉਸ ਦ੍ਰਿਸ਼ਟਾ ਨੂੰ, ਆਪਣੇ ਆਪੇ ਵਿਚ ਜੁੜ ਜੁੜ ਕੇ ਆਪਣੇ ਆਪੇ ਵਿਚ ਮਿਲੇ ਹੋਏ ਅਨੁਭਵ ਕਰੀਦਾ ਹੈ, ਇਸ ਲਈ ਅੰਤਰਮੁਖ ਅਭਿਆਸ ਦੀ ਲੋੜ ਹੈ। ਸਾਡੇ ਅੰਦਰ ਉਹ ਅੰਤਰਜਾਮੀ ਅੰਤਰ ਸਥਿਤ ਹੋ ਕੇ ਸਾਡੇ ਨਾਲ ਮਿਲਿਆ ਹੋਇਆ ਬੈਠਾ ਹੈ। ਉਸਨੂੰ ਅਨੁਭਵ ਨਾਲ ਸਿਆਣ ਸਕੀਦਾ ਹੈ, ਜਿਸ ਲਈ ਅੰਤਰਮੁਖ ਹੋਣ ਦਾ ਅਭਿਆਸ ਕਰੋ। ਜਦੋਂ ਮਨ ਬਾਹਰਮੁਖੀ ਹੈ, ਦ੍ਰਿਸ਼ਟਮਾਨ ਨਾਲ ਮਾਨੋ ਅਭੇਦ ਹੋ ਰਿਹਾ ਹੈ, ਹਰ ਛਿਨ ਇਹ ਗੰਗਾ ਦੇ ਤਰੰਗਾਂ ਵਾਂਗੂੰ ਫੁਰਨਿਆਂ ਵਿਚ ਤ੍ਰਪ ਰਿਹਾ ਹੈ, ਅਨੇਕ ਮੈਲਾਂ ਨਾਲ ਭਰਿਆ ਪ੍ਰਵਾਹ ਰੂਪ ਹੋ ਕੇ ਵਹਿ ਰਿਹਾ ਹੈ, ਖੜ੍ਹਾ ਕਰੋ ਸੁ, ਮੈਲਾਂ ਬੈਨਣ ਦਿਓਸੁ, ਫੇਰ ਇਸ ਵਿਚ ਆਪਣੇ ਆਪ ਨੂੰ ਅਤੇ ਪਰਮਾਤਮਦੇਵ ਦੀ ਹੋਂਦ ਨੂੰ ਤੱਕ ਲੈਣਾ, ਇਸ ਦਾ ਪਰਮ ਸ਼ੁੱਧ ਸਰੂਪ ਅਨੁਭਵ ਕਰ ਲੈਣਾ। ਹੁਣ ਤਾਂ ਭਾਈ ਤੁਹਾਨੂੰ ਤੁਹਾਡੀ ਵਿਦਿਆ ਵਿਗਿਆਨ (ਸਾਇੰਸ) ਤੋਂ ਬਥੇਰੇ ਦ੍ਰਿਸ਼ਟਾਂਤ ਮਿਲਦੇ ਹਨ। ਰੇਡੀਓ ਤੋਂ ਸੁਮਤਿ ਲਓ। ਸਾਰੇ ਜਹਾਨ ਦੇ ਰੇਡੀਓ ਦੇ ਗਾਉਣੇ ਕਿਸੇ ਲਹਿਰਾਉ ਵਾਲੇ ਰੂਪ ਵਿਚ ਤੁਹਾਡੇ ਆਲੇ ਦੁਆਲੇ ਚੱਕਰ ਲਾ ਰਹੇ ਹਨ, ਤੁਸੀਂ ਕਿਉਂ ਨਹੀਂ ਉਨ੍ਹਾਂ ਨੂੰ ਸੁਣਦੇ ਤੇ ਗਾਉਣਹਾਰਿਆਂ ਨੂੰ ਦੇਖਦੇ? ਕੀ ਇਸ ਦਾ ਸਿੱਟਾ ਇਹ ਨਿਕਲੂ ਕਿ ਉਹ ਹੈਨ ਨਹੀਂ? ਕਦੇ ਨਹੀਂ। ਤੁਸੀਂ ਕੋਈ ਪ੍ਰਤੀਤੀ ਕਰਨ ਵਾਲੀ ਵਸਤੂ ਉਤਨੀ ਨਾਜ਼ਕ ਪੈਦਾ ਕਰ ਲਓ ਕਿ ਉਨ੍ਹਾਂ ਲਹਿਰਾਵਾਂ ਨੂੰ ਪ੍ਰਤੀਤ ਕਰ ਸਕੇ ਤਾਂ ਉਹ ਪ੍ਰਤੱਖ ਹੋ ਜਾਊ। ਸੋ ਰੇਡੀਓ ਵਿਚ ਜਦ ਉਹ ਸਾਮਾਨ ਕਰ ਦਿਤਾ ਗਿਆ ਤਾਂ ਉਹ ਲਹਿਰਾਉ ਰੂਪ ਵਾਲਾ ਲਹਿਰਾਵਨਹਾਰ ਬੋਲਣਹਾਰ ਹੋ ਗਿਆ। ਤਿਵੇਂ ਭਾਈ ਆਪਣੇ ਮਨ ਨੂੰ, ਜੋ ਦ੍ਰਿਸ਼ਟਮਾਨ ਪਦਾਰਥਾਂ ਨਾਲ ਲਗ ਰਿਹਾ ਹੈ ਤੇ ਉਨ੍ਹਾਂ ਨਾਲ ਮਾਨੋਂ ਤਦਰੂਪ ਹੋ ਰਿਹਾ ਹੈ, ਮੋੜੋ ਅੰਦਰ ਨੂੰ, ਉਹ ਦ੍ਰਿਸ਼ਟਾ ਰੁਖ ਵਲ ਇਕਾਗਰ ਹੋਣਾ ਸਿੱਖੇ, ਏਕਾਗਰ ਹੁੰਦਾ ਹੁੰਦਾ ਜਦ ਉਹ ਦ੍ਰਿਸ਼ਟਮਾਨ ਦੀ ਤਦਰੂਪਤਾ ਤੋਂ ਉਚੇਰਾ ਹੋ ਜਾਏਗਾ, ਉਸ ਵਿਚ ਪ੍ਰਤੀਤੀ ਦੀ ਉਹ

ਨਜ਼ਾਕਤ ਆ ਜਾਏਗੀ ਕਿ ਜੋ ਦ੍ਰਿਸ਼ਟਾ ਵਾਹਿਗੁਰੂ ਨੂੰ ਪ੍ਰਤੀਤ ਕਰ ਲਵੇਗੀ, ਅਨੁਭਵ ਕਰ ਲਵੇਗੀ।

ਚਾਨਣ ਸਿੰਘ – ਸਤਿ ਹੈ। ਦ੍ਰਿਸ਼ਟਮਾਨ ਪਦਾਰਥਾਂ ਦੇ ਗਿਆਨ ਲਈ ਅਸੀਂ ਸਾਇੰਸ ਦੁਆਰਾ ਦਸ ਦਸ ਵੀਹ ਵੀਹ ਵਰ੍ਹੇ ਪਏ ਟੱਕਰਾਂ ਮਾਰਦੇ ਹਾਂ ਤਾਂ ਕੁਛ ਪਤਾ ਚਲਦਾ ਹੈ ਤੇ ਇਧਰ ਦ੍ਰਿਸ਼ਟਾ ਵਸਤੂ ਦੇ ਜਾਣਨੇ ਲਈ ਅਸੀਂ ਥੋੜ੍ਹਾ ਪੜ੍ਹ ਕੇ ਚਾਹੁੰਦੇ ਹਾਂ ਕਿ ਆਪੇ ਹੱਥ ਜੋੜੀ ਉਹ ਸਾਡੇ ਮਗਰ ਮਗਰ ਕਿਉਂ ਨਹੀਂ ਫਿਰਦਾ ਤੇ ਹੁੱਜਤ ਬਣਾ ਕੇ ਸੁਖੀ ਹੋ ਜਾਂਦੇ ਹਾਂ ਕਿ ਹੈ ਤਾਂ ਦਿਸਦਾ ਕਿਉਂ ਨਹੀਂ? ਆਪ ਦੇ ਫੁਰਮਾਨ ਮੁਜਬ ਮੇਰੀ ਤਾਂ ਤਸੱਲੀ ਹੋ ਗਈ ਹੈ ਅੱਜ ਸਾਰਾ ਸੰਸਾ ਨਵਿਰਤ ਹੋ ਗਿਆ ਹੈ। ਠੰਢ ਪੈ ਗਈ ਹੈ। ਹੁਣ ਇਕ ਗੱਲ ਹੈ, ਉਹ ਕ੍ਰਿਪਾ ਕਰਕੇ ਦੱਸ ਦਿਓ, ਜਦੋਂ ਕਿ ਕੋਈ ਇਨਸਾਨ ਆਪ ਦੇ ਫੁਰਮਾਨ ਮੁਜਬ ਗੁਰਬਾਣੀ ਦੇ ਪਾਠ, ਵੀਚਾਰ, ਅਰਦਾਸ, ਸ਼ੁਕਰ, ਕੀਰਤਨ, ਨਾਮ ਸਿਮਰਨ, ਪ੍ਰੇਮ ਦੁਆਰਾ ਦ੍ਰਿਸ਼ਟਾ ਦੇ ਅਨੁਭਵ ਵਿਚ ਪਹੁੰਚ ਗਿਆ, ਤਾਂ ਉਸ ਅਨੰਦ ਵਿਚ ਨਿਮਗਨ ਕਿਉਂ ਨਾ ਹੋ ਜਾਵੇ, ਫੇਰ ਕੀਹ ਲੈਣਾ ਸੁ ਦੁਨੀਆਂ ਨਾਲ ਵਾਹ ਪਾ ਕੇ ਉਪਕਾਰ ਦਾ ਕਿ ਸੇਵਾ ਦਾ ਬੀ।

ਸੰਤ ਮੁਸਕਰਾ ਕੇ – ਠੀਕ ਕਿਹਾ ਜੇ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਕਸਰ ਦਾਨਿਆਂ ਦਾ ਰੁਖ ਇਹੀ ਸੀ ਜੋ ਤੁਸਾਂ ਜੀ ਨੇ ਕਿਹਾ ਹੈ। ਪਰ ਗੁਰੂ ਜੀ ਨੇ ਡਿੱਠਾ ਕਿ ਜਦ ਐਸੇ ਸਤਿਪੁਰਖ ਜੋ ਸੁਖੀ ਹੋ ਜਾਂਦੇ ਹਨ, ਆਪਣੇ ਜੀਵਨ ਮੁਕਤੀ ਦਾ ਰਸ ਲੈਣ ਲਈ ਅਲੱਗ ਹੋ ਕੇ ਏਕਾਂਤ ਥਾਂਈ ਟੁਰ ਜਾਂਦੇ ਹਨ ਤਾਂ ਪਿੱਛੇ ਜੋ ਲੋਕ ਰਹਿ ਜਾਂਦੇ ਹਨ ਸਰਬ ਸਾਧਾਰਨ ਹੁੰਦੇ ਹਨ, ਅਨਪੜ੍ਹ ਹੁੰਦੇ ਹਨ, ਨਾ ਦੀਨ ਸੰਭਾਲ ਸਕਦੇ ਹਨ ਨਾ ਦੁਨੀਆਂ। ਇਸ ਤਰ੍ਹਾਂ ਭਾਈਚਾਰਾ ਕਹੋ, ਪਰਜਾ ਕਹੋ, ਲੋਕੀ ਕਹੋ, ਜਿਸਨੂੰ ਤੁਸੀਂ ਸੁਸਾਇਟੀ ਆਖੋਗੇ, ਤਬਾਹ ਹੋ ਗਈ ਹੈ। ਗੈਰ ਮੁਲਕਾਂ ਦੇ ਜਰਵਾਣੇ ਆਉਂਦੇ ਹਨ, ਲੁਟਦੇ ਹਨ ਰਾਜ ਕਰਦੇ ਹਨ, ਇਨ੍ਹਾਂ ਨੂੰ ਅਨੇਕ ਤਰ੍ਹਾਂ ਨਾਲ ਵੱਢ-ਵੱਢ ਖਾਂਦੇ ਹਨ। ਉਨ੍ਹਾਂ ਸਤਿਗੁਰਾਂ ਨੇ ਵੀਚਾਰਿਆ ਕਿ ਥੋੜ੍ਹੇ ਬਨਬਾਸੀਆਂ ਨੇ ਆਤਮ ਸੁਖ ਮਾਣ ਲਿਆ ਤਾਂ ਕੀਹ ਜੇ ਬਾਕੀ ਪਰਜਾ ਆਤਮ ਸੁਖ ਤਾਂ ਕਿਤੇ ਰਿਹਾ, ਸੁਤੰਤਰਤਾ ਦਾ ਸੁਖ ਬੀ ਖੋਹ ਬੈਠੇ, ਵਿਦਿਆ ਤੇ ਸਰੀਰਕ ਆਰਾਮ ਬੀ ਗੁਆ ਬੈਠੇ ਤੇ ਪ੍ਰਸ਼ਾਦ ਪਾਣੀ ਤਕ ਬੀ ਉਖੇਰੇ ਹੋ ਜਾਣ। ਇਸ ਉਨ੍ਹਾਂ ਦੇ ਸਰਬੱਤ ਦੇ ਭਲੇ ਦੀ ਵੀਚਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਇਉਂ ਫੁਰਮਾਇਆ – 'ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥' ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਪੂਰਨ ਬ੍ਰਹਮ ਪਛਾਤਾ ਹੈ, ਉਨ੍ਹਾਂ ਨੇ ਸਗਲ ਸਮੂਹ ਦਾ ਉਧਾਰ ਕੀਤਾ ਹੈ ਤੇ ਕਰਨਾ ਹੈ। ਉਨ੍ਹਾਂ ਨੇ ਕੇਵਲ ਆਪਣੀ ਕਲਿਆਣ ਯਾ ਆਪਣੇ ਥੋੜ੍ਹੇ ਪ੍ਰੇਮੀਆਂ ਦੀ ਕਲਿਆਣ ਦਾ ਵੀਚਾਰ ਨਹੀਂ ਕੀਤਾ, ਪਰ ਉਨ੍ਹਾਂ ਨੇ ਸਗਲ ਦੇ ਉਧਾਰ ਦਾ ਪ੍ਰਬੰਧ ਕੀਤਾ ਹੈ। ਇਸ ਤੋਂ ਪਹਿਲੀ ਤੁਕ ਵਿਚ ਫੁਰਮਾਉਂਦੇ ਹਨ – 'ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤ ਬਿਧਾਤਾ।' ਪਰਮੇਸੁਰ ਦੇ ਪਿਆਰੇ ਜਨ – ਗੁਰੂ ਨਾਨਕ – ਦਾ ਜਨਮ ਸਫਲ ਜਨਮ ਹੋਇਆ ਹੈ, ਜਿਨ੍ਹਾਂ ਨੇ ਜੀਵਾਂ ਦਾ ਸਗਲ ਸਮੂਹ ਦਾ ਉਧਾਰ ਕਰਕੇ ਉਨ੍ਹਾਂ ਨੂੰ ਪਰਮਸੁਰ ਦੇ ਸੋਹਣੇ ਪੁਤਰ ਬਣਾ ਦਿਤਾ ਹੈ। ਭਾਵਏਂ ਕਿ ਗੁਰੂ ਨਾਨਕ ਦੇਵ ਜੀ ਨੇ ਸਗਲ ਦੇ ਉਧਾਰ ਨੂੰ ਮੁਖ ਰੱਖਿਆ, ਇਸੇ ਕਰਕੇ ਸਿੱਖ ਧਰਮ ਦਾ ਆਚਾਰਯ ਸਾਧੂ, ਸੰਤ, ਮਹਾਤਮਾ, ਗੁਣੀ, ਗੁਰਮੁਖ ਉਹੋ ਹੈ ਜੋ ਪਹਿਲਾਂ 'ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨ ਕੋਇ' ਦੀ ਅਵਸਥਾ ਪਾ ਕੇ ਫੇਰ.....ਪਰਉਪਕਾਰ ਉਮਾਹਾ ਦੇ ਰੰਗ ਵਿਚ ਕੰਮ ਕਰਦਾ ਹੈ। ਇਕ ਆਪਣੀ ਨਹੀਂ, ਪਰ ਜਗਤ ਦੀ ਕਲਿਆਣ ਜਥਾ ਸ਼ਕਤਿ ਜੋ ਕੁਛ ਹੋਵੇ ਸੇਵਾ ਕਰਦਾ ਹੈ।

ਚਾਨਣ ਸਿੰਘ – ਪਹਿਲੋਂ ਆਪ ਪ੍ਰਬੁੱਧ ਹੋਣਾ ਜ਼ਰੂਰੀ ਹੈ? ਐਵੇਂ ਕੋਈ ਨਿਰਾ ਉਪਕਾਰੀ ਹੋ ਜਾਵੇ ਤਾਂ......?

ਸੰਤ – ਹੁਕਮ ਹੈ ਗੁਰ ਨਾਨਕ ਦੇਵ ਜੀ ਦਾ ਪਹਿਲੋ ਦੇ ਜੜ ਅੰਦਰਿ ਜੰਮੈ ਤਾਂ ਉਪਰਿ ਹੋਵੈ ਛਾਂਉ। ਬ੍ਰਿੱਛ ਭਾਈ! ਦੂਸਰਿਆਂ ਨੂੰ ਛਾਂ ਤਾਂ ਹੀ ਦੇ ਸਕੇਗਾ ਜਾਂ ਪਹਿਲੋਂ ਉਗੇ, ਜੜ੍ਹ ਪੱਕੀ ਹੋਵੇ ਤੇ ਫੇਰ ਬ੍ਰਿੱਛ ਫਲੇ ਤਾਂ। ਪੰਜਵੇਂ ਗੁਰਾਂ ਨੇ ਫੁਰਮਾਇਆ, ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ। ਭਾਈ, ਜਦ ਤਾਂਈ ਆਦਮੀ ਨੂੰ ਅੰਦਰ ਆਪਣੇ ਨਿਸਚੇ ਨਹੀਂ ਹੋਇਆ ਕਿ ਆਪਾ ਮੇਰਾ ਹਉਂ ਦੇ ਹਨ੍ਹੇਰੇ ਤੋਂ ਛੁੱਟ ਕੇ ਸੁਖ ਰੂਪ ਹੈ ਤਦ ਤਾਂਈ ਦੂਜੇ ਭਲੇ ਲਈ ਆਪਾ ਵਾਰਨਾ ਕਠਨ ਖੇਡ ਹੈ। ਜੋ ਲੋਕ ਅੰਦਰੋਂ ਹਉਂ ਕੱਟ ਕੇ ਸਾਂਈ ਦੇ ਨਾਮ ਦੇ ਆਧਾਰ ਨਾਲ ਗਿਆਨਵਾਨ ਨਹੀਂ ਹੋਏ ਉਨ੍ਹਾਂ ਨੂੰ ਆਪਣੇ ਸੁਆਰਥ ਦੀ ਖਿੱਚ ਟਪਲੇ ਦੇ ਜਾਂਦੀ ਹੈ ਤੇ ਉਹ ਖੁਦਗਰਜ਼ੀ ਦੇ ਹੱਥੋਂ ਨਹੀਂ ਛੁਟਦੇ ਤੇ ਪਰਾਏ ਭਲੇ ਵਿਚ ਔਖੇ ਨਿਭਦੇ ਹਨ। ਜਿਨ੍ਹਾਂ ਨੇ ਸਾਂਈ ਪ੍ਰੇਮ ਵਿਚ ਟੇਕ ਲਾਈ ਹੈ ਤੇ ਆਪਣੇ ਸ਼ੁਭ ਕਰਮ ਬੀ ਉਸਨੂੰ ਅਰਪੇ ਹਨ, ਉਨ੍ਹਾਂ ਤੋਂ ਜਗਤ ਨੂੰ ਸੁੱਖ ਮਿਲਿਆ ਹੈ। ਜਿਨ੍ਹਾਂ ਨੇ ਆਪ ਪ੍ਰਬੁੱਧ ਹੋਏ ਬਿਨਾਂ, ਸਾਂਈ ਨੂੰ ਪ੍ਰੀਤਮ ਬਨਾਏ ਬਿਨਾ, ਉਪਕਾਰ ਕੀਤੇ ਹਨ। ਉਨ੍ਹਾਂ ਬਾਬਤ ਤੁਹਾਡੀ ਪੱਛਮੀ ਬੋਲੀ ਵਿਚ ਇਕ ਕਹਾਵਤ ਹੈ ਜਿਸਦਾ ਅਰਥ ਹੈ ਕਿ ਉਪਕਾਰ ਦਾ ਅੰਤ ਅਪਕਾਰ ਹੁੰਦਾ ਹੈ, ਅਰਥਾਤ ਉਪਕਾਰੀ ਆਦਮੀ ਉਪਕਾਰ ਦੇ ਉਲਟ ਹੋ ਕੇ ਨਿਬੜਦਾ ਹੈ। ਕਾਰਣ ਇਹ ਹੈ ਕਿ ਉਪਕਾਰੀ ਨੂੰ ਮੁਸ਼ਕਲਾਂ ਆਉਂਦੀਆਂ ਹਨ। ਜਗਤ ਉਪਕਾਰ ਲੈ ਕੇ ਮਾੜੇ ਵਰਤਾਉ ਕਰਦਾ ਹੈ, ਜਿਸ ਤੋਂ ਮਨ

ਦੁਖੀ ਹੁੰਦਾ ਹੈ। ਉਪਕਾਰੀਆਂ ਨੂੰ ਹੀ ਸੂਲੀਆਂ ਫਾਹੇ ਤੇ ਕੈਦਾਂ ਮਿਲੀਆਂ। ਜਿਸ ਉਪਕਾਰੀ ਦੇ ਅੰਦਰ ਪ੍ਰਭੂ ਦੀ ਟੇਕ ਹੈ, ਜਿਸ ਦੇ ਗਿਆਨ ਨੇਤ੍ਰ ਖੁਲ੍ਹੇ ਹਨ, ਉਹ ਜਗਤ ਦੇ ਮੰਦੇ ਸਲੂਕਾਂ ਨਾਲ ਘਾਬਰਦਾ ਨਹੀਂ ਤੇ ਅੰਤ ਪ੍ਰਯੰਤ ਜਗਤ ਉਧਾਰ ਦੇ ਕੰਮ ਵਿਚ ਨਿਭ ਜਾਂਦਾ ਹੈ। ਵਾਹਿਗੁਰੂ ਦੇ ਗਿਆਨ ਤੋਂ ਹੀਨ ਪੁਰਖ ਉਪਕਾਰਾਂ ਵਿਚ ਅੱਕ ਥੱਕ ਜਾਂਦਾ ਹੈ, ਕਈ ਵੇਰ ਉਪਕਾਰ ਛੱਡ ਹੀ ਬੈਠਦਾ ਹੈ।

ਫੇਰ ਇਕ ਸੋਚ ਹੋਰ ਹੈ। ਗੁਰਮਤਿ ਅਨੁਸਾਰ ਪਰਮੇਸ਼ਰ ਦਾ ਪਿਆਰਾ ਜਦ ਲੋਕਾਂ ਦੀਆਂ ਪੀੜਾਂ ਹਰਦਾ ਹੈ ਤਾਂ ਉਨ੍ਹਾਂ ਨੂੰ ਪਰਮੇਸ਼ਰ ਦਾ ਗਿਆਨ ਬੀ ਦਿੰਦਾ ਹੈ, ਜੀਵਨ ਦੇ ਉਚੇ ਆਦਰਸ਼ ਸਿਖਾਲਦਾ ਹੈ। ਜੇ ਇਹ ਨਾਂ ਸਿਖਾਲੇ ਤੇ ਦੁਖ ਹਰੇ ਤਾਂ ਦੁੱਖਾਂ ਦੇ ਦੂਰ ਹੋਇਆਂ ਓਹੋ ਦੁਖੀ ਤੇ ਪਾਪੀ ਲੋਕ ਆਪਣੇ ਪਹਿਲੇ ਖੁਦਗਰਜ਼ੀ ਤੇ ਵਿਕਾਰਾਂ ਦੇ ਸੁਭਾਵ ਵਿਚ ਵਰਤਦੇ ਹਨ ਤੇ ਜਗਤ ਲਈ ਦੁਖਦਾਈ ਹੋ ਜਾਂਦੇ ਹਨ। ਇਕ ਪ੍ਰਸਿੱਧ ਪੱਛਮੀ ਲੇਖਕ ਨੇ ਇਕ ਕਹਾਣੀ ਲਿਖੀ ਹੈ, ਜਿਸਦਾ ਸੰਖੇਪ ਭਾਵ ਇਹ ਹੈ ਕਿ ਸ੍ਰੀ ਈਸਾ ਜੀ ਨੇ ਇਕ ਕੋੜ੍ਹੀ ਨੂੰ ਰਾਜ਼ੀ ਕਰ ਦਿਤਾ, ਸਮੇਂ ਬਾਅਦ ਉਹ ਦੇਖਣ ਗਏ ਕਿ ਉਹ ਕੋਹੜੀ ਹੁਣ ਕੀਹ ਕਰ ਰਿਹਾ ਹੈ? ਤਾਂ ਓਹ ਕੀ ਦੇਖਦੇ ਹਨ ਕਿ ਉਹ ਇਕ ਸੁੰਦਰ ਮਕਾਨ ਵਿਚ ਬੈਠਾ ਸ਼ਰਾਬ ਪੀ ਰਿਹਾ ਤੇ ਵਿਕਾਰ ਕਮਾ ਰਿਹਾ ਹੈ। ਤਾਂ ਉਨ੍ਹਾਂ ਨੇ ਪੁਛਿਆ ਭਾਈ ਕੀ ਤੂੰ ਓਹੋ ਕੋਹੜੀ ਹੈਂ? ਉਸਨੇ ਚਰਨ ਪਕੜੇ ਤੇ ਕਿਹਾ ਹਾਂ ਰੱਬੀ! ਮੈਂ ਉਹੋ ਹਾਂ ਜਿਸਨੂੰ ਤੁਸਾਂ ਰਾਜ਼ੀ ਕੀਤਾ ਸੀ। ਓਹ ਕਹਿਣ ਲੱਗੇ ਭਾਈ ਇਹ ਤੂੰ ਕੀਹ ਕਰਮ ਕਰ ਰਿਹਾ ਹੈਂ? ਉਸਨੇ ਕਿਹਾ ਫੇਰ ਪ੍ਰਭੂ ਜੀ ਮੈਂ ਹੋਰ ਕੀ ਕਰਦਾ ਤੇ ਕੀਹ ਕਰਾਂ? ਇਸ ਲਈ ਗੁਰੂ ਆਦਰਸ਼ ਨੇ ਸਿਖਲਾਇ ਹੈ ਕਿ ਜਿਵੇਂ ਖੋਤੇ ਦੀ ਪਿਛਾੜੀ ਤਾਂ ਖੁਹਲੀ ਦੀ ਹੈ ਜੇ ਉਸਨੂੰ ਲੱਦ ਲਈਏ ਤਾਂ, ਨਹੀਂ ਤਾਂ ਸੁਆਹ ਵਿਚ ਲੇਟਦਾ ਹੈ ਤੇ ਉਡਾ ਕੇ ਦੂਸਰਿਆਂ ਦੇ ਸਿਰ ਪਾਉਂਦਾ ਹੈ। ਸੋ ਜੋ ਪਹਿਲਾਂ ਆਪ ਉਚ ਜੀਵਨ ਵਾਲਾ ਹੋ ਗਿਆ ਹੈ ਉਹ ਦੂਸਰਿਆਂ ਦੇ ਦੁਖ ਦੂਰ ਕਰਨ ਵਿਚ ਸਹਾਇਤਾ ਬੀ ਕਰੇਗਾ ਤੇ ਉਨ੍ਹਾਂ ਨੂੰ ਉਚ ਜੀਵਨ ਦੀ ਮਤ ਬੀ ਦੇਵੇਗਾ, ਨਹੀਂ ਤਾਂ ਡਰ ਹੈ ਕਿ ਆਪ ਬੀ ਅੱਕ ਥੱਕ ਜਾਵੇਗਾ ਤੇ ਦੁੱਖ ਦੂਰ ਕਰਕੇ ਖੁਦਗਰਜ਼ਾਂ ਦੀਆਂ ਪਿਛਾੜੀਆਂ ਹੀ ਕਈ ਵੇਰ ਖੁਹਲੇਗਾ, ਜੋ ਖੇਹਾਂ ਉਡਾਉਣਗੇ। ਇਹ ਗੱਲਾਂ ਸਦਾ ਨਹੀਂ ਹੁੰਦੀਆਂ ਮੈਂ ਜੋ ਕਹਿ ਰਿਹਾ ਹਾਂ ਅਕਸਰ ਹੋਣ ਵਾਲੀਆਂ ਕਹਿ ਰਿਹਾ ਹਾਂ। ਹਾਂ ਦਾਰੂ ਕਰੀਦਾ ਹੈ ਤਾਂ ਸਰਬਥਾ ਕਰੀਦਾ ਹੈ, ਸੋ ਉਪਕਾਰੀ ਨੂੰ ਸਿਖਿਆ ਦਾਤਾ ਬੀ ਹੋਣਾ ਚਾਹੀਦਾ ਹੈ।

੬

ਜਿਸ ਵੱਡੇ ਪੱਥਰ ਤੇ ਬੈਠੇ ਸੰਤ ਗੱਲਾਂ ਕਰ ਰਹੇ ਸਨ, ਉਸ ਦੇ ਪਿੱਛੇ ਇਕ ਹੋਰ ਉਚਾ ਚਿਟਾਨ ਜਿਹਾ ਸੀ, ਇਸ ਦੇ ਨਾਲ ਇਕ ਬੰਗਾਲੀ ਸੰਤ ਬੈਠੇ ਸਨ, ਉਹ ਸੰਤਾਂ ਦੀ ਵਾਰਤਾਲਾਪ ਸੁਣਦੇ ਰਹੇ ਸਨ। ਜੀਵਨ ਮੁਕਤੀ ਵਾਲੇ ਸੰਤ ਦਾ ਫੇਰ ਜਗਤ ਵਿਚ ਆ ਕੇ ਵੱਸਣਾ ਤੇ ਪਰਉਪਕਾਰ ਕਰਨਾ ਸੁਣ ਕੇ ਅਚਰਜ ਹੋ ਰਹੇ ਸਨ। ਉਹ ਹੁਣ ਓਥੋਂ ਉਠ ਕੇ ਸਨਮੁਖ ਆ ਗਏ ਤੇ ਨਮਸਕਾਰ ਕਰਕੇ ਬਹਿ ਗਏ, ਆਖਣ ਲੱਗੇ, ਜੇ ਆਪ ਦੀ ਗੁਫਤਗੂ ਵਿਚ ਦਖਲ ਦੇਣਾ ਬੇਅਦਬੀ ਨਾ ਹੋਵੇ ਤਾਂ ਮੈਂ ਕੁਛ ਪੁੱਛਣਾ ਚਾਹੁੰਦਾ ਹਾਂ ਕਿ ਜੀਵਨ ਮੁਕਤ ਦਾ ਰਸ ਕੀਹ ਤੇ ਜਗਤ ਦੇ ਬਖੇੜੇ ਕੀਹ? ਮੈਂ ਹੁਣ ਇਸ ਥਾਂ ਤੋਂ ਦੋ ਸੌ ਕੋਹ ਉਪਰ ਪਹਾੜ ਵਿਚ ਇਕਾਂਤ ਦੋ ਸਾਲ ਕੱਟ ਕੇ ਆਇਆ ਹਾਂ। ਇਹੋ ਜਿਹਾ ਰਸ ਪਰਵਿਰਤੀ ਵਿਚ ਕਿੱਥੇ ਹੈ ਜੋ ਇਕਾਂਤ ਵਿਚ ਦੇਖਿਆ ਹੈ। ਆਪ ਕਹਿ ਰਹੇ ਹੋ ਕਿ ਜੀਵਨ ਮੁਕਤੀ ਵਾਲਾ ਭੀ ਹੋਵੇ ਤੇ ਆਪਣੇ ਹੀ ਨਹੀਂ, ਸਗੋਂ ਜਗਤ ਦੇ ਬਖੇੜੇ ਸਹੇੜ ਕੇ ਫੇਰ ਸੁਖੀ ਹੋ ਰਹੇ। ਇਸ ਪ੍ਰਕਾਰ ਕਿਵੇਂ ਹੈ?

ਸੰਤ - ਗੱਲ ਤਾਂ ਕੁਛ ਇਵੇਂ ਹੈ, ਪਰ ਇਤੇ ਜੋ ਗੱਲ ਹੁਣ ਹੋ ਰਹੀ ਹੈ ਇਸ ਤੋਂ ਉਲਟਵੇਂ ਰੁਖ ਤੋਂ ਹੋ ਰਹੀ ਹੈ। ਜੀਵਨ ਮੁਕਤਿ ਪਰਵਿਰਤੀ ਕਰੇ ਇਉਂ ਨਹੀਂ, ਪਰ ਗੱਲ ਇਸ ਵੇਲੇ ਹੋ ਰਹੀ ਹੈ ਕਿ ਜਗਤ ਦੇ ਉਪਕਾਰੀ ਜੋ ਪਰਮੇਸੁਰ ਵਿਚ ਨੇਸ਼ਟਾ ਭਗਤੀ ਧਾਰੇ ਬਿਨਾਂ ਜਗਤ ਦਾ ਉਪਕਾਰ ਕਰਦੇ ਹਨ, ਉਨ੍ਹਾਂ ਨੂੰ ਘਬਰਾ, ਉਦਾਸੀ, ਕਈ ਵੇਰ ਉਪਕਾਰ ਦਾ ਤਿਆਗ ਯਾ ਇਸ ਵਿਚ ਗਿਲਾਨੀ ਪ੍ਰਾਪਤ ਹੁੰਦੀ ਹੈ। ਇਸ ਲਈ ਉਪਕਾਰ ਦੀ ਭਾਵਨਾ ਵਾਲੇ ਨੂੰ ਲੋੜੀਂਦਾ ਹੈ ਕਿ ਸਾਂਈ ਵਿਚ ਆਪਣਾ ਧਰੁੱਵਾ ਗੱਡ ਕੇ, ਉਚ ਜੀਵਨ ਦਾ ਆਦਰਸ਼ ਬਣਾ ਕੇ ਜਗਤ ਦਾ ਉਪਕਾਰ ਕਰੇ। ਜਿਸ ਦੇ ਅੰਦਰ ਕੋਈ ਉੱਚਾ ਸੁੱਚਾ ਤੇ ਸੱਚੇ ਆਦਰਸ਼ ਦਾ ਆਸਰਾ ਨਹੀਂ, ਉਹ ਕਈ ਵੇਰ ਨਿਰਾਸਤਾ ਨੂੰ ਪਹੁੰਚਦਾ ਹੈ ਜਦੋਂ ਕਿ ਉਪਕਾਰ ਕਰਦਿਆਂ ਠੁਹਕਰਾਂ ਤੇ ਉਖੇੜਾਂ ਲਗਦੀਆਂ ਹਨ ਤੇ ਇਸ ਗੱਲ ਦਾ ਜਗਤ ਇਤਿਹਾਸ ਉਗਾਹ ਹੈ ਕਿ ਉਪਕਾਰ ਕਰਨ ਵਾਲੇ ਨਾਲ ਜਗਤ ਨੇ ਅਕਸਰ ਉਪਕਾਰ ਹੀ ਕੀਤਾ ਹੈ। ਦੂਸਰੇ ਪਾਸੇ ਇਤਿਹਾਸ ਤੇ ਤਜਰਬਾ ਦੱਸਦਾ ਹੈ ਕਿ ਗਿਆਨਹੀਨ ਉਪਕਾਰੀ ਉਪਕਾਰ ਵਿਚ ਗਲਤੀਆਂ ਖਾਂਦੇ ਤੇ ਅਣਜਾਣੇ ਅਪਕਾਰ ਕਰ ਬੈਠਦੇ ਹਨ। ਸਗੋਂ ਅਕਸਰ ਵੇਰ ਪ੍ਰਬੁੱਧ ਹੋਏ ਬਿਨਾਂ ਉਪਕਾਰ ਕਰਨ ਵਾਲੇ ਆਪਣੀ ਹਉਮੈਂ ਨੂੰ ਹੀ ਪੱਠੇ ਪਾਉਂਦੇ ਹਨ, ਉਨ੍ਹਾਂ ਦੇ ਉਪਕਾਰ ਉਨ੍ਹਾਂ ਦੇ ਅਹੰਕਾਰ ਤੇ ਮਨ ਦੇ ਅਭਿਮਾਨ ਤੋਂ ਹੁੰਦੇ ਹਨ, ਇਸ ਕਰਕੇ ਉਹ ਉਨ੍ਹਾਂ ਦੇ ਆਪਣੇ ਲਈ ਬੀ ਹਾਨੀਕਾਰਕ ਹੋ ਜਾਂਦੇ ਹਨ। ਫਿਰ ਦੇਖਿਆ ਗਿਆ ਹੈ ਕਿ ਰਿਆਕਾਰ ਲੋਕ ਉਪਕਾਰ ਨੂੰ ਆਪਣੇ ਮਾੜੇ ਕਰਮਾਂ ਦੀ ਚਾਦਰ ਬੀ ਬਣਾਉਂਦੇ ਹਨ।

ਦੇਖਣੇ ਵਿਚ ਆਇਆ ਹੈ ਕਿ ਕੇਵਲ ਇਖ਼ਲਾਕੀ ਆਚਰਨ ਬਨਾਓ ਤੇ ਇਨਸਾਨ ਨਾਲ ਹਮਦਰਦੀ ਕਰੋ ਐਸਾ ਉਪਦੇਸ ਦੇਣ ਵਾਲੇ ਆਪ ਮਹਾਨ ਸਵਾਰਥੀ ਹੁੰਦੇ ਹਨ ਤੇ ਇਸ ਪਰਦੇ ਹੇਠ ਦੁਕਾਨਾਂ ਟੋਰਦੇ ਹਨ ਤੇ ਇਸ ਕਰਕੇ ਦਾਨਿਆਂ ਨੇ ਕਿਹਾ ਹੈ ਕਿ ਉਪਕਾਰੀ ਵਿਚ ਬਹੁਤ ਸਾਰੀ ਅਕਲ ਦੀ ਲੋੜ ਹੈ, ਪਰ ਗੁਰਮਤਿ ਦਾ ਵੀਚਾਰ ਇਹ ਹੈ ਕਿ ਉਪਕਾਰੀ ਪੁਰਖ ਐਸਾ ਉੱਚ ਆਚਰਨੀਯ ਲੋੜੀਦਾ ਹੈ, ਜੋ ਅੰਤ੍ਰੀਵ ਹਉਮੈ ਨੂੰ ਸਮਝਦਾ ਹੋਵੇ ਤੇ ਬਹਰੰਗ ਹਉਮੈ-ਖੁਦਗਰਜ਼ੀ ਦੇ ਹੱਥੋਂ ਛੁੱਟ ਚੁਕਾ ਹੋਵੇ। ਇਹ ਗੱਲ ਉਸਨੂੰ ਪ੍ਰਾਪਤ ਤਾਂ ਹੁੰਦੀ ਹੈ ਜੋ ਪਰਮੇਸ਼ਰ ਤੇ ਟਿਕਦਾ ਹੈ। ਜੋ ਆਪਣੇ ਕਰਮ ਉਸਨੂੰ ਅਰਪਦਾ ਹੈ, ਉਸ ਪ੍ਰੇਮ ਰੂਪ ਪ੍ਰਮੇਸ਼ਰ ਦੀ ਟੇਕ ਵਾਲੇ ਵਿਚ ਪ੍ਰੇਮ ਹੁੰਦਾ ਹੈ, ਜਿਸ ਕਰਕੇ ਉਹ ਉਮਾਹੂ ਹਮਦਰਦੀ ਵਿਚ ਹੁੰਦਾ ਹੈ। ਉਸ ਦਾ ਮਨ ਪ੍ਰਬੁੱਧ ਹੁੰਦਾ ਹੈ ਇਸ ਕਰਕੇ ਉਹ ਸਮਝ ਕੇ ਨੇਕੀ ਕਰਦਾ ਹੈ, ਜੋ ਨੇਕੀ ਕਿ ਨੇਕੀ ਦਾ ਫਲ ਲਿਆਵੇ। ਉਹ ਆਪਣੇ ਪ੍ਰਬੁੱਧ ਮਨ ਨੂੰ ਬੀ ਵਾਹਿਗੁਰੂ ਜੀ ਦੀ ਰਾਖੀ ਵਿਚ ਟੋਰਦਾ ਹੈ ਜੋ ਉਸ ਨੂੰ ਸ਼ੁਭ ਕੰਮਾਂ ਵਿਚ ਪਰਮਾਤਮ ਦੇਵ ਦੀ ਰਾਹਨੁਮਾਈ ਤੇ ਅਨੁਗ੍ਰਹ ਦੀ ਸਹਾਇਤਾ ਮਿਲਦੀ ਰਹੇ, ਉਸ ਦੀ ਨੇਕੀ ਮੰਗਤਪੁਣਾ ਨਾ ਵਧਾਵੇ ਨਾ ਦਲਿਦਰ ਤੇ ਪਾਪ ਵਲ ਰੁਚੀ ਦੁਆਵੇ, ਨਾ ਕੱਚੇ ਕੁਸ਼ਾਮਤੀਆਂ ਦੀ ਭੀੜ ਦੁਆਲੇ ਕੱਠੀ ਕਰ ਦੇਵੇ, ਨਾ ਆਪਣੇ ਵਿਚ ਹੰਕਾਰ ਕਿ ਲੋਕਾਂ ਤੋਂ ਗਿਲਾਨੀ ਪੈਦਾ ਕਰੇ।

ਹੁਣ ਇਸ ਗੱਲ ਨੂੰ ਜਦ ਉਲਟਾਓਗੇ, ਸੰਤ ਜੀ! ਤਾਂ ਦੇਖੋਗੇ ਕਿ ਮੈਂ ਕਹਿ ਰਿਹਾ ਹਾਂ ਕਿ ਜੀਵਨ ਮੁਕਤ ਲੋਕਾਂ ਨੂੰ ਉਪਕਾਰ ਕਰਨਾ ਚਾਹੀਦਾ ਹੈ। ਓਨ੍ਹਾਂ ਦਾ ਅਲੱਗ ਹੋ ਬਹਿਣਾ ਗੁਰੂ ਘਰ ਵਿਚ ਪ੍ਰਵਾਨ ਨਹੀਂ। ਇਥੇ ਕਿਆ ਸਾਧੂ, ਕਿਆ ਗ੍ਰਿਹਿਸ਼ਤੀ, ਜੋ ਜੋ ਗੁਰੂ ਗਿਆਨ ਨਾਲ ਪ੍ਰਬੁੱਧ ਹੋਵੇ, ਉਸ ਦਾ ਫਰਜ਼ ਹੁੰਦਾ ਹੈ ਕਿ ਉਹ ਦਾਤਾ ਹੋ ਵਰਤੇ, ਉਹ ਵੰਡੇ, ਉਹ ਦੇਵੇ, ਕਿਉਂਕਿ ਓਹੋ ਦੇਣ ਨੂੰ ਸਮਰੱਥ ਹੈ ਤੇ ਓਸੇ ਪਾਸ ਦਰੁਸਤੀ ਨਾਲ ਦੇਣ ਦਾ ਚਾਨਣ ਹੈ। ਇਕ ਆਖਦੇ ਹਨ ਜਿਨ੍ਹਾਂ ਨੇ ਭਗਵੰਤ ਨੂੰ ਪਿਆਰ ਕੀਤਾ ਹੈ, ਓਨ੍ਹਾਂ ਨੇ ਜਗਤ ਨੂੰ ਪਿਆਰ ਕਰ ਲਿਆ ਹੈ। ਇਕ ਆਖਦੇ ਹਨ ਜਿਨ੍ਹਾਂ ਨੇ ਜਗਤ ਨੂੰ ਪਿਆਰ ਕੀਤਾ ਹੈ, ਓਨ੍ਹਾਂ ਨੂੰ ਜਗਤ ਪਿਆਰ ਦੀ ਸੋਝੀ ਮਿਲੀ ਹੈ ਕਿ ਜਿਨ੍ਹਾਂ ਨੇ ਭਗਵੰਤ ਨਾਲ ਪਿਆਰ ਕੀਤਾ ਹੈ, ਉਨ੍ਹਾਂ ਨੂੰ ਜਗਤ ਪਿਆਰ ਦੀ ਠੀਕ ਸੋਝੀ ਆਈ ਹੈ, ਇਸ ਸੋਝੀ ਵਿਚ ਜਿਨ੍ਹਾਂ ਨੇ ਜਗਤ ਨੂੰ ਪਿਆਰ ਕੀਤਾ ਹੈ ਉਨ੍ਹਾਂ ਨੇ ਭਗਵੰਤ ਨੂੰ ਵਿਆਪਕ ਜਾਣਿਆ ਹੈ।

ਬੰਗਾਲੀ ਸੰਤ - ਬਹੁਤ ਖੂਬ। ਪਰ ਇਹ ਸਤਿਆ ਹੈ ਕਿ ਅੰਦਰੋਂ ਹਉਂ ਨੂੰ ਸਮਝ ਕੇ ਪਰਮਾਤਮ ਦੇਵ ਨੂੰ ਅਨੁਭਵ ਕਰਕੇ ਹੀ ਆਪਣੇ ਅਸਲ ਆਪੇ ਦੀ ਤੇ ਜਗਤ ਨਾਲ ਸਾਡਾ ਕੀਹ ਸਬੰਧ ਹੈ, ਦੀ ਸੋਝੀ ਆਉਂਦੀ ਹੈ, ਇਹ ਸੋਝੀ ਜੋ ਉਪਕਾਰ ਕਰਾਵੇ ਉਹੀ ਠੀਕ ਉਪਕਾਰ ਹੋ ਸਕਦਾ ਹੈ ਤੇ ਇਹੋ ਸੋਝੀ ਉਪਕਾਰ ਕਰਨ ਲਈ ਤੰਦਰੁਸਤ ਤੇ ਅਰੋਗ ਇੱਛਾ ਉਤਪਤ ਕਰਦੀ ਹੈ। ਸੋ ਆਪ ਨੇ ਜੋ ਤੁਕ ਪੜ੍ਹੀ ਸੀ ਬਹੁਤ ਦਰੁਸਤ ਹੈ - 'ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।' ਪਰ ਮੇਰੀ ਇਕ ਆਸ਼ੰਕਾ ਹੈ ਕਿ ਕਿਆ ਜੀਵਨ ਮੁਕਤੀ ਦਾ ਆਨੰਦ ਪਰਉਪਕਾਰ ਦੀਆਂ ਮੁਸ਼ਕਲਾਂ ਵਿਚ ਸੰਭਵ ਹੈ?

ਸੰਤ - ਜੀਓ, ਗੁਰਮਤਿ ਵਿਚ ਇਸ ਦਾ ਇਕ ਦਾਰੂ ਲਿਖਿਆ ਹੈ। ਉਹ ਹੈ ਹੁਕਮ ਦੀ ਸਿਆਣ। ਜੇ ਇਹ ਜੀਵਨ ਮੁਕਤੀ ਦੇ ਰਸ ਨੂੰ ਆਪਣਾ ਜਾਣ ਕੇ ਲਗ ਰਿਹਾ ਹੈ ਤਾਂ ਅਜੇ ਬੀ ਕਿਸੇ ਲੇਸ਼ ਮਾਤ੍ਰ ਹਉਂ ਵਿਚ ਹੀ ਹੈ। ਜੇ ਹੁਕਮ ਪਛਾਣੇ ਤਾਂ ਹਉਂ ਦਾ ਪ੍ਰਭਾਵ ਸਾਰਾ ਦੂਰੀ ਤੇ ਜਾ ਖਲੋਂਦਾ ਹੈ, 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੇ ਨ ਕੋਇ।' ਜੇ ਸਾਧਕ ਨੂੰ ਸਮਾਂ ਜੀਵਨ ਮੁਕਤੀ ਦੇ ਰਸ ਲੈਣ ਦਾ ਮਿਲ ਗਿਆ ਤਾਂ ਹੁਕਮ ਪਛਾਣੇ, ਜੈਸਾ ਕਿ ਆਪ ਦੋ ਬਰਸ ਏਕਾਂਤ ਰਹਿ ਕੇ ਰਸ ਲੈ ਆਏ ਹੋ। ਅੱਜ ਅਚਾਨਕ ਆਪ ਇਸ ਨਿਰਜਨ ਥਾਂਵੇਂ ਟਿਕ ਰਹੇ ਸਾਓ, ਸਾਡਾ ਕੋਈ ਕੰਮ ਨਹੀਂ ਸੀ ਏਥੇ, ਭਾਣੇ ਵਿਚ ਗਲੇ ਆ ਪਈ ਮਾਇਆ ਨੂੰ ਸਫਲ ਕਰਨੇ ਨਮਿਤ ਏਧਰ ਆ ਗਏ। ਇਹ ਸਿੰਘ ਜੀ ਬਿਨਾ ਜਾਣੇ ਕਿ ਅਸੀਂ ਕਿਥੇ ਹਾਂ, ਇਧਰੇ ਪ੍ਰੇਰੇ ਆ ਗਏ, ਸਾਡੀ ਵਾਰਤਾਲਾਪ ਆਪ ਦੇ ਨੇੜੇ ਹੋ ਪਈ, ਆਪ ਸੁਣ ਕੇ ਖੁਸ਼ੀ ਹੋਏ ਹੋ, ਹੁਣ ਸ਼ਾਇਦ ਆਪ ਲਈ ਹੁਕਮ ਹੈ ਕਿ ਜਗਤ ਦਾ ਉਪਕਾਰ ਕਰੋ। ਸੋ ਜੇ ਆਪ ਨੂੰ ਚਾਉ ਹੋ ਆਵੇ ਤਾਂ ਆਪ ਹੁਕਮ ਸਮਝ ਕੇ ਕਰੋ। ਸਾਧੂ ਨੂੰ ਲੋੜੀਏ ਇਹ ਸਮਝ-ਦੁਖ ਆਵੈ ਹੁਕਮ, ਸੁਖ ਆਵੇ ਹੁਕਮ। ਜਦ ਫੇਰ ਇਕਾਂਤ ਦੀ ਆਗਿਆ ਆਵੇ, ਇਕਾਂਤ ਹੋ ਕੇ ਆਪਣੇ ਅੰਦਰ ਨੂੰ ਸੁਖੀ ਸੁਰਜੀਤ ਕਰ ਲਵੇ। ਸੋ ਤੁਸੀਂ ਜੇ ਚਾਹੋ ਤਾਂ ਜਗਤ ਵਿਚ ਸੇਵਾ ਕਰਦਿਆਂ ਯਾਦ ਵਿਚ ਵੱਸੋ, ਵਿਚ ਵਿਚ ਜੋ ਸਮੇਂ ਵਧੇਰੇ ਮਿਲਦੇ ਹਨ ਸਾਂਈ ਯਾਦ ਵਿਚ ਲਾਓ। ਜਦੋਂ ਕੋਈ ਕੰਮ ਮੁੱਕਾ, ਜਾਤਾ ਹੁਕਮ ਬੀ ਭੁਗਤ ਗਿਆ, ਹੁਣ ਲਓ ਆਪਣੇ ਆਪੇ ਵਿਚ ਟਿਕਣ ਦਾ ਰਸ। ਜਦੋਂ ਐਨ ਰਸ ਮੱਤੇ ਵਿਚ ਜਗਤ ਪੀੜਾ ਹਰਨ ਦੀ ਆਈ ਝੀਣੀ ਆਵਾਜ਼, ਨਾ ਸਮਝੋ ਕਿ ਹਾਇ ਦੁਖ ਆ ਗਿਆ, ਮੇਰਾ ਸੁਖ ਚੱਲਿਆ, ਉਸ ਵੇਲੇ ਸਮਝੋ ਹੁਕਮ ਆਇਆ ਹੈ, ਉਹ ਕੰਮ ਦੁਖ ਹਰਨ ਦਾ ਹੁਕਮ ਵਿਚ ਕਰੋ, ਕਰਕੇ ਅਰਪਨ ਕਰੋ ਹੁਕਮੀ ਨੂੰ। ਆਪ ਅੰਦਰ ਸੰਸਕਾਰ ਮਾਤ੍ਰ ਨਾ ਰੱਖੋ। ਉਪਕਾਰ ਵਿਚ ਸਭ ਜਾਰੀ ਹੋ ਪਏ ਸੰਕਲਪ ਧੋ ਕੇ ਨਿਜਾਨੰਦ ਵਿਚ ਸਾਂਈ ਪਿਆਰ ਵਿਚ ਜੁੜ ਜਾਓ। ਗਿਆਨਵਾਨ ਲਈ ਸਿਮਰਨ ਦਾ ਇਹੋ ਫਲ ਹੈ ਕਿ

ਸਿਮਰਨ ਉਸਦੇ ਆਨੰਦ ਦੀ ਬਾਧਾ ਨਹੀਂ ਹੋਣ ਦਿੰਦਾ ਤੇ ਹੁਕਮ ਵਿਚ ਸੋਝੀ ਦੇਈ ਰੱਖਦਾ ਹੈ।

ਬੰਗਾਲੀ ਸੰਤ (ਠੰਢਾ ਸਾਹ ਲੈ ਕੇ) – ਬਹੁਤ ਖੂਬ। ਹੁਕਮ ਦਾ ਧ੍ਰਵਾ ਗੁਰੂ ਨਾਨਕ ਦਾ ਸਾਧੂ ਲਈ ਬਹੁਤ ਅੱਛਾ ਹੈ। ਮੈਂ ਗੁਰੂ ਨਾਨਕ ਦਾ ਯਸ਼ ਬਹੁਤ ਸੁਣਿਆ ਹੈ। ਕਦੇ ਕਦੇ ਕੋਈ ਉਨ੍ਹਾਂ ਦੇ ਸੰਗੀਤ ਭੀ ਸੁਣੇ ਸਨ ਪਰ ਮਾਰਗ ਦਾ ਮੈਂ ਵਾਕਫ ਨਹੀਂ। ਨਾਂ ਉਨ੍ਹਾਂ ਦੇ ਜੀਵਨ ਦਾ ਜਾਣੂ ਹਾਂ। ਕੀਹ ਅਮਲੀ ਤੌਰ ਤੇ ਵੇਖ ਸਕਣ ਲਈ ਮੈਨੂੰ ਕੋਈ ਵਾਕਿਆ ਦੱਸ ਸਕਦੇ ਹੋ ਕਿ ਜੀਵਨ ਮੁਕਤੀ ਦੇ ਰਸ ਵਿਚ ਹੁੰਦਿਆਂ, ਜਗਤ ਦਾ ਉਪਕਾਰ ਅਮਲ ਵਿਚ ਆਉਂਦਾ ਹੈ ਅਰ ਉਹ ਪ੍ਰਬੁੱਧਤਾ ਦੀ ਰੌਸ਼ਨੀ ਵਿਚ ਭੀ ਟੁਰਦਾ ਹੁੰਦਾ ਹੈ।

ਸੰਤ – ਕਈ ਹਨ, ਪਰ ਇਕ ਨਿੱਕਾ ਜਿਹਾ ਇਕ ਗ੍ਰਹਿਸਤੀ ਨੌਜਵਾਨ ਸਿੱਖ ਦਾ ਦੱਸਦਾ ਹਾਂ, ਅੱਜ ਤੋਂ ਢੇਰ ਪਹਿਲਾਂ ਜਦੋਂ ਅੰਮ੍ਰਿਤਸਰ ਵਿਚ ਬਿਜਲੀ ਨਹੀਂ ਸੀ, ਨਾ ਪਾਣੀ ਦੇ ਨਲਕੇ ਸਨ, ਸ਼ਹਿਰ ਦੇ ਇਕ ਕਾਰਖਾਨੇ ਨੂੰ ਅੱਗ ਲੱਗ ਗਈ। ਰਾਤ ਦੇ ਦੋ ਕੁ ਵਜੇ ਸਨ, ਇਕ ਨੌਜਵਾਨ ਸਿੱਖ ਤ੍ਰਿਪਹਿਰੇ ਵਜੇ ਦਰਬਾਰ ਸਾਹਿਬ ਕੀਰਤਨ ਦਾ ਅਨੰਦ ਲੈਣ ਆਇਆ ਕਰਦਾ ਸੀ। ਉਹ ਜਦ ਤ੍ਰਿਪਹਿਰੇ ਵੇਲੇ ਜਾਗਿਆ ਤਾਂ ਉਸੇ ਆਕਾਸ਼ ਵਿਚ ਪ੍ਰਕਾਸ਼ ਡਿੱਠਾ ਤੇ ਅਨੁਮਾਨ ਲਾਇਆ ਕਿ ਅੱਗ ਲੱਗ ਰਹੀ ਹੈ। ਸਮਝਿਆ ਕਿ ਕੀਰਤਨ ਦੀ ਥਾਂ ਇਥੇ ਜਾਣੇ ਦੀ ਆਗਿਆ ਹੈ, ਸੋ ਝਟਪਟ ਓਥੇ ਪਹੁੰਚ ਗਿਆ। ਤਦੋਂ ਕਾਰਖਾਨੇ ਨੂੰ ਬਚਾਉਣ ਵਾਸਤੇ ਅੱਗ ਬੁਝਾਉਣ ਵਾਲੇ ਇੰਜਨ ਪਹੁੰਚੇ ਹੋਏ ਸਨ, ਪੂਰੀ ਵਾਹ ਲੱਗ ਰਹੀ ਸੀ, ਪਰ ਅੱਗ ਨਾਲ ਪੇਸ਼ ਨਹੀਂ ਸੀ ਜਾ ਰਹੀ। ਬਾਜ਼ਾਰ ਨਾਲਵਾਰ ਹੋਣ ਕਰ ਕੇ ਅਗਨੀ ਦਾ ਸੇਕ ਇਧਰ ਰੁੱਖ ਕਰ ਰਿਹਾ ਸੀ ਤੇ ਡਰ ਸੀ ਕਿ ਬਾਜ਼ਾਰ ਦੀਆਂ ਦੁਕਾਨਾਂ ਸੇਕ ਨਾਲ ਹੀ ਬਲ ਪੈਣਗੀਆਂ। ਦੁਕਾਨਦਾਰ ਪਾਣੀ ਦੇ ਡੋਲ ਭਰ ਭਰ ਕੰਧਾਂ ਕੋਠਿਆਂ ਤੋਂ ਉਸ ਪਾਸੇ ਪਾ ਰਹੇ ਸਨ ਕਿ ਸੇਕ ਅਸਰ ਘੱਟ ਕਰੇ। ਇਹ ਨੌਜਵਾਨ ਭੀ ਇਸੇ ਪਾਸੇ ਲੱਗ ਪਿਆ ਕਿ ਗਰੀਬਾਂ ਦੀਆਂ ਦੁਕਾਨਾਂ ਬਚਾਉਣ ਵਿਚ ਮਦਦ ਕਰੇ। ਬਾਜ਼ਾਰ ਵਿਚੋਂ ਇਕ ਹੰਸਲੀ ਲੰਘਦੀ ਸੀ ਜੋ ਮੋਰੀ ਦਾ ਕੰਮ ਵੀ ਦਿੰਦੀ ਸੀ ਤੇ ਕੌਲਸਰ ਦੇ ਜਲ ਨੂੰ ਬੀ ਕੱਢ ਕੇ ਲੈ ਜਾਇਆ ਕਰਦੀ ਸੀ। ਪਾਣੀ ਦੇ ਖੂਹ ਇੰਜਨਾਂ ਨੇ ਮੱਲੇ ਹੋਏ ਸਨ ਤੇ ਇਸ ਮੋਰੀ ਦਾ ਪਾਣੀ ਹੀ ਸੀ ਜੋ ਹੱਟੀਆਂ ਤੇ ਪਾਇਆ ਜਾ ਰਿਹਾ ਸੀ। ਅਚਾਨਕ ਨੌਜਵਾਨ ਨੂੰ ਸੋਝੀ ਫੁਰੀ ਕਿ ਕੋਈ ਵੱਡਾ ਉਪਰਾਲਾ ਪਾਣੀ ਦਾ ਹੋਵੇ ਜੋ ਸਾਰੇ ਪਾਣੀ ਪਾਉਣ ਵਾਲਿਆਂ ਦੀ ਮਿਹਨਤ ਸਫਲ ਹੋਵੇ। ਨਹੀਂ ਤਾਂ ਮੋਰੀ ਦਾ ਪਾਣੀ ਮੁੱਕ ਗਿਆ ਹੈ, ਇਕ ਖੂਹ ਨੇ ਇੰਜਨਾਂ ਦੀ ਖੈਂਚ ਨਾਲ ਜਵਾਬ ਦੇ ਦਿਤਾ ਹੈ ਤੇ ਬਾਕੀ ਦੇ ਬੀ ਸ਼ਾਇਦ ਪਾਣੀਓਂ ਟੁੱਟ ਜਾਣ, ਤੇਰਾ ਇਕ ਡੋਲਾ ਪਾਣੀ ਕੀਹ ਸੁਆਰੇਗਾ? ਕੋਈ ਸਾਂਈ ਤੋਂ ਚਾਨਣ ਮੰਗ ਤੇ ਪਾਣੀ ਅਸਗਾਹ ਕਰ ਦੇਹ। ਸਾਂਈ ਨੇ ਸੁਮੱਤ ਦਿਤੀ, ਇਹ ਨੌਜਵਾਨ ਦੌੜ ਕੇ ਕੌਲਸਰ ਪਹੁੰਚਾ, ਜਿਸਦਾ ਜਲ ਸਾਫ ਕਰਨ ਦੀ ਲੋੜ ਪਵੇ ਤਾਂ ਇਹ ਹੰਸਲੀ ਪਾਣੀ ਖਿਚਿਆ ਕਰਦੀ ਸੀ, ਸੋ ਉਸ ਨੇ ਜਾ ਕੇ ਫੱਟੇ ਚੁੱਕ ਦਿੱਤੇ ਤੇ ਸਰੋਵਰ ਦਾ ਜਲ ਹੰਸਲੀ ਵਿਚ ਵਗ ਤੁਰਿਆ। ਥੋੜ੍ਹੇ ਹੀ ਚਿਰ ਵਿਚ ਉਹ ਜਲ ਅਗਨੀ ਵਾਲੀ ਥਾਂ ਪਹੁੰਚਾ, ਜਲ ਅਸਗਾਹ ਆ ਜਾਣ ਕਰਕੇ ਸਭ ਡੋਲੇ, ਡੋਲਾਂ, ਬਾਲਟੀਆਂ ਤੇ ਘੜੇ ਭਰ ਭਰ ਪਾਉਣ ਵਾਲਿਆਂ ਦੀ ਮਿਹਨਤ ਸਫਲ ਹੋ ਗਈ। ਸਗੋਂ ਇੰਜਨਾਂ ਨੇ ਭੀ ਆਪਣੀ ਹੋਜ਼ (ਨਾਲੀ) ਇਸ ਹੰਸਲੀ ਵਿਚ ਸੱਟੀ ਤੇ ਆਪਣਾ ਕੰਮ ਸਵਾਯਾ ਕਰ ਲਿਆ। ਥੋੜ੍ਹੇ ਚਿਰ ਬਾਅਦ ਅੱਗ ਬੁਝ ਗਈ। ਕਾਰਖਾਨੇ ਦਾ ਤਾਂ ਚੋਖਾ ਨੁਕਸਾਨ ਹੋਇਆ, ਪਰ ਬਾਜ਼ਾਰ ਸਾਰਾ ਬਚ ਗਿਆ, ਅਸੀਂ ਭੀ ਤਦੋਂ ਓਥੇ ਸੇ ਤੇ ਇਸ ਟਿਕਾਣੇ ਪਹੁੰਚੇ ਹੋਏ ਸੇ ਤੇ ਇਸ ਨੌਜਵਾਨ ਦੇ ਜਾਣੂ ਸੇ। ਸਾਨੂੰ ਪਤਾ ਸੀ ਕਿ ਜਲ ਨੂੰ ਅਸਗਾਹ ਕਰ ਦੇਣ ਵਾਲੀ ਸੇਵਾ ਇਸ ਨੇ ਕੀਤੀ ਹੈ। ਅਸਾਂ ਉਸਨੂੰ ਪੁੱਛਿਆ ਭਾਈ ਇਹ ਅਕਲ ਕਿੱਥੋਂ ਫੁਰੀ? ਕਹਿਣ ਲੱਗਾ ਗੁਰੂ ਨਾਨਕ ਦੇਵ ਜੀ ਦੀ ਸੱਜਣ ਠੱਗ ਵਾਲੀ ਸਾਖੀ ਤੋਂ। ਸਾਖੀ ਦਾ ਸਾਨੂੰ ਪਤਾ ਸੀ, ਅਸੀਂ ਅਭਿਪ੍ਰਾਯ ਸਮਝ ਗਏ ਤੇ ਮਨ ਨੂੰ ਕਿਹਾ, ਦੇਖ, ਗੁਰੂ ਨਾਨਕ ਦੀ ਹਰ ਗੱਲ ਵਿਚ, ਹਰ ਕਰਨੀ ਵਿਚ ਅਮਰ ਤੇ ਅਟੱਲ ਉਪਦੇਸ਼ ਹੈ –

***ਗੁਰ ਨਾਨਕ ਕੀ ਬਾਤ ਮੇਂ ਬਾਤ ਬਾਤ ਮੇਂ ਬਾਤ।***
***ਜਿਉਂ ਮਹਿੰਦੀ ਕੇ ਪਾਤ ਮੇਂ ਪਾਤ ਪਾਤ ਮੇਂ ਪਾਤ।***

ਬੰਗਾਲੀ ਸੰਤ – ਆਪ ਦਾ ਸੰਭਾਖਣ ਬਹੁਤ ਮਨੋਹਰ ਹੈ, ਕੀਹ ਆਪ ਦੱਸ ਸਕਦੇ ਹੋ ਕਿ ਉਹ ਸੱਜਣ ਠੱਗ ਵਾਲੀ ਸਾਖੀ ਕੀਹ ਹੈ ਤੇ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਉਸ ਵਿਚ ਕੀਹ ਹੈ?

ਸੰਤ – ਹਾਂ ਜੀ, ਖੁਸ਼ੀ ਨਾਲ ਸੁਣੋ।

ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੋਂ ਗ੍ਰਹਿਸਤੀ ਸਨ ਤੇ ਸੁਲਤਾਨਪੁਰ ਨਵਾਬ ਦੇ ਮੋਦੀ ਸਨ। ਜਦੋਂ ਉਨ੍ਹਾਂ ਨੂੰ ਸਾਂਈ ਵਲੋਂ ਸੰਸਾਰ ਦੇ ਉਪਕਾਰ ਦੀ ਆਗਿਆ ਹੋਈ ਤਾਂ ਆਪ ਪਹਿਲੋਂ ਏਮਨਾਬਾਦ ਤਲਵੰਡੀ ਆਦਿ ਥਾਂਈ ਫਿਰਦੇ ਟੁਰਦੇ ਜਗਤ ਰਖਿਆ ਲਈ ਟੁਰ ਪਏ। ਸ਼ੁਭ ਮਤਾਂ ਦਿੰਦੇ, ਰੱਬ ਦੇ ਰਸਤੇ ਲਾਉਂਦੇ ਆਪ ਇਕ ਸੇਧ ਬੰਨ੍ਹ ਕੇ ਮੁਲਤਾਨ ਦੇ ਪਾਸੇ ਵਲ ਟੁਰੇ। ਇਧਰ ਆਪ ਨੂੰ ਇਕ ਹੋ ਰਹੀ ਬਦੀ ਦੇ ਸੁਧਾਰ ਦਾ ਖਿਆਲ ਸੀ। ਤੁਲੰਭੇ ਦੇ ਲਾਗ ਆਪ ਇਕ ਥਾਂ ਅੱਪੜੇ। ਇਥੇ ਇਕ ਆਦਮੀ ਰਹਿੰਦਾ ਸੀ ਜਿਸ ਦਾ

ਨਾਮ ਸੱਜਣ ਸੀ। ਹਿੰਦੂ 'ਸੱਜਣ ਸ਼ਾਹ' ਕਰਕੇ ਬੋਲਦੇ ਸਨ, ਮੁਸਲਮਾਨ 'ਸੱਜਣ ਸ਼ੇਖ'। ਇਸ ਦਾ ਇਕ ਬਹੁਤ ਵੱਡਾ ਮਕਾਨ ਸੀ, ਜਿਸ ਦੇ ਵਿਚਕਾਰ ਡਿਉਢੀ ਸੀ, ਇਕ ਪਾਸੇ ਮਸੀਤ ਤੇ ਦੂਏ ਪਾਸੇ ਮੰਦਿਰ ਸੀ। ਜਦੋਂ ਕੋਈ ਮੁਸਾਫਰ ਆ ਜਾਵੇ ਤਾਂ ਖਾਤਰ ਕਰਦਾ ਤੇ ਪਾਸ ਰੱਖ ਲੈਂਦਾ ਸੀ। ਰਾਤ ਨੂੰ ਉਸ ਨੂੰ ਮਾਰ ਦੇਣਾ ਤੇ ਮਾਲ ਲੁੱਟ ਪੁਟ ਲੈਣਾ ਤੇ ਮਾਰ ਕੇ ਗੁਪਤ ਭੋਰਿਆ ਵਿਚ ਬਣਾਏ ਖੂਹਾਂ ਖਾਹਾਂ ਵਿਚ ਲੋਥਾਂ ਗੁੰਮ ਕਰ ਦੇਣੀਆਂ। ਕੋਈ ਐਸੇ ਪੇਚ ਬਣਾਏ ਹੋਏ ਸਨ ਕਿ ਸਾਰੇ ਮਾੜੇ ਕੰਮ ਸਾਰ ਲੈਂਦਾ ਤੇ ਸੂੰਹ ਨਾ ਨਿਕਲਦੀ। ਐਸੇ ਲੋਕ ਹਾਕਮਾਂ ਆਦਿਕਾਂ ਨਾਲ ਮਿਲੇ ਰਹਿੰਦੇ ਹਨ ਆਪਣੀ ਮਾੜੀ ਖੱਟੀ ਦੇ ਹਿੱਸੇ ਦਿੰਦੇ ਰਹਿੰਦੇ ਹਨ, ਸੋ ਜੇ ਸੂੰਹ ਨਿਕਲੇ ਬੀ ਤਾਂ ਪਕੜੇ ਨਹੀਂ ਜਾਂਦੇ। ਇਸ ਪਾਪੀ ਤੇ ਇਸ ਦੇ ਪਾਪਾਂ ਦੀ ਗੁਰੂ ਬਾਬੇ ਨੂੰ ਸੇਝੀ ਸੀ, ਇਸ ਲਈ ਆਪ ਨੇ ਜਗਤ ਉਧਾਰ ਦੇ ਕੰਮ ਵਿਚ ਆਪਣਾ ਪਹਿਲਾ ਕੰਮ ਇਹੋ ਚਿਤਵਿਆ ਕਿ ਜੇ ਇਹ ਇਕ ਆਦਮੀ ਸੋਧਿਆ ਜਾਵੇ, ਅਨੇਕਾਂ ਆਦਮੀਆਂ ਦੇ ਖੂਨ ਬਚ ਜਾਣ ਤੇ ਅਨੇਕਾਂ ਦਾ ਭਲਾ ਹੋ ਜਾਵੇ, ਸੋ ਆਪ ਮੁਸਾਫਰ ਤਾਂ ਸਨ ਹੀ, ਮੁਸਾਫਰਾਂ ਵਾਂਗੂੰ ਜਾ ਉਸਦੇ ਘਰ ਉਤਰੇ। ਚਿਹਰੇ ਦਾ ਜਲਾਲ ਵੇਖ ਕੇ ਉਸ ਜਾਤਾ ਕੋਈ ਵੱਡੀ ਅਮੀਰ ਸਾਮੀ ਆਈ ਹੈ, ਨਾਲ ਆਪ ਦੇ ਮਰਦਾਨਾ ਸੀ। ਸੱਜਣ ਨੇ ਬੜੀ ਖਾਤਰ ਕੀਤੀ, ਆਪਣੇ ਅਮਲੇ ਫੈਲੇ ਨੂੰ ਤਿਆਰ ਕੀਤਾ ਕਿ ਰਾਤ ਇਨ੍ਹਾਂ ਨੂੰ ਮਾਰ ਕੇ ਲੁੱਟਣਾ ਹੈ ਤੇ ਬਹੁਤ ਪਦਾਰਥ ਹੱਥ ਲਗਣਾ ਹੈ, ਪਰ ਗੁਰੂ ਜੀ ਸੌਣ ਨਾ ਤੇ ਉਹ ਕਾਹਲੀ ਕਰੇ ਕਿ ਕਿਵੇਂ ਸੌਂ ਜਾਣ ਤਾਂ ਮਾਰਾਂ। ਕਈ ਕੌਤਕ ਉਸ ਕੀਤੇ, ਲੰਮੀ ਬਾਤ ਹੈ। ਅਖੀਰ ਜਦ ਬਹੁਤ ਰਾਤ ਬੀਤੀ ਤਾਂ ਗੁਰੂ ਜੀ ਨੇ ਕਿਹਾ ਭਾਈ ਇਕ ਸ਼ਬਦ ਖੁਦਾਇ ਦਾ ਕੀਰਤਨ ਕਰਕੇ ਫੇਰ ਸਵਾਂਗੇ। ਸੋ ਮਰਦਾਨੇ ਨੇ ਰਬਾਬ ਵਜਾਇਆ ਤਦ ਗੁਰੂ ਜੀ ਨੇ ਆਪਣੇ ਡਾਢੇ ਮਿੱਠੇ ਤੇ ਸੁਰੀਲੇ ਗਲੇ ਤੋਂ ਇਹ ਸ਼ਬਦ ਗਾਂਵਿਆ –

***ਸੂਹੀ ਮਹਲਾ ੧ ਘਰੁ ੬***
***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥***
***ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥***
***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥***
***ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥***
***ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ॥***
***ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥***
***ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ॥***
***ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ॥***
***ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ॥***
***ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥***
***ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥***
***ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥***
***ਨਾਨਕ ਨਾਮੁ ਸਮਾਲਿ ਤੂ ਬਧਾ ਛੁਟਹਿ ਜਿਤੁ॥***

ਸੱਜਣ ਨੇ ਇਹ ਸ਼ਬਦ ਸੁਣਿਆ। ਸਤਿਗੁਰ ਨੇ ਪੜ੍ਹਿਆ ਦਿਲ ਦੇ ਡੂੰਘੇ ਭਾਵ ਨਾਲ ਸੀ ਕਿ ਇਸ ਤੇ ਅਸਰ ਪਵੇ, ਵੇਲਾ ਬੀ ਏਕਾਂਤ ਦਾ ਸੀ, ਆਤਮ ਪ੍ਰਭਾਵ ਉਸ ਸੂਰੇ ਗੁਰੂ ਦਾ ਕਮਾਲ ਦਾ ਸੀ, ਸੱਜਣ ਤੇ ਅਸਰ ਹੋ ਗਿਆ, ਆਪਣੇ ਕੀਤੇ ਕਰਮ ਉਸਨੂੰ ਪਾਪ ਹੋ ਦਿੱਸੇ ਤੇ ਸ਼ਰਮ ਆਈ ਤਦ ਪੈਰਾਂ ਤੇ ਢੱਠਾ, ਪੈਰ ਚੁੰਮਿਓਸੁ ਤੇ ਪੁਕਾਰਿਆ ਜੀਉ ਮੇਰੇ ਗੁਨਾਹ ਫਦਲ ਕਰਿ। ਤਦ ਗੁਰੂ ਜੀ ਨੇ ਕਿਹਾ, ਸ਼ੇਖ ਸੱਜਣ! ਖੁਦਾਇ ਦੀ ਦਰਗਾਹ ਦੁਹ ਗਲੀਂ ਗੁਨਾਹ ਫਦਲ ਹੁੰਦੇ ਹਨ। ਤਦ ਸੱਜਣ ਨੇ ਕਿਹਾ ਜੀ ਦੱਸੋ ਮੇਰੇ ਕੀਤੇ ਪਾਪਾਂ ਤੇ ਫਜ਼ਲ ਕੀਕੂੰ ਹੋਵੇ? ਗੁਰੂ ਜੀ ਨੇ ਕਿਹਾ ਇਕ ਤਾਂ ਸੱਚ ਬੋਲ, ਦੱਸ ਕੀਹ ਕੁਛ ਕਰਦਾ ਰਿਹਾ ਹੈਂ? ਦੂਸਰੇ ਜੋ ਕੁਛ ਪਾਪਾਂ ਨਾਲ ਕਮਾਇਆ ਹਈ ਉਹ ਦੇਹ ਰੱਬ ਦੇ ਰਸਤੇ ਅਤੇ ਜਿਨ੍ਹਾਂ ਦਾ ਲੁੱਟਿਆ ਹਈ ਉਨ੍ਹਾਂ ਨੂੰ। ਤਦ ਉਸ ਪਾਪੀ ਨੇ ਆਪਣੇ ਸਾਰੇ ਪਾਪਾਂ ਦਾ ਇਕਰਾਰ ਕੀਤਾ। ਅਗਲੇ ਦਿਨ ਉਸ ਦਾ ਸਾਰਾ ਮਾਲ ਧਨ ਘਲਵਾ ਦਿਤਾ, ਥਾਓਂ ਥਾਂਈਂ ਜਿੱਥੋਂ ਦਾ ਸੀ ਜਿਨ੍ਹਾਂ ਦਾ ਥਹੁ ਸੀ, ਬਾਕੀ ਭਲੇ ਅਰਥ ਲੁਆ ਦਿਤਾ। ਉਹ ਜੋ ਉਸ ਦਾ ਪਾਪ ਵਾਲਾ ਘਰ ਸੀ ਸਾਰਾ ਢੁਹਾ ਕੇ ਧਰਮਸਾਲ ਬਣਵਾਈ। ਇਹ ਪਹਿਲੀ ਧਰਮਸਾਲ ਸੀ, ਜੋ ਗੁਰੂ ਬਾਬੇ ਨੇ ਬਨਵਾਈ, ਸਜਣ ਇਸ ਧਰਮਸਾਲ ਦਾ ਸੇਵਕ ਹੋਇਆ। ਨਾਮ ਜਪੇ, ਕੀਰਤਨ ਕਰੇ, ਪਾਪਾਂ ਦੀ ਮੈਲ ਮਨ ਤੋਂ ਧੋਵੇ ਤੇ ਆਏ ਗਏ ਦੁਖੀ ਦਰਦਵੰਦ ਰਵਾਨਿਆਂ ਦੀ ਸੇਵਾ ਕਰੇ। ਅੰਨ ਪਾਣੀ ਧਰਮ ਦਾ ਕਰੇ।

ਬੰਗਾਲੀ ਸੰਤ – ਬਹੁਤ ਖੂਬ। ਠੀਕ ਹੈ ਜੋ ਆਪ ਨੇ ਕਿਹਾ ਹੈ। ਜੇ ਹੁਣ ਗੁਰੂ ਜੀ ਆਪਣੇ ਆਨੰਦ ਵਿਚ ਬੈਠੇ ਰਹਿੰਦੇ ਤਾਂ ਇਸ ਪਾਪ ਗੜ੍ਹ ਨੂੰ ਕੌਣ ਤੋੜਦਾ? ਕਿਤਨਾ ਉਪਕਾਰ ਕੀਤਾ? ਸ੍ਰਿਸ਼ਟੀ ਦੇ ਵੈਰੀ ਨੂੰ ਸ੍ਰਿਸ਼ਟੀ ਦਾ ਹਿਤੂ ਬਣਾ ਦਿਤਾ, ਪਰ ਜੀ ਇਸ ਵਿਚ ਕੀਹ ਉਪਦੇਸ਼ ਸੀ ਜੋ ਉਸ ਨੌਜਵਾਨਾਂ ਨੇ ਲਿਆ ਤੇ ਪਾਣੀ ਨੂੰ ਉਮਾਹੂ ਦੇਣ ਦਾ ਕੰਮ ਕੀਤਾ।

ਸੰਤ – ਉਪਦੇਸ਼ ਇਹ ਸੀ ਕਿ ਗੁਰੂ ਜੀ ਨੇ ਇਕ ਆਦਮੀ ਨੂੰ ਤਾਰਿਆ, ਪਰ ਇਕ ਦੇ ਤਾਰਨ ਨਾਲ ਇਕ ਨਹੀਂ ਬਚਿਆ, ਸੈਂਕੜੇ ਤੇ ਹਜ਼ਾਰਾਂ ਦਾ ਬਚਾਉ ਹੋ ਗਿਆ ਤੇ ਸੈਂਕੜੇ ਇਸ ਤੋਂ ਅੱਗੋਂ ਉਸ ਇਕ ਦੇ ਹੱਥੋਂ ਸੁਖੀ ਹੋਏ। ਇਸੀ ਤਰ੍ਹਾਂ ਉਸ ਨੇ ਸੋਚਿਆ ਕਿ ਇਕ ਇਕ ਡੋਲ ਪਾਉਣ ਵਾਲੋਂ ਉਹ ਕੰਮ ਕਰੋ ਕਿ ਤੇਰੇ ਇਕ ਨਿਮਾਣੇ ਜਤਨ ਨਾਲ ਜਲ ਅਸਗਾਹ ਆ ਜਾਵੇ ਤੇ ਸਾਰਿਆਂ ਦੀ ਸੇਵਾ ਸਫਲਤਾ ਨੂੰ ਪਹੁੰਚੇ ਜੋ ਅੱਗ ਬੁਝ ਜਾਵੇ। ਆਪਣੇ ਮਨ ਨੂੰ ਉਸ ਮਤਿ

ਦੇ ਚਾਨਣੇ ਨਾਲ ਵਿਸ਼ਾਲਤਾ ਵਿਚ ਪਾਇਆ ਤੇ ਮਨ ਨੂੰ ਵਾਹਿਗੁਰੂ ਦੇ ਚਾਨਣੇ ਅੱਗੇ ਸੁੱਟਿਆ। ਅੰਦਰ ਬੈਠੇ ਅੰਤਰਯਾਮੀ ਨੇ ਉਸਨੂੰ ਵਿਸ਼ਾਲ ਬੁੱਧੀ ਦਿਤੀ। ਸੋ ਸੰਤ ਜੀ! ਸਾਂਈ ਦੀ ਰਾਖੀ ਹੇਠ ਪ੍ਰਬੁੱਧ ਮਨ ਹੋਣ ਨਾਲ ਹੀ ਪਰਉਪਕਾਰ ਦੀ ਵਿਸ਼ਾਲਤਾ ਤੇ ਦਰੁਸਤੀ ਬਣਦੀ ਹੈ।

ਬੰਗਾਲੀ ਸੰਤ – ਇਸ ਤੋਂ ਤਾਂ ਇਹ ਸਾਬਤ ਹੋਇਆ ਕਿ ਸ੍ਰੀ ਗੁਰੂ ਜੀ ਕੇਵਲ ਜੀਵਾਂ ਨੂੰ ਪਰਮਾਰਥ ਦਾ ਉਪਦੇਸ਼ ਦੇ ਕੇ ਉਚਿਆਂ ਹੀ ਨਹੀਂ ਸੇ ਕਰਦੇ, ਸਗੋਂ ਉਹ ਇਨਸਾਨ ਦੀ ਦਿਲ ਪੀੜਾ ਨਾਲ ਡੂੰਘੀ ਦਿਲੀ ਹਮਦਰਦੀ ਰਖਦੇ ਸਨ।

ਸੰਤ – ਉਨ੍ਹਾਂ ਦੇ ਦਿਲ ਨੂੰ ਜਿੰਨੀ ਇਨਸਾਨ ਨਾਲ ਹਮਦਰਦੀ ਸੀ, ਉਹ ਇੰਨੇ ਕਮਾਲ ਦੀ ਸੀ ਕਿ ਕਹੀ ਨਹੀਂ ਜਾ ਸਕਦੀ। ਨਾ ਕੇਵਲ ਇਨਸਾਨ ਦੇ ਅਗਿਆਨ ਦੂਰ ਕਰਨ ਵਿਚ, ਨਾ ਕੇਵਲ ਵੱਡੀਆਂ ਮੁਸ਼ਕਲਾਂ ਦੇ ਹੱਲ ਕਰਨ ਵਿਚ, ਸਗੋਂ ਜ਼ਿੰਦਗੀ ਦੇ ਆਮ ਨਿੱਕੇ ਨਿੱਕੇ ਵਰਤਾਰੇ ਵਿਚ ਬੀ। ਅਜੇ ਉਮਰਾ ਛੋਟੀ ਹੀ ਸੀ ਕਿ ਭੁੱਖਿਆਂ ਤੇ ਦੁਖੀਆਂ ਨੂੰ ਦੇ ਦੇ ਕੇ ਖੁਸ਼ ਹੁੰਦੇ ਸਨ। ਇਕ ਵੇਰੀ ਪਿਤਾ ਜੀ ਨੇ ਕੁਛ ਰੁਪਏ ਦੇ ਕੇ ਸੌਦਾ ਖਰੀਦਣ ਲਈ ਘੱਲਿਆ। ਆਪ ਨੇ ਰਸਤੇ ਵਿਚ ਡਿੱਠਾ ਕਿ ਇਕ ਸਾਧੂਆਂ ਦੀ ਮੰਡਲੀ ਹੈ ਜੋ ਕਈ ਦਿਨਾਂ ਦੀ ਭੁੱਖਈ ਹੈ। ਆਪ ਨੇ ਉਨ੍ਹਾਂ ਰਪਿਆਂ ਦਾ ਦਰੁਸਤ ਵਰਤਾਉ ਉਨ੍ਹਾਂ ਲੋੜਵੰਦਾਂ ਦੀ ਪੀੜਾ ਹਰਨ ਵਿਚ ਸਮਝਿਆ ਤੇ ਉਨ੍ਹਾਂ ਨੂੰ ਭੋਜਨ ਲੈ ਕੇ ਖੁਲ੍ਹਾ ਦਿਤਾ। ਜਾਣਦੇ ਸਨ ਕਿ ਪਿਤਾ ਜੀ ਵਲੋਂ ਪੀੜਾ ਪ੍ਰਾਪਤ ਹੋਵੇਗੀ। ਕਿੰਤੂ ਉਸ ਪਰ-ਪੀੜਾ ਉਤੇ ਪਸੀਜਣ ਵਾਲੇ ਦਾਤੇ ਨੇ ਉਨ੍ਹਾਂ ਦੀ ਪੀੜਾ ਹਰ ਦਿਤੀ ਤੇ ਪਿਤਾ ਵਲੋਂ ਮਿਲੀ ਪੀੜਾ ਆਪਣੇ ਉਪਰ ਸਹਾਰ ਲਈ।

ਛੋਟੀ ਛੋਟੀ ਦਿਲ ਪੀੜਾ ਬੀ ਪਛਾਣਦੇ ਤੇ ਹਮਦਰਦ ਹੋ ਖੜੋਂਦੇ ਸਨ। ਸੁਲਤਾਨਪੁਰ ਜਦੋਂ ਆਪ ਮੋਦੀ ਖਾਨੇ ਦਾ ਕੰਮ ਕਰਦੇ ਸਨ ਤਾਂ ਗਰੀਬ ਅਤਿੱਥੀ ਲੋੜਵੰਦ ਆਪ ਦੇ ਦਰ ਆਏ ਹੀ ਰਹਿੰਦੇ ਸਨ। ਆਪ ਆਪਣੀ ਕਮਾਈ ਲਗਭੱਗ ਸਾਰੀ ਉਨ੍ਹਾਂ ਦੀ ਪੀੜਾ ਹਰਨ ਤੇ ਲਾ ਦਿੰਦੇ ਸਨ। ਕਈ ਵੇਰ ਸ਼ਿਕਾਇਤਾਂ ਹੋਈਆਂ ਕਿ 'ਨਾਨਕ ਮੋਦੀਖਾਨਾ ਲੁਟਾ ਰਿਹਾ ਹੈ। ਪਰ ਜਦ ਕਦੇ ਹਿਸਾਬ ਹੋਇਆ, ਇਹੋ ਨਿਕਲਿਆ ਕਿ ਗੁਰੂ ਨਾਨਕ ਰੱਬ ਦਾ ਮੋਦੀ ਆਪਣੀ ਕਮਾਈ ਲੁਟਾਉਂਦਾ ਹੈ ਨਵਾਬ ਦਾ ਮੋਦੀਖਾਨਾ ਨਹੀਂ ਲੁਟਾਉਂਦਾ। ਇਥੋਂ ਤਾਈਂ ਆਪ ਦਾ ਇਨਸਾਨੀ ਨਿੱਕੀਆਂ ਨਿੱਕੀਆਂ ਮੁਸ਼ਕਲਾਂ ਨਾਲ ਪਿਆਰ ਸੀ ਕਿ ਇਕ ਵੇਰ ਇਕ ਆਦਮੀ ਦੀ ਧੀ ਦਾ ਵਿਆਹ ਸੀ ਤੇ ਉਹ ਕੰਗਾਲ ਹੈਸੀ ਯਾ ਹੋ ਗਿਆ ਸੀ। ਆਪ ਨੇ ਆਪਣੇ ਸਿੱਖ ਭਾਈ ਭਗੀਰਥ ਨੂੰ ਲਾਹੌਰ ਭੇਜ ਕੇ ਚੂੜਾ ਆਦਿ ਵਿਆਹ ਦੀ ਸੌਂਜ ਵੇਲੇ ਸਿਰ ਮੰਗਵਾ ਕੇ ਕਾਰਜ ਕਰਵਾ ਦਿਤਾ। ਤੁਸੀਂ ਕਹਿੰਦੇ ਸੇ ਕਿ ਨਿੱਕੀਆਂ ਨਿੱਕੀਆਂ ਇਨਸਾਨੀ ਪੀੜਾਂ ਵਿਚ ਬੀ ਦਰਦ ਵੰਡਦੇ ਸਨ ਕਿ ਨਹੀਂ, ਸੰਤ ਜੀ! ਉਹ ਤਾਂ ਇਨਸਾਨ ਦੇ ਦਰਦ ਨਾਲ ਆਪ ਦਰਦੀ ਹੁੰਦੇ ਸਨ ਅਤਿ ਦੇ, ਇਹੋ ਸ਼ੈ ਉਨ੍ਹਾਂ ਨੂੰ ਸਾਰੇ ਜਗਤ ਵਿਚ ਲਈ ਫਿਰੀ। ਇਕ ਵੇਰ ਆਪ ਪਾਕਪਟਨ ਵਲ ਗਏ ਸਨ। ਇਧਰ ਇਕ ਕੋੜ੍ਹੀ ਫਕੀਰ ਸ਼ਹਿਰੋਂ ਬਾਹਰ ਰਹਿੰਦਾ ਸੀ। ਕੋਈ ਇਸ ਦੇ ਨੇੜੇ ਨਹੀਂ ਸੀ ਢੁੱਕਦਾ। ਇਕੱਲਾ ਤੇ ਦਰਦ ਰਞਾਣਾ ਸੀ, ਕੋਈ ਵਾਤ ਪੁੱਛਣੇ ਵਾਲਾ ਨਹੀਂ ਸੀ। ਇਸਦੇ ਪਾਸ ਜਾ ਕੇ ਰਹੇ। ਕੋੜ੍ਹੀ ਤੋਂ ਨਫਰਤ ਨਹੀਂ ਕੀਤੀ। ਰਾਤ ਉਸ ਪਾਸ ਉਸਦੀ ਝੁੱਗੀ ਵਿਚ ਗੁਜ਼ਾਰੀ, ਉਸਨੂੰ ਸਤਿ ਉਪਦੇਸ਼ ਦਿੱਤਾ। ਆਪ ਆਤਮ ਸਤਿਆ ਵਿਚ ਬੜੇ ਪ੍ਰਬਲ ਸੇ ਪਰ ਲਗਦੇ ਚਾਰੇ ਕਰਾਮਾਤ ਵਾਲੀ ਗੱਲ ਘੱਟ ਕਰਦੇ ਸੇ। ਇਸ ਕੋੜ੍ਹੀ ਦੀ ਪੀੜਾ ਤੇ ਤਰੁੱਠੇ, ਉਸਦਾ ਕੋੜ੍ਹ ਦੂਰ ਕੀਤਾ ਸਰੀਰ ਦਾ ਹੀ ਨਹੀਂ ਮਨ ਦਾ ਰੋਗ ਬੀ ਦੂਰ ਕੀਤਾ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ – 'ਤਬ ਦਰਸਨ ਕਾ ਸਦਕਾ ਕੋੜ੍ਹ ਦੂਰ ਹੋਇ ਗਇਆ, ਦੇਹੀ ਹੱਛੀ ਹੋਈ, ਆਇ ਪੈਰੀ ਪਇਆ, ਨਾਉਂ ਧਰੀਕ ਹੋਇਆ। ਗੁਰੂ ਗੁਰੂ ਲਗਾ ਜਪਣਿ। ਅਰਥਾਤ ਗੁਰੂ ਜੀ ਨੇ ਦੇਹ ਅਰੋਗਤਾ ਦਾਨ ਬਖਸ਼ਿਆ ਨਾਲ ਉਸਨੂੰ ਉਚ ਜੀਵਨ ਵਿਚ ਦਾਖਲ ਕੀਤਾ ਜੋ ਰਾਜ਼ੀ ਹੋ ਕੇ ਵਿਕਾਰਾਂ ਵਿਚ ਨਾ ਜਾ ਪਵੇ ਸਗੋਂ ਅੰਦਰੋਂ ਸੁਖੀ ਹੋ ਕੇ ਜਗਤ ਪੀੜਾ ਦੇ ਹਰਨ ਵਿਚ ਸੇਵਾ ਕਰੇ। ਪਰ-ਵਸ ਪੈ ਕੇ ਪੀੜਤ ਹੋਣ ਵਾਲਿਆਂ ਦੀ ਪੀੜਾ ਹਰਨ ਦਾ ਪ੍ਰਸੰਗ ਮੈਂ ਸਜਣ ਦਾ ਸੁਣਾ ਚੁੱਕਾ ਹਾਂ। ਇਕ ਵੇਰ ਆਪ ਦਾ ਸਾਥੀ ਮਰਦਾਨਾ ਇਕ ਜਾਦੂਗਰਨੀ ਦੇ ਵਸ ਪੈ ਗਿਆ ਸੀ। ਆਪ ਨੇ ਨਾ ਕੇਵਲ ਮਰਦਾਨੇ ਨੂੰ ਉਸ ਤੋਂ ਛੁਡਾਇਆ ਸਗੋਂ ਉਸ ਜਾਦੂਗਰਨੀ ਨੂੰ ਆਪਣੇ ਨੀਵੇਂ ਵਿਹਾਰ ਤੋਂ, ਜਿਸ ਨਾਲ ਉਸ ਲੋਕਾਂ ਨੂੰ ਭੱਸ ਕਰਕੇ ਦੁਖੀ ਕਰ ਰਹੀ ਸੀ, ਛੁਡਾਇਆ ਤੇ ਨਾਮ ਦਾਨ ਦੇ ਕੇ ਉਚ ਜੀਵਨ ਵਿਚ ਲਾਇਆ। ਤੁਸੀਂ ਜਾਣਦੇ ਹੋ ਇਕ ਲੋਕ ਮਾਣਸ ਭੁੱਖ ਹੁੰਦੇ ਹਨ, ਜਿਨ੍ਹਾਂ ਨੂੰ ਸਾਡੇ ਮਿਤ੍ਰ ਚਾਨਣ ਸਿੰਘ ਦੀ ਪੱਛਮੀ ਬੋਲੀ ਵਿਚ ਕੈਨੀਬਲ ਆਖਦੇ ਹਨ, ਅਸਾਂ ਇਕ ਆਦਮੀ ਦੱਖਣੀ ਬਨਾਂ ਵਿਚ ਰਹਿੰਦਾ ਸੀ। ਉਸਦਾ ਨਾਮ ਕੌਡਾ ਰਾਖਸ਼ ਸੀ, ਉਹ ਆਦਮੀ ਮਾਰ ਕੇ ਖਾਇਆ ਕਰਦਾ ਸੀ। ਆਪ ਆਪਣੇ ਇਕ ਸਫਰ ਵਿਚ ਇਸ ਪਾਸੇ ਜਾ ਨਿਕਲੇ। ਡਰੇ ਨਹੀਂ, ਅਝਕੇ ਨਹੀਂ, ਆਪਣੀ ਪਰਾਗੱਲਭ ਸ਼ਖਸੀਅਤ ਨਾਲ ਉਸ ਉਤੇ ਆਪਣਾ ਅਸਰ ਪਾਇਆ ਤੇ ਉਸ ਤੋਂ ਇਹ ਕੰਮ ਛੁਡਾਵਾਇਆ। ਬੜੀ ਖੂਬੀ ਆਪ ਦੀ ਇਹ ਸੀ ਕਿ ਐਸੇ ਪਤਿਤਾਂ ਨੂੰ ਜਦ ਠੀਕ ਕਰਦੇ ਸੀ ਤਾਂ ਉਚ ਜੀਵਨ ਸਿਖਾ ਕੇ ਸੁਖਦਾਈ ਬਣਾ ਦਿੰਦੇ ਸੀ, ਜੋ ਉਚੇ ਆਦਰਸ਼ ਵਿਚ ਆ ਕੇ ਫੇਰ ਉਨ੍ਹਾਂ ਦਾ ਗਿਰਾਉ ਨਾ ਹੋਵੇ। ਐਸੇ ਐਸੇ ਉਪਕਾਰਾਂ ਵੇਲੇ ਆਪਣੇ ਆਪ ਨੂੰ ਸਖਤ ਖਤਰਿਆਂ ਵਿਚ ਪਾ ਕੇ ਬੀ ਆਪਣਾ ਸ਼ੁਭ

ਮਨੋਰਥ ਸਿਰੇ ਚਾੜ੍ਹੇ ਬਿਨਾਂ ਨਹੀਂ ਸੇ ਰਹਿੰਦੇ। ਇਕ ਵੇਰ ਇਕ ਇਨਸਾਨਾਂ ਨੂੰ ਗੁਲਾਮੀ ਵਿਚ ਪਾ ਕੇ ਦੁੱਖ ਦੇਣ ਵਾਲੇ ਦੀ ਗੁਲਾਮੀ ਵਿਚ ਆਪਣੇ ਆਪ ਨੂੰ ਲਿਜਾ ਕੇ ਉਸਨੂੰ ਐਸਾ ਸੋਧਿਆ ਕਿ ਸਾਰੇ ਗੁਲਾਮ ਰਿਹਾ ਕਰਵਾਏ। ਬਾਬਰ ਦਾ ਹਮਲਾ ਤੁਸਾਂ ਪੜ੍ਹਿਆ ਹੋਊ। ਗੁਰੂ ਨਾਨਕ ਦੇਵ ਜੀ ਦੇ ਦੋ ਤ੍ਰੈ ਸ਼ਬਦ ਹੈਨ ਉਸ ਵੇਲੇ ਦੇ। ਆਪ ਪਠਾਣਾਂ ਦੇ ਰਾਜ ਸਮੇਂ ਹੋਏ ਹਨ, ਮੁਗਲਾਂ ਦਾ ਰਾਜ ਉਨ੍ਹਾਂ ਦੇ ਸਮੇਂ ਹੀ ਆਇਆ ਸੀ। ਗੁਰੂ ਜੀ ਨੇ ਬਾਬਰ ਦੇ ਆਉਣ, ਜ਼ੁਲਮ ਕਰਨ, ਹਿੰਦ ਜਿੱਤਣ ਤੇ ਫੇਰ ਹਮਾਯੂ ਦੇ ਨੱਸ ਜਾਣ ਬਾਬਤ ਉਸਦੇ ਆਉਣ ਤੋਂ ਪਹਿਲਾਂ ਭਵਿਖਤ ਵਾਕ ਕਹੇ ਸਨ, ਉਹ ਸ਼ਬਦ ਮੌਜੂਦ ਹੈ ਤੇ ਉਸ ਵਿਚ ਸਾਫ ਦਿੱਸਦਾ ਹੈ ਕਿ ਹੋਣਹਾਰ ਪਹਿਲੋਂ ਹੀ ਕਹਿ ਰਹੇ ਹਨ। ਸੋ ਇਸ ਤਰ੍ਹਾਂ ਬੀ ਆਪ ਨੂੰ ਪਤਾ ਸੀ ਤੇ ਜਦ ਉਹ ਕਾਬਲੋਂ ਟੁਰ ਹੀ ਪਿਆ ਤਾਂ ਪਤਾ ਸੀ ਕਿ ਆ ਰਿਹਾ ਹੈ। ਅੱਜਕੱਲ੍ਹ ਦੇਖੋ ਜੰਗ ਯੂਰਪ ਵਿਚ ਹੋ ਰਿਹਾ ਹੈ ਤੇ ਸਾਡੇ ਪੰਜਾਬ ਦੇ ਕਈ ਲੋਕੀ ਘਰ ਛੋੜ ਛੋੜ ਪਹਾੜਾਂ ਵਲ ਲੁਕਣੇ ਨੂੰ ਜਾ ਰਹੇ ਹਨ, ਪਰ ਗੁਰੂ ਬਾਬਾ ਜੀ ਸੈਦਪੁਰ ਸੰਡਿਆਲੀ ਵਿਚ ਉਸ ਵੇਲੇ ਬੀ ਬੈਠੇ ਰਹੇ, ਜਿਸ ਵੇਲੇ ਪਤਾ ਸੀ ਕਿ ਇਥੋਂ ਦੇ ਨਵਾਬ ਨੇ ਬਾਬਰ ਦਾ ਟਾਕਰਾ ਕਰਨਾ ਹੈ ਤੇ ਇਥੇ ਉਸਦਾ ਕਹਿਰ ਵਰਤਣਾ ਹੈ। ਆਪ ਦਾ ਅਝੁਕ ਤੇ ਅਡਰ ਮਨ ਇਸ ਸੰਕਟ ਵਿਚ ਜਗਤ ਪੀੜਾ ਹਰਨੀ ਚਾਹੁੰਦਾ ਸੀ, ਪਰ ਆਪ ਨੂੰ ਖਤਰੇ ਵਿਚ ਪਾਏ ਬਿਨਾਂ ਇਹ ਕੰਮ ਨਹੀਂ ਸੀ ਹੋ ਸਕਦਾ, ਸੋ ਆਪ ਟਿਕੇ ਰਹੇ। ਸੰਡਿਆਲੀ ਦੇ ਜੰਗ ਵੇਲੇ ਓਥੇ ਹੀ ਰਹੇ। ਕਤਲਾਮ ਹੋਈ, ਲੋਕੀ ਕੈਦ ਪਾਏ ਗਏ, ਆਪ ਬੀ ਕੈਦ ਵਿਚ ਪੈ ਗਏ। ਕੈਦ ਵਿਚ ਐਸਾ ਕੌਤਕ ਕੀਤਾ ਕਿ ਆਪ ਨੂੰ ਬਾਬਰ ਦੇ ਪਾਸ ਲੈ ਗਏ। ਇਹੋ ਵੇਲਾ ਆਪ ਢੂੰਡਦੇ ਸੇ। ਆਪ ਨੇ ਬਾਬਰ ਨੂੰ ਇਸ ਵੇਲੇ ਸ਼ਰਮਿੰਦਾ ਕੀਤਾ, ਕਿਹਾ ਕਿ ਫੌਜੀ ਤਾਕਤ ਫੌਜੀ ਤਾਕਤ ਨਾਲ ਲੜੇ। ਸ਼ਹਿਰੀ ਵਸੋਂ ਉਤੇ ਫੌਜੀ ਤਾਕਤ ਕਿਉਂ ਟੁੱਟ ਪਵੇ, ਜੇ ਐਸਾ ਹੋਵੇ ਤਾਂ ਮਾਲਕ ਨੂੰ ਪੁੱਛ ਹੋਣੀ ਚਾਹੀਏ ਉਹ ਜ਼ਿੰਮੇਵਾਰ ਹੈ। ਉਨ੍ਹਾਂ ਦੇ ਹੋਰ ਖਿਆਲਾਂ ਵਿਚ ਇਹ ਗੱਲ ਹੁਣ ਤਕ ਇਨ੍ਹਾਂ ਹਰਫਾਂ ਵਿਚ ਸਾਡੇ ਪਾਸ ਮੌਜੂਦ ਹੈ – ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ। ਬਾਬਰ ਨੂੰ ਸ਼ਰਮ ਆਈ। ਉਨ੍ਹਾਂ ਦਾ ਸਤਿਕਾਰ ਕੀਤੋਸੁ ਤੇ ਆਖਿਓਸੁ ਦੱਸੋ ਹੁਣ ਕੀਹ ਕਰਾਂ, ਤਾਂ ਸਤਿਗੁਰਾਂ ਨੇ ਖਲਕਤ ਲਈ ਅਮਾਨ ਮੰਗੀ ਤੇ ਸਾਰੇ ਕੈਦੀ ਜੋ ਮੁਗਲ ਸਿਪਾਹੀਆਂ ਬੰਨ੍ਹੇ ਸਨ, ਛੁਡਵਾਏ ਤੇ ਉਨ੍ਹਾਂ ਦੀ ਲੁੱਟ ਮੁੜਵਾ ਦਿੱਤੀ। ਪੁ:ਜੁ: ਸਾਖੀ ਵਿਚ ਲਿਖਿਆ ਹੈ, ਤਾਂ ਗੁਰੂ ਬਾਬੇ ਆਖਿਆ ਅਸਾਡੇ ਕੰਮ ਕਛੁ ਨਾਹੀ, ਪਰ ਇਹ ਜੋ ਬੰਦ ਹੋਈ ਹੈ ਸੋ ਸੈਦਪੁਰ ਕੀ ਸੋ ਛੋਡ ਦੇਹਿ। ਤਬ ਬਾਬਰ ਪਾਤਸ਼ਾਹ ਹੁਕਮ ਕੀਤਾ, ਜੋ ਬੰਦ ਹੈ ਸੋ ਛੋਡ ਦੇਹੁ ਅਤੇ ਵਸਤੁ ਫੇਰ ਦੇਹੁ। ਤਬ ਸੈਦਪੁਰ ਕੀ ਬੰਦ ਦਰੋ ਬਸਤ ਛੋਡ ਦਿਤਾ।

ਬੰਗਾਲੀ ਸੰਤ – ਕਮਾਲ ਦੀ ਕੁਰਬਾਨੀ, ਹਮਦਰਦੀ ਤੇ ਆਤਮ ਸ਼ਕਤੀ ਦਾ ਵਿਕਾਸ ਹੈ। ਸਤਿਗੁਰੂ ਦਾ ਜੀਵਨ ਹੈ ਕਿ ਜੀਵਨ ਦਾ ਇਕ ਪਾਸੇ ਮੂਲ ਤੇ ਦੂਏ ਪਾਸੇ ਕਮਾਲ ਸਫਲ ਸਫਲਤਾ ਹੈ। ਇਨਸਾਨੀ ਅਗਿਆਨ ਤੇ ਭਰਮ ਨਵਿਰਤੀ ਲਈ ਭੀ ਸਤਿਗੁਰ ਦਾ ਕੋਈ ਪ੍ਰਕਰਣ ਆਪ ਦੇ ਯਾਦ ਹੋਵੇ?

ਸੰਤ ਅਨੇਕਾਂ। ਨਮੂਨੇ ਲਈ ਹਮਜ਼ਾ ਗੌਸ ਦਾ ਸੰਖੇਪ ਹਾਲ ਦੱਸਦਾ ਹਾਂ। ਸਿਆਲਕੋਟ ਵਿਚ ਓਸ ਸਮੇਂ ਇਕ ਜ਼ੁਹਦੀ ਫਕੀਰ ਹੋਇਆ ਹੈ ਇਸ ਨਾਮ ਦਾ। ਇਸ ਨੇ ਸ਼ਹਿਰ ਦੇ ਕਿਸੇ ਇਕ ਨਾਲ ਨਰਾਜ਼ਗੀ ਹੋ ਜਾਣ ਤੇ ਆਪਣੇ ਗੁੰਬਜ਼ ਵਾਲੇ ਟਿਕਾਣੇ ਵਿਚ ਬੈਠ ਕੇ ਚਿਲਾ ਧਾਰਿਆ ਕਿ ਸਹਿਰ ਗਰਕ ਕਰਕੇ ਬਾਹਰ ਨਿਕਲਨਾ ਹੈ। ਗੁਰੂ ਜੀ ਸੁਣ ਕੇ ਸਿਆਲਕੋਟ ਗਏ ਤੇ ਇਸਦਾ ਚਿਲਾ ਤੋੜਿਆ, ਫੇਰ ਵਾਰਤਾਲਾਪ ਹੋਈ। ਆਪ ਨੇ ਉਸਨੂੰ ਦਿਖਾ ਦਿਤਾ ਕਿ ਫਕੀਰਾਂ ਦਾ ਕੰਮ ਜਗਤ ਦਾ ਭਲਾ ਕਰਨਾ ਹੈ ਕਿਸੇ ਦਾ ਬੁਰਾ ਮਨ ਵਸਾਉਣਾ ਇਹ ਸਤਿਪੁਰਖਾਂ ਦਾ ਕੰਮ ਨਹੀਂ। ਫਿਰ ਕਰੇ ਇਕ ਤੇ ਭਰੇ ਨਗਰੀ, ਇਹ ਨਿਆਏ ਨਹੀਂ, ਇਹ ਅਤਿ ਦਾ ਜ਼ੁਲਮ ਹੈ। ਚਾਹੋ ਰਾਜਾ ਤਲਵਾਰ ਨਾਲ ਕਰ ਲਵੇ, ਚਾਹੋ ਫਕੀਰ ਕਰਾਮਾਤ ਨਾਲ ਕਰ ਲਵੇ, ਇਹ ਅਨਿਆਏ ਹੈ। ਪੀਰ ਨੂੰ ਹੋਸ਼ ਆ ਗਈ ਤੇ ਨਿਰੋਲ ਸਤਿ ਦੇ ਮਾਰਗ ਪੈ ਗਿਆ। ਸਿਫਤ ਸਲਾਹ ਦੇ ਰਸਤੇ ਪੈ ਕੇ ਸੁਖ ਦੇ ਘਰ ਆ ਗਿਆ। ਇਸ ਦੇ ਨੈਣ ਖੁਲ੍ਹ ਜਾਣ ਨਾਲ ਸਿਦੇ ਮਗਰ ਲਗਣ ਵਾਲਿਆਂ ਸਾਰਿਆਂ ਨੂੰ ਸੁਖ ਹੋ ਗਿਆ। ਓਸ ਸਮੇਂ ਮੁਸਲਮਾਨ ਸ਼ਰਹ ਵਾਲਿਆਂ ਦਾ ਪਠਾਣ ਪਾਤਸ਼ਾਹਾਂ ਦੇ ਹੱਥੀਂ ਧੱਕੇ ਕਰਵਾ ਲੈਣ ਦਾ ਜ਼ੋਰ ਪ੍ਰਬਲ ਸੀ। ਦੂਜੇ ਪਾਸੇ ਪੀਰਾਂ ਫਕੀਰਾਂ ਦਾ ਜ਼ੋਰ ਸੀ, ਹਿੰਦੂਆਂ ਨੂੰ ਕੁਸਕਣਾ ਨਹੀਂ ਸੀ ਮਿਲਦਾ। ਉਨ੍ਹਾਂ ਵਿਚ ਇਨ੍ਹਾਂ ਨਾਲ ਘ੍ਰਿਣਾ ਸੀ, ਇਨ੍ਹਾਂ ਦੇ ਜ਼ੁਲਮਾਂ ਕਰਕੇ। ਜੇ ਕੋਈ ਗੱਲ ਵਾਲੇ ਕਿ ਵਿਦਿਆ ਵਾਲੇ ਸਨ ਉਹ ਆਪਣੇ ਦੀਨ ਦੇ ਝਗੜਾਲੂ ਪੱਖ ਵਿਚ ਹੀ ਸਨ। ਬਹਿਸਾਂ ਤੇ ਚਰਚਾ ਹੁੰਦੀਆਂ ਤੇ ਵਿਖਾਦ ਵਧਦੇ ਸਨ। ਕਰਨੀ ਵਾਲੇ ਮਹਾਤਮਾ ਦਾ ਕਾਲ ਪੈ ਰਿਹਾ ਸੀ। ਇਸ ਗੱਲ ਵਿਚ ਪਰਜਾ ਦੁਖੀ ਸੀ। ਗੁਰੂ ਬਾਬੇ ਨੇ ਉਧਰ ਮੁਸਲਮਾਨ ਵੱਡੇ ਵੱਡੇ ਪੀਰਾਂ ਫਕੀਰਾਂ ਨਾਲ, ਉਧਰ ਵੱਡੇ ਵੱਡੇ ਸ਼ਰਈ ਕਾਜ਼ੀ ਮੁਲਾਣਿਆਂ ਨਾਲ ਵਿਚਾਰਾਂ ਕੀਤੀਆਂ ਤੇ ਆਪਣੀ ਪ੍ਰਾਗੱਲਭ ਯੁਕਤੀ ਤੇ ਉਚੀ ਹਸਤੀ ਨਾਲ ਉਨ੍ਹਾਂ ਨੂੰ ਆਪਣੇ ਹਠਾਂ, ਹਠ ਧਰਮੀਆਂ ਤੇ ਕਾਣੀ ਵੰਡ ਵਾਲੀਆਂ ਤਅਸਬੀ ਕਰਨੀਆਂ ਤੇ ਵੀਚਾਰਾਂ ਤੋਂ ਧੋ

ਕੱਢਿਆ। ਭਾਵ ਇਸ ਵਿਸ਼ਾਲਤਾ ਵਾਲਾ ਹੁੰਦਾ ਸੀ ਕਿ ਇਕ ਦੇ ਸੁਧਰਿਆਂ ਉਸਦੇ ਹਜ਼ਾਰਾਂ ਪੈਰੋਕਾਰ ਸੁਧਰ ਜਾਣਗੇ ਤੇ ਐਉਂ ਸਰਬ ਸਾਧਾਰਣ ਦਾ ਸੁਧਾਰ ਹੋ ਜਾਵੇਗਾ। ਪਰ ਇਹ ਗੱਲ ਬੀ ਨਹੀਂ ਸੀ ਕਿ ਸਰਬ ਸਾਧਾਰਣ ਨੂੰ ਨਹੀਂ ਸਨ ਸੁਧਾਰਦੇ। ਬੜੇ ਬੜੇ ਮੇਲਿਆਂ ਪਰ ਜਾਣਾ, ਕੌਤਕ ਰਚ ਦੇਣੇ, ਹਜ਼ਾਰਾਂ ਲੋਕ ਇਕੱਠੇ ਹੋ ਜਾਣੇ, ਫੇਰ ਉਪਦੇਸ਼ ਦੇਣਾ। ਕੁਰਖੇਤਰ ਦੇ ਸੂਰਜ ਗ੍ਰਹਿਣ ਪਰ ਕਿਸੇ ਰਾਜ ਕੁਮਾਰ ਨੇ ਸ਼ਿਕਾਰ ਕੀਤਾ ਹਿਰਨ ਆ ਚੜ੍ਹਾਇਆ। ਆਪ ਨੇ ਉਸ ਨੂੰ ਰਿਝਣਾ ਰਖਵਾ ਦਿਤਾ। ਗ੍ਰਹਿਣ ਲੱਗੇ ਵਿਚ ਰਸੋਈ ਪਕ ਰਹੀ ਦੇਖ ਹਜ਼ਾਰਾਂ ਲੋਕ ਇਕੱਠੇ ਹੋ ਗਏ। ਆਪ ਨੇ ਹੁਣ ਸਭ ਨੂੰ ਉਪਦੇਸ਼ ਦੇ ਕੇ ਪ੍ਰੇਮ ਦੇ ਘਰ ਲੈ ਆਂਦਾ। ਇਕ ਨਾਨੂੰ ਪੰਡਿਤ ਉਸ ਵੇਲੇ ਚਰਚਾ ਕਰਨ ਆਇਆ, ਉਸਨੂੰ ਬੀ ਰਸਤੇ ਪਾਇਆ। ਮਾਸ ਤੇ ਨਾ ਮਾਸ ਦੀ ਬਹਿਸ ਨੂੰ ਜੋ ਝਗੜੇ ਵਧਾ ਰਹੀ ਸੀ, ਮੇਟਿਆ। ਆਪ ਦਾ ਉਸ ਵੇਲੇ ਦਾ ਉਪਦੇਸ਼ ਸਾਡੇ ਪਾਸ ਆਪ ਦਾ ਆਪਣਾ ਲਿਖਿਆ ਮੌਜੂਦ ਹੈ। ਇਸੀ ਤਰ੍ਹਾਂ ਹਰਿਦੁਆਰ ਜਾ ਕੇ ਚੜ੍ਹਦੇ ਸੂਰਜ ਵਲ ਪਿੱਠ ਕਰਕੇ ਪਾਣੀ ਦੇਣ ਲਗ ਗਏ। ਅਨੇਕਾਂ ਲੋਕਾਂ ਦੀ ਭੀੜ ਕੌਤਕ ਦੇਖਣ ਲਈ ਆ ਜੁੜੀ। ਉਸ ਵੇਲੇ ਆਪ ਨੇ ਫੁਰਮਾਇਆ - ਭਾਈ ਮੈਂ ਆਪਣੇ ਪਿੰਡ ਆਪਣੀ ਖੇਤੀ ਨੂੰ ਪਾਣੀ ਦੇ ਰਿਹਾ ਹਾਂ ਜੋ ਪੱਛੋਂ ਨੂੰ ਹੈ। ਲੋਕੀਂ ਕਹਿਣ ਲੱਗੇ ਇਥੋਂ ਪਿੰਡ ਕਿੰਨੀ ਦੂਰ ਹੈ? ਆਪ ਨੇ ਦੱਸਿਆ ਕਈ ਸੌ ਕੋਹ ਹੈ। ਲੋਕੀ ਹੱਸ ਪਏ - ਭਲੇ ਲੋਕ! ਇਥੋਂ ਪਾਣੀ ਓਥੇ ਕਿਂਵ ਪੁੱਜੇਗਾ? ਇਹ ਤਾਂ ਨਦੀ ਵਿਚ ਹੀ ਡਿਗਦਾ ਤੇ ਰੁੜ੍ਹਦਾ ਜਾਂਦਾ ਹੈ? ਫਿਰ ਆਪ ਹੱਸੇ ਤੇ ਬੋਲੇ ਹਲਾ, ਤਾਂ ਤੁਹਾਡਾ ਦਿਤਾ ਸੂਰਜ ਨੂੰ, ਜੋ ਕਰੋੜਾਂ ਕੋਹਾਂ ਤੇ ਹੈ, ਪਿਆ ਪਹੁੰਚਦਾ ਹੈ ਤੇ ਮੇਰਾ ਦੋ ਢਾਈ ਸੌ ਕੋਹ ਤੇ ਨਾ ਪੁੱਜੇਗਾ? ਤਾਂ ਲੋਕਾਂ ਦੇ ਨੈਣ ਖੁਲ੍ਹੇ ਕਿ ਸਾਡੀ ਮੂਰਖਤਾ ਇਕੋ ਕੌਤਕ ਨਾਲ ਕਿਵੇਂ ਕੱਟ ਦਿਤੀ ਹੈ। ਇਸੇ ਤਰ੍ਹਾਂ ਮੱਕੇ ਜਾ ਕੇ ਕਾਬੇ ਵਲ ਪੈਰ ਕਰ ਸੁਤੇ ਤਾਂ ਕਿਸੇ ਨੇ ਗੁੱਸੇ ਨਾਲ ਮਨ੍ਹਏ ਕੀਤਾ ਕਿ ਖੁਦਾ ਦੇ ਘਰ ਵਲ ਪੈਰ ਨਾ ਕਰ, ਫੁਰਮਾਉਣ ਲੱਗੇ, ਕਰ ਦੇਹ ਮੇਰੇ ਪੈਰ ਉਧਰ, ਜਿਧਰ ਖੁਦਾ ਕਿ ਖੁਦਾ ਦਾ ਘਰ ਨਹੀਂ ਹੈ। ਉਸੇ ਇਹੋ ਕੁਛ ਕੀਤਾ ਤਾਂ ਉਸ ਨੂੰ ਪੈਰਾਂ ਦੇ ਮਗਰ ਮਗਰ ਕਾਅਬਾ ਫਿਰਦਾ ਦਿੱਸੇ ਤਾਂ ਉਸਨੂੰ ਹੋਸ਼ ਆ ਗਈ ਕਿ ਖੁਦਾ ਤੇ ਖੁਦਾ ਦਾ ਘਰ ਤਾਂ ਸਰਬਵਿਆਪੀ ਹੈ। ਇਹ ਪੀਰ ਫਕੀਰ ਕੋਈ ਵਲੀ ਹੈ ਜੋ ਇਕ ਫਿਕਰਾ ਕਹਿ ਕੇ ਛੌੜ ਕੱਟ ਦਿੰਦਾ ਹੈ, ਮੈਂ ਸਰਬ ਬਿਆਪੀ, ਲਾ ਮਕਾਂ ਤੇ ਹਰ ਮਕਾਂ ਦੇ ਮਕੀਂ ਨੂੰ ਇਕ ਦੇਸ਼ੀ ਕਿਉਂ ਜਾਤਾ। ਇਹ ਗੱਲ ਧੁੰਮ ਗਈ, ਫੇਰ ਬੜੇ ਬੜੇ ਪੀਰ ਆ ਕੱਠੇ ਹੋਏ ਤੇ ਗੁਰੂ ਜੀ ਨੇ ਸਤਿ ਉਪਦੇਸ਼ ਦਿੱਤਾ। ਇਸ ਤਰ੍ਹਾਂ ਗਇਆ, ਕਾਸ਼ੀ ਬਗਦਾਦ ਅਨੇਕਾਂ ਥਾਂਈ ਆਪ ਨੇ ਕੀਤਾ। ਸੋ ਸਰਬ ਸਾਧਾਰਣ ਨੂੰ ਤਾਰਣ ਦੇ ਨਾਲ ਆਪ ਨੇ ਲੱਭ ਲੱਭ ਕੇ ਵੱਡੇ ਵੱਡੇ ਗਦੀਆਂ ਵਾਲਿਆਂ ਦੇ ਤੁਅਸਬ ਦੂਰ ਕਰਕੇ ਇਹ ਮਤ ਦੇਣੀ ਕਿ ਜਾਤਿ ਦੇ ਫਰਕ ਕਰਕੇ, ਨਸਲ ਦੇ ਫਰਕ ਕਰਕੇ, ਮੁਲਕ ਦੇ ਫਰਕ ਕਰਕੇ ਮਜ਼ਹਬ ਦੇ ਫਰਕ ਕਰਕੇ ਨਫਰਤ ਨਾ ਕਰੋ। ਇਨਸਾਨ ਇਨਸਾਨ ਦਾ ਭਾਈ ਹੈ। ਪਿਆਰ ਕਰੋ, ਖੁਦਾ ਪ੍ਰੇਮ ਹੈ, ਜਿਸਨੂੰ ਸ਼ੈਤਾਨ ਕਹਿੰਦੇ ਹੋ ਉਹ ਨਫਰਤ ਹੈ। ਮਜ਼ਹਬ ਖੁਦਾ ਦੇ ਮਿਲਨੇ ਦਾ ਰਸਤਾ ਹੈ। ਜੋ ਪ੍ਰੇਮ ਸਰੂਪ ਨੂੰ ਮਿਲੇ ਹਨ ਉਹ ਜਦ ਨਫਰਤ ਵਰਤਦੇ ਹਨ ਤਾਂ ਉਹ ਖੁਦਾ ਦੇ ਨਹੀਂ ਰਹਿੰਦੇ ਸ਼ੈਤਾਨ ਦੇ ਹੋ ਜਾਂਦੇ ਹਨ। ਉਨ੍ਹਾਂ ਦੀ ਇਹ ਕੋਸ਼ਿਸ਼ ਉਸ ਵੇਲੇ ਫਲ ਲਿਆਈ ਤੇ ਉਨ੍ਹਾਂ ਲੋਕੀਂ ਸੁਲਹ ਦਾ ਪੈਗੰਬਰ ਆਖਣ ਲਗ ਪਏ।

ਫੇਰ ਉਸ ਸਮੇਂ ਜੋਗੀਆਂ ਦਾ ਬਹੁਤ ਭੈ ਛਾ ਰਿਹਾ ਸੀ। ਏਹ ਲੋਕ ਸਿੱਧੀਆਂ ਦਾ ਭੈ ਦੇ ਕੇ ਲੋਕਾਂ ਨੂੰ ਵੱਸ ਵਿਚ ਰਖਦੇ ਸੇ, ਅਚਲ ਵਟਾਲੇ ਤੇ ਹੋਰ ਅਨੇਕਾਂ ਥਾਂਈਂ, ਧੁਰ ਕੈਲਾਸ਼ (ਸੁਮੇਰ) ਤਾਂਈਂ ਜਾ ਕੇ ਗੁਰੂ ਬਾਬੇ ਨੇ ਇਨ੍ਹਾਂ ਨਾਲ ਚਰਚਾ ਵਾਦ ਕੀਤੈ ਤੇ ਹਰਾਇਆ। ਇਨ੍ਹਾਂ ਦਾ ਤਪ ਤੇਜ ਘਟਿਆ ਤੇ ਭਰਮਾਂ ਵਿਚ ਫਸੀ ਪਰਜਾ ਵਾਹਿਗੁਰੂ ਪ੍ਰੇਮ ਤੇ ਆਪੋ ਵਿਚ ਭਰਾਤਰੀ ਭਾਵ ਦੇ ਪਿਆਰ ਵਿਚ ਆਈ। ਗੁਰੂ ਜੀ ਨੇ ਇਸੇ ਕਰਕੇ ਲਫਜ਼ ਭਾਈ ਦਾ ਵਰਤਾਉ ਜਾਰੀ ਕੀਤਾ ਸੀ। ਜਿਨ੍ਹਾਂ ਨੇ ਆਪ ਦਾ ਉਪਦੇਸ਼ ਮੰਨਿਆਂ ਉਨ੍ਹਾਂ ਨੇ ਆਪੋ ਵਿਚ ਇਕ ਦੂਜੇ ਨੂੰ ਭਾਈ ਕਹਿਕੇ ਪੁਕਾਰਿਆ, ਜੋ ਅੱਜ ਤਾਂਈਂ ਗੁਰਸਿੱਖਾਂ ਵਿਚ ਜਾਰੀ ਹੈ।

ਫਿਰ ਇਕ ਹੋਰ ਉਪਕਾਰ ਆਪ ਦਾ ਸੀ। ਪਰਮੇਸ਼ਰ ਦੀ ਤਲਾਸ਼ ਵਿਚ ਦਿਆਨਤਦਾਰੀ ਨਾਲ ਹਠ, ਤਪ, ਜ਼ੁਹਦ, ਭਜਨ, ਬੰਦਗੀ, ਜੋਗ ਕਰਦੇ ਕੋਈ ਕੋਈ ਕਿਤੇ ਅਟਕਾਰੇ ਵਿਚ ਸਨ, ਉਨ੍ਹਾਂ ਲੋਕਾਂ ਨੂੰ ਮਿਲ ਮਿਲ ਕੇ ਮਦਦ ਦਿੱਤੀ, ਅਟਕ ਦੂਰ ਕੀਤੀ ਤੇ ਅਗਲਾ ਮਾਰਗ ਖੁਹਲ ਦਿਤਾ। ਬਾਬੇ ਫਰੀਦ ਦੀ ਗੱਦੀ ਦੇ ਸ਼ੇਖ ਇਬਰਾਹੀਮ ਨੂੰ, ਕੋਟਲੇ ਮਿੱਠੇ ਦੇ ਮੀਆਂ ਮਿੱਠੇ ਨੂੰ, ਦੱਖਣੀ ਪੰਜਾਬ ਦੇ ਮਖਦੂਮ ਨੂੰ, ਜੋਗੀਆਂ ਦੇ ਵੱਡੇ ਭਰਥਰੀ ਨੂੰ, ਚਤੁਰਦਾਸ ਪੰਡਤ ਨੂੰ, ਅਨੇਕਾਂ ਐਸੇ ਅਭਿਆਸੀਆਂ ਨੂੰ, ਸਹਾਇਤਾ ਦੇ ਕੇ ਠੀਕ ਰਾਹੇ ਟੋਰਿਆ। ਆਪ ਜੇ ਆਪ ਦੇ ਹਾਲਾਤ ਪੜ੍ਹੋ ਤਾਂ ਪਤਾ ਲੱਗੇ ਮੈਂ ਤਾਂ ਸੰਖੇਪ ਵਿਚ ਆਪ ਦੇ ਜੀਵਨ ਪਹਿਲੂ ਜਗਤ ਪੀੜਾ ਹਰਨ ਵਾਲੇ ਦਰਸਾ ਰਿਹਾ ਹਾਂ।

ਬੰਗਾਲੀ ਸੰਤ - ਭਲਾ ਗੁਰੂ ਜੀ ਦੇ ਕੋਈ ਐਸੇ ਪ੍ਰਸੰਗ ਬੀ ਹੈਨ ਕਿ ਜਿਨ੍ਹਾਂ ਤੋਂ ਪਤਾ ਲੱਗੇ ਕਿ ਪ੍ਰੇਮ ਪੀੜਾ ਤੇ ਬੀ ਪਹੁੰਚਦੇ ਸਨ? ਹੁਣ ਹੋ ਤਾਂ ਦੇਰ ਰਹੀ ਹੈ, ਆਪ ਸਾਹਿਬਾਂ ਨੇ ਜਾਣਾ ਹੋਊ, ਪਰ ਕੁਛ ਪਲਾਂ ਹੋਰ ਲਾ ਦਿਓ। ਮੇਰੇ ਖਿਆਲ, ਆਪ ਦੇ ਉਪਦੇਸ਼ ਨਾਲ ਤੇ ਗੁਰੂ ਬਾਬੇ ਦਾ ਆਦਰਸ਼ ਸੁਣ ਸੁਣ ਕੇ, ਇਨਸਾਨੀ ਪੀੜਾ ਹਰਨ ਵਾਲੀ


ਸੇਵਾ ਵਿਚ ਕੁਛ ਕਰਨ ਵੰਨੇ ਪਰਤ ਰਹੇ ਹਨ।

ਸੰਤ – ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦੇਵ। ਸੰਤ ਜੀਓ! ਗੁਰੂ ਬਾਬਾ ਆਪ ਪ੍ਰੇਮ ਦਾ ਪੁੰਜ ਸੀ ਤੇ ਹੈ। ਆਪਣੇ ਪਰਮੇਸ਼ਰ ਪਰਮਾਤਮ ਦੇਵ ਨੂੰ ਓਹ ਪ੍ਰੇਮ ਸਰੂਪ ਮੰਨਦੇ ਸਨ, ਉਸ ਨਾਲ ਪ੍ਰੇਮ ਨੂੰ ਉਹ ਮਿਲਣ ਦਾ ਮਾਰਗ ਸਮਝਦੇ ਸਨ। ਆਪ ਪ੍ਰੇਮ ਵਿਚ ਮਗਨਾਰ ਰਹਿੰਦੇ ਸਨ। ਦੂਜੇ ਪਾਸੇ ਇਨਸਾਨ ਮਾਤ੍ਰ ਨਾਲ ਪ੍ਰੇਮ ਕਰਦੇ ਸਨ। ਤੀਜੇ ਪਾਸੇ ਉਨ੍ਹਾਂ ਨਾਲ ਕੀਤੇ ਗਏ ਪ੍ਰੇਮ ਦਾ ਉਹ ਪਰਮ ਮ੍ਰਿਦੁਲ ਤੇ ਤਰੁੱਠਵੇਂ ਪਰ ਦਾਨੇ ਪ੍ਰੇਮ ਨਾਲ ਜਵਾਬ ਦਿੰਦੇ ਸਨ। ਮੇਰਾ ਮਤਲਬ ਹੈ ਕਿ ਪ੍ਰੇਮ-ਖਿੱਚ ਦੇ ਅੱਗੇ ਧਾਕੇ ਪਹੁੰਚਦੇ ਸਨ। ਆਪਣੇ ਘਰ ਵਿਚ ਆਪ ਨੂੰ ਸਭ ਤੋਂ ਪਹਿਲਾਂ ਆਪਦੀ ਵੱਡੀ ਭੈਣ ਜੀ ਨੇ ਪਛਾਣਿਆ ਤੇ ਲਖ ਲਿਆ ਸੀ ਕਿ ਇਹ ਵੀਰ ਪ੍ਰੇਮ ਅਵਤਾਰ ਹੈ। ਭੈਣ ਜੀ ਦਾ ਅਤਿ ਕੋਮਲ ਪਿਆਰ ਆਪ ਨਾਲ ਸੀ। ਇਸ ਪਿਆਰ ਦਾ ਗੁਰੂ ਜੀ ਵਲੋਂ ਇਹ ਸਤਿਕਾਰ ਸੀ ਕਿ ਜਦ ਕਦੇ ਭੈਣ ਜੀ ਨੇ ਵਿਆਕੁਲ ਹੋ ਕੇ ਯਾਦ ਕੀਤਾ ਹੈ ਆਪ ਪਹੁੰਚੇ ਹਨ। ਸ੍ਰੀ ਪਾਵਨ ਬੀਬੀ ਜੀ ਬਹੁਤ ਉਚੇ ਦਰਜੇ ਦੇ ਰੱਬ ਪਿਆਰੇ ਗੁਰਮੁਖ ਹੋਏ ਹਨ। ਇਸ ਤਰ੍ਹਾਂ ਆਪ ਦੇ ਰਹਿਣੇ ਵਾਲੇ ਨਗਰ ਵਿਚੋਂ ਆਪ ਨੂੰ ਨਗਰ ਦੇ ਮਾਲਕ ਰਾਇ ਬੁਲਾਰ ਨੇ ਸਿਞਾਤਾ ਸੀ, ਬਚਪਨ ਤੋਂ ਹੀ ਉਹ ਆਪ ਦਾ ਪ੍ਰੇਮੀ ਹੋ ਗਿਆ ਸੀ। ਇਸ ਦੀ ਪ੍ਰੇਮ-ਖਿੱਚ ਡਾਢੀ ਹੀ ਤ੍ਰਿਖੀ ਹੁੰਦੀ ਸੀ। ਸੋ ਉਸਦੇ ਚਲਾਣੇ ਤੱਕ ਗੁਰੂ ਸਾਹਿਬ ਉਸਨੂੰ ਉਸਦੀ ਪ੍ਰੇਮ ਵਿਆਕੁਲਤਾ ਵੇਲੇ ਜਾ ਜਾ ਮਿਲਦੇ ਠੰਢ ਪਾਉਂਦੇ ਰਹੇ ਹਨ। ਹਿੰਦੁਸਤਾਨ ਦੇ ਦੱਖਣ ਵਿਚ ਸੰਗਲਾਦੀਪ ਹੈ, ਜਿਸਨੂੰ ਸੀਲੋਨ ਭੀ ਆਖਦੇ ਹਨ, ਇਸ ਟਾਪੂ ਦੇ ਉਤਰ ਪਾਸੇ ਇਕ ਰਾਜਾ ਹੋਯਾ ਹੈ – ਸ਼ਿਵਨਾਭ। ਇਸ ਦੇ ਦੇਸ਼ ਇਕ ਮਨਸੁਖ ਨਾਮੇ ਲਹੌਰ ਦਾ ਵਪਾਰੀ ਜਾਇਆ ਕਰਦਾ ਸੀ। ਇਸ ਤੋਂ ਸ਼ਿਵਨਾਭ ਨੂੰ ਗੁਰੂ ਨਾਨਕ ਦੇਵ ਜੀ ਦਾ ਨਾਮ ਤੇ ਗੁਣ ਪਤਾ ਲੱਗੇ। ਗੁਣ ਸਰਵਣ ਕਰਕੇ ਇਸ ਸੁਭਾਗ ਦੇ ਅੰਦਰ ਪ੍ਰੇਮ ਲਗ ਗਿਆ। ਇਹ ਪ੍ਰੇਮ ਐਸਾ ਪ੍ਰਬਲ ਪਿਆ ਕਿ ਰਾਜੇ ਪਾਸੋਂ ਅਜਰ ਹੋ ਗਿਆ। ਸ੍ਰੀ ਗੁਰੂ ਜੀ ਦਾ ਦੇਸ਼ ਤੇ ਸੰਗਲਾਦੀਪ ਵਿਚ ਕਿੱਡਾ ਭਾਰਾ ਫਾਸਲਾ ਹੈ ਤੇ ਸਫਰ ਦੇ ਓਸ ਸਮੇਂ ਦੇ ਸਾਮਾਨ ਕਿੰਨੇ ਔਖੇ ਸਨ, ਪਰ ਉਸਦੀ ਪ੍ਰਬਲ ਪ੍ਰੇਮ-ਖੈਂਚ ਨੂੰ ਪੂਰਨ ਕਰਨ ਹਿਤ ਆਪ ਟੁਰ ਪਏ ਤੇ ਜਾ ਪਹੁੰਚੇ ਅਰ ਉਸਦੀ ਆਤਮਾ ਨੂੰ ਠੰਢ ਪਾਈ, ਪ੍ਰੇਮ ਦਾ ਜਵਾਬ ਪ੍ਰੇਮ ਨਾਲ ਦਿਤਾ। ਉਮਲ ਰਹੇ ਪ੍ਰੇਮ ਆਪਣੇ ਉਚੇ ਪ੍ਰੇਮ ਨਾਲ ਰੰਗ ਕੇ ਪ੍ਰੇਮ ਸਾਗਰ ਦੇ ਅਨੁਭਵ ਵਿਚ ਪਹੁੰਚਾਇਆ। ਤਦੋਂ ਹੀ ਨਹੀਂ, ਹੁਣ ਬੀ ਆਪ ਦੇ ਪ੍ਰੇਮੀਆਂ ਦੇ ਹਿਰਦੇ ਤੇ ਆਪ ਦੇ ਪ੍ਰੇਮ ਪ੍ਰਭਾਉ ਦਾ ਪਰਤੋ ਪ੍ਰਤੱਖ ਹੋ ਕੇ ਪੈਂਦਾ ਹੈ। ਗੁਰੂ ਨਾਨਕ ਜਾਗਤੀ ਜੋਤਿ ਹੈ ਆਪ, ਉਨ੍ਹਾਂ ਦਾ ਜੀਵਨ ਜੀਉਂਦਾ ਉਪਦੇਸ਼ ਹੈ। ਉਨ੍ਹਾਂ ਦਾ ਉਪਦੇਸ਼ ਜੀਉਂਦਾ ਜਾਗਦਾ ਸਾਡੇ ਪਾਸ ਹੈ ਤੇ ਉਹ ਜੀਵਨ ਪੈਦਾ ਕਰਦਾ ਹੈ। ਗੁਰੂ ਨਾਨਕ ਹੀ ਹੈ ਜਿਸਨੇ ਜਾਤੀ, ਮੁਲਕੀ, ਮਜ਼ਹਬੀ ਝੇੜੇ ਨਬੇੜੇ ਤੇ ਸਭ ਨੂੰ ਪ੍ਰੇਮ ਦੇ ਅੰਗਣੇ ਲਿਆ ਕੇ ਪ੍ਰੇਮ ਖੇਲ ਸਿਖਲਾਈ। ਅੱਡ ਅੱਡ ਧਰਮਾਂ ਵਾਲੇ ਆਪੋ ਵਿਚ ਖਿਆਲਾਂ ਦੇ ਵਟਾਂਦਰੇ ਕਰਨ, ਇਕ ਦੂਜੇ ਦਾ ਸਹਾਰਾ ਕਰਨ, ਇਕ ਦੂਜੇ ਦਾ ਸਤਿਕਾਰ ਕਰਨ, ਧਰਮ ਦੀ ਰੂਹ ਨੂੰ ਪਛਾਣਨ ਤੇ ਪ੍ਰੇਮ ਦਾ ਪ੍ਰਚਾਰ ਕਰਨ, ਇਹ ਗੱਲ ਇਕ ਸਿਆਣੇ ਦੀ ਜਾਚੇ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਸਿਖਾਈ ਤੇ ਮਗਰੋਂ ਇਹ ਯਥਾਰਥ ਹੋ ਕੇ ਫੈਲੀ। ਗੁਰੂ ਨਾਨਕ ਪ੍ਰੇਮ ਹੈ, ਪ੍ਰੇਮ ਉਸਦਾ ਮਾਰਗ ਹੈ।

ਬੰਗਾਲੀ ਸੰਤ – ਆਪ ਦਾ ਮੇਲ ਦੈਵਗਤੀ ਨਾਲ ਹੋਇਆ, ਸੁਭਾਗ ਹੋਇਆ, ਗੁਰੂ ਨਾਨਕ ਪ੍ਰੇਮ ਮੈਨੂੰ ਬੀ ਪ੍ਰਾਪਤ ਹੋਵੇ। ਮੈਂ ਬੀ ਪ੍ਰੇਮ ਮਾਰਗ ਤੇ ਟੁਰਾਂ। ਇਸ ਵੇਲੇ ਮੈਂ ਗਿਆਨ ਮਾਰਗ ਵਿਚ ਹਾਂ, ਸ੍ਵੈ ਸੁਖ ਵਿਚ ਹਾਂ।

ਸੰਤ – ਮੁਬਾਰਕ ਹੈ ਇਹ ਅਵਸਥਾ ਪਿਲੋਂ ਪ੍ਰਾਪਤ ਹੋ ਜਾਣੀ ਹੈ। ਆਪਣਾ ਆਪ, ਆਪਣੇ ਆਪ ਵਿਚ ਆਪਣੇ ਆਪ ਤੋਂ ਸੁਖੀ ਹੋਵੇ, ਹੋਰ ਸੁਖ ਦੀ ਅਕਾਂਖ਼ਯਾ ਨਾ ਰਹੇ। ਆਪਣਾ ਜੋ ਜੀਵਨ ਮਾਤ੍ਰ ਹੈ, ਆਪਣੀ ਜੋ ਚੇਤਨਾ ਹੈ, ਇਹ ਆਪਣੇ ਆਪ ਵਿਚ ਸੁਖ ਸਰੂਪ ਹੈ, ਇਹ ਲੱਖਤਾ ਮੁਬਾਰਕ ਹੈ ਕਿ ਸ੍ਵੈਜੀਵਨ ਸੁਖੀ ਹੋਵੇ ਜੀਵਨ ਦੇ ਆਸਰੇ। ਇਸ ਸਾਡੇ ਆਪੇ ਨੂੰ ਲੋੜ ਨਾ ਪਵੇ ਆਪਣੇ ਬਿਲਕੁਲ ਗੋਲ ਹੋ ਗਏ ਆਪੇ ਨੂੰ ਵਧੇਰੇ ਗੁਲਿਆਈ ਵਧੇਰੇ ਗੋਲ ਕਿ ਘੱਟ ਗੋਲ ਨਹੀਂ ਹੋ ਸਕਦੀ। ਜੋ ਠੀਕ ਗੋਲ ਹੈ ਉਹ ਗੋਲ ਹੈ। ਆਪਾ ਸੁਧ ਸਰੂਪ ਹੈ, ਇਸ ਦੇ ਸਰੂਪ ਦੀ ਗੁਲਿਆਈ ਸੁਖ ਸਰੂਪਤਾ ਹੈ ਆਪਾ ਲਖ ਲੈਣ ਕਰਕੇ ਸੁਖ ਸਰੂਪਤਾ ਦੀ ਗੁਲਿਆਈ ਨੂੰ ਪ੍ਰਾਪਤ ਹੋਣਾ ਹੈ, ਪਰ ਹੁਣ ਜੀਵਨ ਉਦਕਰਖ ਵਿਚ ਹੈ, ਅਸੀਂ ਜਗਤ ਵਿਚ ਹਾਂ। ਭਾਵੇਂ ਗੁਰੂ ਨਾਨਕ ਮਿਹਰ ਨਾਲ ਸਾਨੂੰ ਜਗਤ ਤੋਂ ਹੋਰ ਸੁਖੀ ਹੋਣ ਦੀ ਲੋੜ ਨਹੀਂ, ਪਰ ਜਗਤ ਦੁਖੀ ਹੈ, ਇਸ ਵਿਚ ਹੁਕਮ ਦੇ ਅੰਦਰ ਇਸ ਦਾ ਦੁਖ ਵਧਾਉਣਾ ਨਹੀਂ, ਇਸ ਦਾ ਦੁਖ ਘਟਾਉਣਾ ਹੈ। ਇਸ ਵਿਚ ਸੁਖ ਵਧਾਣਾ ਹੈ ਇਸ ਨੂੰ ਸੁਖ ਸਰੂਪਤਾ ਤੱਕ ਲੈ ਜਾਣ ਵਿਚ। ਚਾਹੋ ਸਾਡਾ ਯਤਨ ਇਕ ਛੰਭ ਵਿਚ ਇਕ ਬੋਰੀ ਖੰਡ ਦੀ ਪਾ ਦੇਣ ਵਾਂਙੂ ਸ਼ਰਬਤ ਨਹੀਂ ਬਣਾ ਸਕਦਾ, ਪਰ ਉਸ ਪਰ ਪਾਣੀ ਵਿਚ ਖੰਭ ਦੀ ਅੰਸ਼ ਵਧ ਜਾਂਦੀ ਹੈ। ਜੇ ਅਸੀਂ ਜਗਤ ਤੋਂ ਸੁੱਖ ਦੀ ਭੁੱਖ ਵਾਲੇ ਆਪ ਹੋਵੀਏ ਤਾਂ ਅਸੀਂ ਉਸ ਮਿਠਾਸ ਦੀ ਅੰਸ਼ ਘਟਾਣ ਵਾਲੇ ਹੋਏ। ਇਉਂ ਅਸੀਂ ਬੀ ਕਸਰ ਵਿਚ ਹਾਂ, ਇਕ ਤਰ੍ਹਾਂ ਬੀਮਾਰ ਹਾਂ। ਜੇ ਸਾਡਾ ਸੁਖ ਸਾਡੇ ਸ੍ਵੈਜੀਵਨ ਮਾਤ੍ਰ ਦੇ ਸ੍ਵੈਸੁਖ ਵਿਚ ਹੈ ਤਾਂ ਅਸੀਂ ਰੋਗ ਹਾਂ, ਅਸੀਂ ਬੀਮਾਰਾਂ ਦੀ ਸੇਵਾ ਕਰ ਸਕਦੇ ਹਾਂ। ਜੇ ਸਾਡਾ ਆਪਣਾ ਪਰਮ ਆਪੇ ਨਾਲ ਮਿਲ ਕੇ ਆਤਮ ਸੁਖ ਸਰੂਪਤਾ ਵਿਚ ਪੁੱਜ ਪਿਆ ਹੈ ਤਾਂ ਅਸੀਂ ਮੁਥਾਜ ਨਹੀਂ ਰਹੇ, ਹਾਂ ਸਾਡੀ

(ਬਾਕੀ ਪੰਨਾ 58 ਤੇ)



# ਵਿਲੱਖਣਤਾ ਅਲੌਕਿਕ ਸਮਾਗਮ ਰਤਵਾੜਾ ਸਾਹਿਬ

ਅਦਵੈਤ ਸਿਧਾਂਤ ਉਪਰ ਚਲਣ ਵਾਲੇ ਮਹਾਂਪੁਰਸ਼ਾਂ ਦਾ ਰਤਵਾੜਾ ਸਾਹਿਬ ਦੀ ਰੂਹਾਨੀ ਸਟੇਜ ਉਪਰ ਮਿਲਨ ਦੇ ਦ੍ਰਿਸ਼ :-

1991 ਤੋਂ ਹੀ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਬਾਨੀ ਮਹਾਂਪੁਰਸ਼ਾਂ ਵੱਲੋਂ ਹਰ ਸਾਲ ਅੰਤਰਾਸ਼ਟਰੀ ਪ੍ਰਸਿੱਧਤਾ ਅਤੇ ਜਗਿਆਸੂਆਂ ਦੇ ਦਿਲਾਂ ਉਪਰ ਅਮਿਟ ਛਾਪ ਛੱਡਣ ਵਾਲੇ ਮਹਾਨ ਰੂਹਾਨੀ ਸਮਾਗਮ ਹੁੰਦੇ ਰਹੇ ਹਨ। ਇਨ੍ਹਾਂ ਸਮਾਗਮਾਂ ਦੀ ਵਿਲੱਖਣਤਾ ਅਦਵੈਤ ਸਿਧਾਂਤ ਉਪਰ ਚਲਣ ਦੀ ਚਲੀ ਆ ਰਹੀ ਹੈ, ਜਿਸ ਵਿਚ ਸਾਰੇ ਹੀ ਜਗਤ ਪ੍ਰਸਿਧ ਸੰਪ੍ਰਦਾਇ ਜੋਗੀ ਜਨ ਮਹਾਂਪੁਰਸ਼ ਸ਼ਮੂਲੀਅਤ ਕਰਦੇ ਆ ਰਹੇ ਹਨ। ਪਿਛਲੇ



ਸਮਾਗਮਾਂ ਵਿਚ ਜਗਤ ਸੁਪ੍ਰਸਿਧ ਸਵਾਮੀ ਡਾ. ਰਾਮ ਜੀ ਆਪਣੀਆਂ ਸੇਵਾਵਾਂ ਸਮਰਪਿਤ ਕਰਦੇ ਰਹੇ ਹਨ। ਸਿੱਖ ਇਤਿਹਾਸ ਦੇ ਮਹਾਂਪੁਰਸ਼ਾਂ ਦੇ ਵਿਚ ਜਿਵੇਂ ਪਹਿਲਾ ਮਿਸਾਲ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲਿਆਂ ਦਿਤੀ ਜਾਂਦੀ ਰਹੀ ਹੈ, ਕਿ ਕਿਵੇਂ ਸਮੇਂ ਦੀ ਕੇਂਦਰੀ ਸਰਕਾਰ ਦੇ ਮੰਤਰੀ ਸ੍ਰੀ ਮਦਨ ਮੋਹਨ ਮਾਲਵੀਆ ਨੇ ਹਿਦੂ ਯੂਨੀਵਰਸਿਟੀ ਬਨਾਰਸ ਵਿਚ ਸੰਸਕ੍ਰਿਤ ਕਾਲਜ ਦਾ ਸ਼ਿਲਾਂਨਿਆਸ (ਨੀਂਹ ਪੱਥਰ) ਮਹਾਂਪੁਰਸ਼ਾਂ ਦੇ ਪਵਿੱਤਰ ਕਰਕਮਲਾਂ ਰਾਹੀਂ ਕਰਵਾਇਆ ਸੀ। ਇਸੇ ਤਰ੍ਹਾਂ ਹੀ ਸਵਾਮੀ ਰਾਮ ਜੀ ਨੇ ਵੀ ਏਸ਼ੀਆ ਮਹਾਂਦੀਪ ਸੁਪ੍ਰਸਿੱਧ ਜੌਲੀਗ੍ਰਾਂਟ ਮੈਡੀਕਲ ਸਿਟੀ ਦੇ ਅੰਦਰ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੇ ਰਾਹੀਂ ਮੈਡੀਕਲ ਕਾਲਜ ਦਾ ਸ਼ਿਲਾਂਨਿਆਸ (ਨੀਂਹਪੱਥਰ) ਕਰਵਾਇਆ ਸੀ।

ਮਹਾਨ ਯੋਗੀ ਸਵਾਮੀ ਰਾਮ ਨੇ ਰਤਵਾੜਾ ਸਾਹਿਬ ਦੀ ਰੂਹਾਨੀ ਸਟੇਜ ਤੋਂ ਡਿਪਰੈਸ਼ਨ, ਸਟ੍ਰੇਨ, ਟੈਨਸ਼ਨ ਆਦਿ ਤੋਂ ਚਿੰਤਾ ਮੁਕਤ ਹੋਣ ਵਾਸਤੇ ਮਹਾਨ ਮਹਾਂਪੁਰਸ਼ਾਂ ਦੀਆਂ ਦਰਸਾਈਆਂ ਜੁਗਤਾਂ ਨੂੰ ਬਹੁਤ ਹੀ ਸਰਲ ਵਿਧੀ ਨਾਲ ਗੁਰਮਤਿ ਅਨੁਸਾਰ ਪ੍ਰਦਰਸ਼ਤ ਕੀਤਾ ਜਾ ਰਿਹਾ ਹੈ। ਸਮੇਂ-ਸਮੇਂ ਡਾ. ਸ਼੍ਰੀ ਤਜਿੰਦਰ ਮਲਹੋਤਰਾ ਵੱਲੋਂ ਸਵਾਮੀ ਜੀ ਦੁਆਰਾ ਰਚਿਤ ਮਹਾਨ ਰੂਹਾਨੀ ਪੁਸਤਕਾਂ ਦਾ ਅਨੁਵਾਦ ਕਰਕੇ ਆਤਮ ਮਾਰਗ ਮੈਗਜ਼ੀਨ ਵਿਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

## ਸਮਾਗਮ ਸਮੇਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਸਬੰਧੀ ਪ੍ਰੋਗਰਾਮ :-

ਜਿਵੇਂ ਕਿ ਹਰ ਸਾਲ ਸਲਾਨਾ ਸਮਾਗਮ ਉਪਰ ਲਗਾਤਾਰ ਆ ਰਹੀਆਂ ਸੰਗਤਾਂ ਨੂੰ ਭਲੀ ਪ੍ਰਕਾਰ ਗਿਆਤ ਹੈ, ਕਿ ਕਿਵੇਂ ਸੰਗਤਾਂ ਦੀ ਸਿਹਤ ਦਾ ਪੂਰਾ-ਪੂਰਾ ਧਿਆਨ ਰਖਣ ਵਾਸਤੇ ਮਹਾਂਪੁਰਸ਼ਾਂ ਦੇ ਆਦੇਸ਼ ਮੁਤਾਬਿਕ ਸਮਾਗਮ ਸਮੇਂ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਦੇਸ਼ਾਂ ਵਿਦੇਸ਼ਾਂ ਤੋ ਵਿਦਿਆ ਪ੍ਰਾਪਤ ਮਾਹਰ ਡਾਕਟਰਾਂ ਦੀਆਂ ਟੀਮਾਂ ਏਸ਼ੀਆ ਪ੍ਰਸਿੱਧ ਮੈਡੀਕਲ ਸਿਟੀ ਜੌਲੀ ਗ੍ਰਾਂਟ ਡੇਹਰਾਦੂਨ ਸਵਾਮੀ ਰਾਮ ਦੇ ਆਸ਼ਰਮ ਤੋਂ ਲੱਖਾਂ ਰੁਪਏ ਦੀਆਂ ਦਵਾਈਆਂ ਨਾਲ ਲੈ ਕੇ ਸਮਾਗਮ ਸਮੇਂ ਰਤਵਾੜਾ ਸਾਹਿਬ ਪਹੁੰਚਦੇ ਹਨ। ਇਸੇ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਵੀ ਆਪਣੇ ਆਦੇਸ਼ ਜਾਰੀ ਕਰਕੇ ਨਿਰੰਤਰ 24 ਘੰਟੇ ਰਤਵਾੜਾ ਸਾਹਿਬ ਹਸਪਤਾਲ ਅੰਦਰ ਆਪਣੇ ਡਾਕਟਰਾਂ ਦੀ ਸਪੈਸ਼ਲ ਡਿਊਟੀ ਲਾਈ ਜਾਂਦੀ ਹੈ। ਇੰਗਲੈਂਡ ਵਿਚ ਹੀਥਰੋ ਏਅਰ ਪੋਰਟ ਦੇ ਨੇੜੇ ਬਹੁਤ ਵੱਡਾ ਹੋਟਲ ਕਾਰੋਬਾਰ ਚਲਾਉਣ ਵਾਲੇ ਤੱਖਰ ਪਰਿਵਾਰ ਵੱਲੋਂ ਹਰ ਸਾਲ ਮਹਾਂਪੁਰਸ਼ਾਂ ਦੇ ਪਿਆਰ ਵਿਚ ਬਹੁਤ ਵੱਡੀ ਪੱਧਰ ਉਪਰ ਅੱਖਾਂ ਦਾ ਮੈਡੀਕਲ ਕੈਂਪ ਲਾ ਕੇ ਆਪਣੀ ਕਿਰਤ ਕਮਾਈ ਨੂੰ ਸਫਲ ਕੀਤਾ ਜਾਂਦਾ ਹੈ। ਜਿਸ ਵਿਚ ਲੈਂਨਜ਼ ਪਾਉਣ ਤੋਂ ਲੈ ਕੇ ਦਵਾਈਆਂ ਆਦਿ ਤੱਕ ਦਾ ਪੂਰਾ-ਪੂਰਾ ਸਾਰਾ ਹੀ ਮੁਫਤ ਪ੍ਰਬੰਧ ਕੀਤਾ ਜਾਂਦਾ ਹੈ। ਹੁਣ ਵੀ ਮਹਾਂਪੁਰਸ਼ਾਂ ਦੇ ਪਿਆਰ ਵਾਲੇ ਤੱਖਰ ਪਰਿਵਾਰ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਆਉਣ ਵਾਲੀ 28 ਅਕਤੂਬਰ ਸਮਾਗਮ ਅਰੰਭਤਾ ਦੇ ਪਹਿਲੇ ਦਿਨ ਹੀ ਲੋੜਵੰਦ ਇਸ ਸਹੂਲਤ ਦਾ ਪੂਰਾ ਪੂਰਾ ਲਾਹਾ ਪ੍ਰਾਪਤ ਕਰਨ ਵਾਸਤੇ ਰਤਵਾੜਾ ਸਾਹਿਬ ਸਵੇਰੇ 9.00 ਵਜੇ ਤੋਂ ਲੈ ਕੇ ਦੁਪਿਹਰ 2.00 ਵਜੇ ਤੱਕ ਆਪੋ ਆਪਣੀ ਰਜਿਸਟਰੇਸ਼ਨ ਸਬੰਧਤ ਅੱਖਾਂ ਦੇ ਡਾਕਟਰਾਂ ਕੋਲ ਕਰਵਾਉਣ ਦੀ ਕ੍ਰਿਪਾਲਤਾ ਕਰਨ ਜੀ।













### ਸਮਾਗਮ ਸਮੇਂ ਰਿਹਾਇਸ਼ ਸਬੰਧੀ ਯੋਜਨਾਂ :-

ਰਤਵਾੜਾ ਸਾਹਿਬ ਦੇ ਸਕੂਲਾਂ ਅਤੇ ਕਾਲਜਾਂ ਦੇ ਵਿਚ ਆਰਜੀ ਰਿਹਾਇਸ਼ ਦੇ ਨਾਲ-ਨਾਲ ਐਨ.ਆਰ.ਆਈ. ਕੰਪਲੈਕਸ ਅਤੇ ਹੋਰ ਕਮਰਿਆਂ ਵਿ ਦੀ ਰਿਹਾਇਸ ਵਾਸਤੇ ਹਰ ਸਾਲ ਹੀ ਪੂਰਾ ਪੂਰਾ ਪ੍ਰਬੰਧ ਹੁੰਦਾ ਹੈ। ਹੁਣ ਵੀ ਦੂਰ-ਦਰਾਜ਼ ਵਿਦੇਸ਼ਾਂ ਤੋਂ ਆਉਣ ਵਾਲੇ ਪ੍ਰਵਾਸੀ ਪ੍ਰੇਮੀਆਂ ਦੇ ਚਰਨਾਂ ਵਿਚ ਬੇਨ ਆਪੋ ਆਪਣੀਆਂ ਹਵਾਈ ਜਹਾਜ ਦੀਆਂ ਟਿਕਟਾਂ ਬੁੱਕ ਕਰਾ ਕੇ ਭਾਈ ਜਗਤਾਰ ਸਿਘ ਜੱਗੀ ਜੀ ਨੂੰ ਇਨ੍ਹਾਂ ਟੈਲੀਫੋਨਾਂ ਉਪਰ ਸੰਪਰਕ ਕਰਨ ਦੀ ਕ੍ਰਿਪਾਲ ਜੀ :-

ਰਤਵਾੜਾ ਸਾਹਿਬ- ਫੈਕਸ ਨੰਬਰ-0160-2255009, ਮੋਬਾਇਲ - 941721

ਇੰਗਲੈਂਡ - ਫੋਨ - 44 121 200 2818, ਫੈਕਸ -44 121 200 2979



## ਸਮਾਗਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਬੁੱਕ ਕਰਾਉਣ ਸਬੰਧੀ :-

ਮਹਾਂਪੁਰਸ਼ਾਂ ਦੀ ਯਾਦ ਵਿਚ ਬਰਸੀ ਸਮਾਗਮ ਸਮੇਂ ਸੰਗਤਾਂ ਵੱਲੋਂ ਅਖੰਡਪਾਠਾਂ ਦੀਆਂ ਲੜੀਆਂ ਰਤਵਾੜਾ ਸਾਹਿਬ ਚਲਾਈਆਂ ਜਾਂਦੀਆਂ ਹਨ। ਇਸ ਲਈ ਜਿਨ੍ਹਾਂ ਵੀ ਪ੍ਰੇਮੀਆਂ ਨੇ ਅਖੰਡਪਾਠ ਬੁੱਕ ਕਰਵਾਉਣੇ ਹੋਣ ਉਹ ਹੇਠ ਲਿਖੇ ਫੋਨ ਤੇ ਜਿੰਮੇਵਾਰ ਜਥੇਦਾਰ ਨਾਲ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨ ਜੀ - ਮੋਬਾਇਲ ਨੰ. 9417214386



## ਆਵਾਜਾਈ ਸਾਧਨਾਂ ਸਬੰਧੀ ਯੋਜਨਾਂ :-

ਹਰ ਸਾਲ ਮਹਾਂਪੁਰਸ਼ਾਂ ਦੇ ਪਿਆਰ ਵਾਲੇ ਆਪੋ ਆਪਣੇ ਆਵਾਜਾਈ ਸਾਧਨਾਂ ਸਵਾਰੀਆਂ ਸੰਗਤਾਂ ਨੂੰ ਰਤਵਾੜਾ ਸਾਹਿਬ ਸਮਾਗਮ ਤੇ ਪਹੁੰਚਾਉਣ ਵਾਸਤੇ ਸਮਰਪਿਤ ਕਰਦੇ ਹਨ। ਇਸ ਸਾਲ ਵੀ ਜਿਥੇ ਵੀ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਨੂੰ ਸਵਾਰੀ ਦੀ ਲੋੜ ਹੈ, ਉਹ ਹੇਠ ਲਿਖੇ ਟੈਲੀਫੋਨ, ਫੈਕਸ ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨ ਜੀ -

ਮੋਬਾਈਲ - 9417255335, ਫੈਕਸ - 01602255009











## ਲੰਗਰ ਸੇਵਾ ਸਬੰਧੀ

ਅਨੇਕਾਂ ਹੀ ਮਹਾਂਪੁਰਸ਼ਾਂ ਦੇ ਪ੍ਰੇਮੀ ਆਪਣੀਆਂ ਕਮਾਈਆਂ ਵਿਚੋਂ ਲੰਗਰ ਵਾਸਤੇ ਤਨ ਮਨ ਧਨ ਨਾਲ ਸੇਵਾ ਸਮਰਪਿਤ ਕਰਦੇ ਹਨ। ਇਸ ਲਈ ਜਿਨ੍ਹਾਂ ਵੀ ਪ੍ਰੇਮੀਆਂ ਨੇ ਲੰਗਰ ਸੇਵਾ ਸਬੰਧੀ ਕੋਈ ਵੀ ਸੇਵਾ ਕਰਨੀ ਹੈ ਉਹ ਹੇਠ ਲਿਖੇ ਇਸ ਮੋਬਾਇਲ ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨ ਜੀ :- ਮੋਬਾਇਲ - 9417214381















**ਪਿਆਰੇ ਦੀਆਂ ਪਿਆਰੀਆਂ ਸਦੀਵੀ ਯਾਦਾਂ ਕਾਇਮ ਰੱਖਣ ਸਬੰਧੀ ਪ੍ਰੋਗਰਾਮ :-**

ਪਵਿੱਤਰ ਭੂਮੀ ਤਪ ਅਸਥਾਨ ਰਤਵਾੜਾ ਸਾਹਿਬ ਵਿਖੇ ਜਿਥੇ ਮਹਾਂਪੁਰਸ਼ਾਂ ਨੇ ਅਖੰਡ ਸਮਾਧੀਆਂ ਲਾ ਕੇ ਆਪਾ-ਚਿੰਤਨ ਨਿਜ ਅਨੰਦ ਮਾਣਿਆਂ ਹੈ, ਉਸ ਸਰਕੜੇ ਦੀ ਕੁਟੀਆ ਦੀ ਸਦੀਵੀ ਸੇਵਾ ਸੰਭਾਲ ਵਾਸਤੇ ਬਹੁਤ ਹੀ ਮਜ਼ਬੂਤ ਬਿਲਡਿੰਗ ਸਟਰਕਚਰ (ਢਾਂਚਾ) ਤਿਆਰ ਕੀਤਾ ਗਿਆ ਹੈ, ਤਾਂ ਜੋ ਆਉਣ ਵਾਲੇ ਸਮੇਂ ਦੇ ਵਿਚ ਇਹ ਕੁਟੀਆ ਨਾਮ ਜਪਣ ਵਾਲਿਆਂ ਵਾਸਤੇ ਪ੍ਰੇਰਨਾਂ ਦਾ ਸਰੋਤ ਬਣ ਸਕੇ। ਇਸੇ ਹੀ ਤਰ੍ਹਾਂ 8X8 ਫੁੱਟ ਦੀਆਂ ਕੁਟੀਆ ਵੀ ਇਕਾਂਤ ਵਿਚ ਨਾਮ ਜਪਣ ਵਾਲਿਆਂ ਵਾਸਤੇ ਤਪੋ ਅਸਥਾਨ ਵਿਖੇ ਸਸ਼ੋਭਤ ਹਨ। ਬਹੁਤ ਹੀ ਪਿਆਰੀਆਂ ਤਸਵੀਰ ਵਿਚ ਦਰਸਾਈ ਗਈ ਗੋਲ ਛੱਪਰੀ ਵਰਗੀਆਂ ਤਪੋ ਅਸਥਾਨ ਦੇ ਜੰਗਲੀ ਇਲਾਕੇ ਵਿਚ ਬਣਾਉਣ ਦੀ ਯੋਜਨਾਂ ਹੈ। ਮਹਾਂਪੁਰਸ਼ਾਂ ਨੇ ਜੋ ਗੁਰਬਾਣੀ ਪ੍ਰਚਾਰ ਵਾਸਤੇ ਸਾਧਨਾਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਦੀ ਸੰਭਾਲ ਵਾਸਤੇ ਵੀਡੀਓ ਲਾਇਬਰੇਰੀ ਅੰਗੀਠਾ ਸਾਹਿਬ ਅਜਾਇਬ ਘਰ ਅਤੇ ਹੋਰ ਵਸਤੂਆਂ ਦੀ ਸੇਵਾ ਸੰਭਾਲ ਵਾਸਤੇ ਯੋਜਨਾਂ ਉਸਾਰੀ ਅਧੀਨ ਚਲ ਰਹੀ ਹੈ। ਇਸ ਸਬੰਧੀ ਕਿਸੇ ਨੇ ਵੀ ਆਪਣੀ ਸਲਾਹ ਦੇਣੀ ਹੈ ਤਾਂ ਹੇਠ ਲਿਖੇ ਟੈਲੀਫੋਨ ਨੰਬਰ ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨ ਜੀ - ਮੋਬਾਇਲ - 9417310794







**ਨਵੇਂ ਅਡੀਸ਼ਨ ਦੀਆਂ ਪੁਸਤਕਾਂ ਰਿਲੀਜ਼ ਕਰਨ ਦੀ ਰਸਮ :-**

ਹਰ ਸਲਾਨਾ ਸਮਾਗਮ ਤੇ ਕੋਈ ਨਾ ਕੋਈ ਨਵੀਆਂ ਪੁਸਤਕਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਪਰਮ ਪੂਜਯ ਸਤਿਕਾਰਯੋਗ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਨਿਰਮਲ ਆਤਮਾ ਬਖਸ਼ੀ ਰੂਹ ਬੀਜੀ ਰਾਹੀ ਰਿਲੀਜ਼ ਕੀਤੀਆਂ ਜਾਂਦੀਆਂ ਹਨ। ਇਸ ਵਾਰੀ ਵੀ ਆਉਣ ਵਾਲੀ ਪੰਜਵੀਂ ਬਰਸੀ ਸਮਾਗਮ ਉਪਰ ਰੂਹਾਨੀ ਮਿਸ਼ਨ ਦੀਆਂ ਨਵੀਆਂ ਪੁਸਤਕਾਂ ਰਿਲੀਜ਼ ਕੀਤੀਆਂ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਵੇਂ ਕਿ ਆਤਮ ਮਾਰਗ ਦੇ ਪਾਠਕਾਂ ਨੂੰ ਗਿਆਤ ਹੈ ਕਿ ਮਹਾਂਪੁਰਸ਼ਾਂ ਵੱਲੋਂ ਇਸ ਮੈਗਜ਼ੀਨ ਅੰਦਰ 100 ਸਾਲ ਤੱਕ ਗੁਰਬਾਣੀ ਪ੍ਰਕਾਸ਼ ਅੰਦਰ ਪ੍ਰਕਾਸ਼ਿਤ ਹੋਣ ਵਾਸਤੇ ਮੈਟਰ ਰੂਹਾਨੀ ਵੀਡੀਓ ਫਿਲਮਾਂ ਵਿਚ ਸਟੋਰ ਪਿਆ ਹੈ।

## ਸਮਾਗਮ ਸਮੇਂ ਪ੍ਰਦਰਸ਼ਨੀ ਸਬੰਧੀ ਯੋਜਨਾਂ –

ਹਰ ਸਾਲ ਹੀ ਡਾਇਰੈਕਟਰ ਵਿਦਿਅਕ ਅਦਾਰੇ ਰਤਵਾੜਾ ਸਾਹਿਬ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੀ ਪ੍ਰਿੰਸੀਪਲ ਅਤੇ ਸਟਾਫ ਦੀ ਦੇਖ ਰੇਖ ਹੇਠ ਵਿਦਿਆਰਥੀਆਂ ਵੱਲੋਂ ਹਰ ਸਮਾਗਮ ਉਪਰ ਇਤਿਹਾਸ ਨੂੰ ਦਰਸਾਉਂਦੀ, ਵਿਰਸੇ ਦੀ ਸੇਵਾ ਸੰਭਾਲ ਸਬੰਧੀ ਅਤੇ ਵਾਤਾਵਰਣ ਨੂੰ ਸਾਫ ਰੱਖਣਵਾਸਤੇ ਕਲਾ ਕਿਰਤਾਂ ਨੂੰ ਪ੍ਰਦਰਸ਼ਨੀ ਵਿਚ ਮਾਡਲਾਂ ਰਾਹੀਂ ਪ੍ਰਦਰਸ਼ਤ ਕੀਤਾ ਜਾਂਦਾ ਹੈ। ਪ੍ਰਦਰਸ਼ਨੀ ਸਬੰਧੀ ਸੰਪਰਕ ਟੈਲੀਫੋਨ ਨੰਬਰ ਹੇਠ ਲਿਖੇ ਅਨੁਸਾਰ ਹੈ – ਮੋਬਾਇਲ – 9417214383



## ਆਤਮ ਮਾਰਗ ਸਟਾਲ ਰਿਨੀਊਅਲ ਆਦਿ ਸਬੰਧੀ ਯੋਜਨਾਂ –

ਜਗ੍ਹਾ-ਜਗ੍ਹਾ ਉਪਰ ਅਤਿਅਧੁਨਿਕ ਸਾਧਨਾਂ ਨਾਲ ਕਾਊਂਟਰਾਂ ਰਾਹੀਂ ਸਟਾਲ ਲਾਏ ਜਾ ਰਹੇ ਹਨ। ਸਮਾਗਮ ਸਮੇਂ ਵੀ ਵਿਸ਼ੇਸ਼ ਸਟਾਲ ਆਤਮ ਮਾਰਗ ਦੀ ਰਿਨੀਊਵਲ ਅਤੇ ਨਵੀਂ ਮੈਂਬਰਸ਼ਿਪ ਵਾਸਤੇ ਪ੍ਰਬੰਧ ਕੀਤੀਆਂ ਜਾਂਦੀਆਂ ਹਨ। ਗੁਰਬਾਣੀ ਪ੍ਰਚਾਰ ਹਿੱਤ ਗੁਰ-ਸ਼ਬਦ ... ਵਿਚ ਬਹੁਤ ਸਾਰੇ ਪ੍ਰੇਮੀਆਂ ਵੱਲੋਂ ਮਾਇਆ ਰਾਹੀਂ ਯੋਗਦਾਨ ਪਾਇਆ ਜਾਂਦਾ ਹੈ। ਇਸ ਮਹਾਨ ਯੋਗਦਾਨ ਨੂੰ ਸਚੱਜੇ ਢੰਗ ਨਾਲ ਵਰਤਣ ... ਬਹੁਤ ਹੀ ਰਿਆਇਤੀ ਭੇਟਾ ਉਪਰ ਖਰਚ ਕੀਤਾ ਜਾਂਦਾ ਹੈ- ਮੋਬਾਇਲ 9417214391, 80, 79, 85, ਸਟਾਲ ਤੋਂ ਹੀ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਅਤੇ ਕੈਸਟਾਂ ਉਪਲਬਧ ਹੋਣਗੀਆਂ ਜੀ।









# ਗੁਰੂ ਮਾਨਿਓ ਗ੍ਰੰਥ

***ਜਥੇਦਾਰ ਅਵਤਾਰ ਸਿੰਘ***
***ਪ੍ਰਧਾਨ***
***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।***

ਕਲਜੁੱਗ ਦੇ ਬੋਹਥ, ਪਤਿਤ ਪਾਵਨ, ਪਾਪ ਹਰਨ, ਸ਼ਬਦ ਗੁਰੂ ਦੀ ਪਾਵਨ ਮੂਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖ ਧਰਮ ਦੇ ਗੁਰੂ ਨਹੀਂ ਸਗੋਂ ਜਗਤ ਗੁਰੂ ਵੀ ਹਨ। ਇਹ ਤਾਂ ਸਮੁੱਚੀ ਮਾਨਵਤਾ ਦੇ ਕਲਿਆਣ ਅਤੇ ਮਨੁੱਖਤਾ ਦੀ ਚਿੰਤਾ ਤੇ ਦੁੱਖ ਦੂਰ ਕਰਨ ਵਾਲੇ ਪਾਵਨ ਗ੍ਰੰਥ ਹਨ। ਇਸ ਦੀ ਵਡਿਆਈ ਵਿਚ ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਸਰਬ ਸਮਰੱਥ ਤੇ ਸਰਬ-ਸਾਂਝੇ ਹਨ ਜਿੱਥੋਂ ਸਰਬੱਤ ਦੇ ਭਲੇ ਦਾ ਪੈਗਾਮ ਮਨੁੱਖਤਾ ਨੂੰ ਨਸੀਬ ਹੁੰਦਾ ਹੈ।

ਦੁਨੀਆਂ ਦੇ ਧਰਮਾਂ ਦੁਆਰਾ ਪ੍ਰਚਾਰਤ ਤੇ ਪ੍ਰਸਾਰਤ ਵਿਚਾਰਧਾਰਾ ਦੇ ਪਾਵਨ ਗ੍ਰੰਥ ਮਿਲਦੇ ਹਨ, ਉਹ ਸਭ ਮਾਬਰਕ ਹਨ ਪਰ ਇਹ ਸਭ ਗ੍ਰੰਥ ਵੱਖ-ਵੱਖ ਧਾਰਮਿਕ ਰਹਿਬਰਾਂ ਦੇ ਸਮਕਾਲੀਨ ਨਹੀਂ ਹਨ। ਗੁਰੂ ਗ੍ਰੰਥ ਸਾਹਿਬ ਦੀ ਵਡਿਆਈ ਇਹ ਵੀ ਹੈ ਕਿ ਇਹ ਗੁਰੂ ਸਾਹਿਬ ਨੇ ਆਪਣੇ ਹੱਥੀਂ ਤਿਆਰ ਕੀਤਾ ਤੇ ਸੰਪੂਰਨ ਕੀਤਾ। ਇਹ ਵੀ ਮਾਨਵਤਾ ਵਾਲੀ ਗੱਲ ਹੈ ਧਰਮ ਦੇ ਇਤਿਹਾਸ ਵਿਚ ਇਹ ਇਕ ਅਜਿਹਾ ਪਾਵਨ ਗ੍ਰੰਥ ਹੈ ਜਿਸ ਦਾ ਰੋਜ਼ਾਨਾ ਪ੍ਰਕਾਸ਼ ਤੇ ਸੁਖ ਆਸਣ ਗੁਰਦੁਆਰਾ ਸਾਹਿਬ ਵਿਚ ਕੀਤਾ ਜਾਂਦਾ ਹੈ ਅਤੇ ਲੱਖਾਂ ਪ੍ਰਾਣੀ ਰੋਜ਼ ਇਸ ਦੇ ਸਨਮੁਖ ਹੋ ਕੇ ਨਤਮਸਤਕ ਹੁੰਦੇ ਹਨ। ਉਹ ਆਪਣੇ ਜੀਵਨ ਦੇ ਕਲਿਆਣ ਲਈ ਅਰਦਾਸ, ਬੇਨਤੀਆਂ, ਜੋਦੜੀਆਂ ਕਰਦੇ ਹਨ। ਹਰ ਪ੍ਰਾਣੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਪ੍ਰਤੱਖ (ਪ੍ਰਗਟ) ਦੇਹ ਰੂਪ 'ਚ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬ੍ਰਹਮ ਦੇ ਬੋਲ ਹਨ। ਪ੍ਰਮਾਤਮਾ ਦੇ ਗਿਆਨ ਦਾ ਉਹ ਸਾਗਰ ਹਨ ਜਿਸ ਵਿਚ ਟੁੱਭੀ ਲਾ ਕੇ ਪ੍ਰਾਣੀ-ਮਾਤਰ ਆਤਮਕ ਗਿਆਨ ਪ੍ਰਾਪਤ ਕਰਨ ਪਿਛੋਂ ਪ੍ਰਭੂ ਦੇ ਚਰਨ-ਕਮਲਾਂ ਦੀ ਪ੍ਰੀਤ ਪਾ ਸਕਦਾ ਹੈ -

***ਨਾਨਕ ਗੁਰਬਾਣੀ ਹਰਿ ਪਾਇਆ***
***ਹਰਿ ਜਪੁ ਜਾਪਿ ਸਮਾਹਾ ਹੇ॥ ਅੰਗ - 1058***

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗਿਆਨ ਦਾ ਚਾਨਣ ਹੈ, ਰੋਸ਼ਨੀ ਹੈ ਜਿਸ ਨਾਲ ਮਨ ਦਾ ਹਨ੍ਹੇਰਾ ਦੂਰ ਹੋ ਸਕਦਾ ਹੈ -

***ਗੁਰਬਾਣੀ ਇਸੁ ਜਗ ਮਹਿ ਚਾਨਣੁ॥***
***ਕਰਮਿ ਵਸੈ ਮਨਿ ਆਏ॥ ਅੰਗ - 67***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਿਰੰਕਾਰ ਦੀ ਵਿਚਾਰ ਦੱਸਦੀ ਹੈ, ਨਿਰੰਕਾਰ ਦੀ ਥਾਹ ਦਸਦੀ ਹੈ, ਰਾਹ ਦਸਦੀ ਹੈ ਪਰ ਇਹ ਵਿਚਾਰ ਤੇ ਥਾਹ ਤੇ ਰਾਹ ਲਈ ਜ਼ਰੂਰੀ ਪਹਿਲੂ ਹੈ ਕਿ ਪਹਿਲਾਂ ਗੁਰਬਾਣੀ ਸੁਣਨੀ, ਪੜ੍ਹਨੀ ਹੈ ਅਤੇ ਫਿਰ ਉਸ ਨੂੰ ਜੀਵਨ ਵਿਚ ਕਮਾਉਣਾ ਹੈ। ਜੋ ਮਾਰਗ ਸੁਝਾਇਆ ਗਿਆ ਹੈ ਉਸੇ ਉਤੇ ਤੁਰਨਾ ਹੈ, ਉਸ ਅਨੁਸਾਰ ਜੀਵਨ ਜੀਉਣਾ ਹੈ। ਅਗਰ ਮਨੁੱਖ ਇਹ ਬ੍ਰਹਮ ਵਿਚਾਰ ਸੁਣ ਕੇ ਕਮਾ ਲਵੇ ਤਾਂ ਪਾਤਸ਼ਾਹ ਦੱਸਦੇ ਹਨ ਕਿ ਫਿਰ ਪਾਰ-ਉਤਾਰਾ ਹੋ ਜਾਂਦਾ ਹੈ, ਜਨਮ-ਮਰਨ ਦਾ ਚੱਕਰ ਮੁੱਕ ਜਾਂਦਾ ਹੈ ਅਤੇ ਉਸ ਦੀ ਸਮਾਈ ਨਿਰੰਕਾਰ ਵਿਚ ਹੋ ਜਾਂਦੀ ਹੈ। ਗੁਰੂ ਫੁਰਮਾਨ ਹੈ -

***ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ॥***
***ਜੋ ਸੁਣੇ ਕਮਾਵੈ ਸੁ ਉਤਰੈ ਪਾਰਿ॥***
***ਜਨਮਿ ਨ ਮਰੈ ਨ ਆਵੈ ਨ ਜਾਇ॥***
***ਹਰਿ ਸੇਤੀ ਓਹੁ ਰਹੇ ਸਮਾਇ॥ ਅੰਗ - 370***

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਯਾਤਰਾ ਦਾ ਆਰੰਭ ਨਿਰੰਕਾਰ ਦੁਆਰਾ ਗੁਰੂ ਨਾਨਕ ਸਾਹਿਬ ਅਤੇ ਦੂਸਰੇ ਗੁਰੂ ਸਾਹਿਬਾਨ ਨੂੰ ਨਾਜ਼ਲ ਹੋਈ ਬਾਣੀ ਨਾਲ ਹੁੰਦਾ ਹੈ। ਇਸ ਤੋਂ ਬਿਨਾਂ ਗੁਰੂ ਸਾਹਿਬਾਨ ਨੇ ਭਗਤਾਂ ਅਤੇ ਹੋਰ ਬਾਣੀਕਾਰਾਂ ਦੇ ਬਚਨਾਂ ਨੂੰ ਜੋ ਪ੍ਰਭੂ ਦੀ ਯਾਦ ਦਿਵਾਉਂਦੇ ਹਨ ਨੂੰ ਸ਼ਾਂਭ-ਸੰਭਾਲ ਲਿਆ ਗਿਆ। ਗੁਰੂ ਨਾਨਕ ਸਾਹਿਬ ਨੇ ਇਹ ਪਾਵਨ ਬਚਨ 'ਪੋਥੀ' ਰੂਪ ਵਿਚ ਲਿਖ ਦਿੱਤੇ। ਜਦੋਂ ਗੁਰੂ ਅੰਗਦ ਸਾਹਿਬ ਗੁਰਗੱਦੀ ਉਤੇ ਬਿਰਾਜਮਾਨ ਹੋਏ ਤਾਂ ਇਸ ਪੋਥੀ ਦੀ ਸੌਂਪਣਾ ਵੀ ਉਨ੍ਹਾਂ ਨੂੰ ਕਰ ਦਿਤੀ। ਆਤਮਕ ਤ੍ਰਿਪਤੀ ਤੇ ਨਿਰੰਕਾਰ ਦੇ ਦਰਸ਼ਨ ਕਰਾਉਣ ਵਾਲੇ ਅੰਮ੍ਰਿਤ ਬਚਨਾਂ ਦਾ ਪ੍ਰਵਾਹ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਾਹਿਬ ਤਕ ਨਿਰੰਤਾਰ ਚਲਦਾ ਰਿਹਾ। ਇਹ ਪਾਵਨ ਬੋਲੀ ਪੋਥਈ ਰੂਪ ਵਿਚ ਇਕ ਤੋਂ ਬਾਅਦ ਦੂਜੇ ਤੋਂ ਹੁੰਦੇ ਹੋਏ ਪੰਚਮ ਗੁਰੂ ਅਰਜਨ ਸਾਹਿਬ ਜੀ ਨੂੰ ਪ੍ਰਾਪਤ ਹੋਏ। ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਿਰਤਾਜ ਅਤੇ ਰਹਿਮਤਾਂ ਦੇ ਦਾਤੇ ਸਤਿਗੁਰੂ ਜੀ ਨੂੰ ਮਨੁੱਖਤਾ ਦਾ ਦੁੱਖ ਹਰਣ ਲਈ ਸੰਤ, ਭਗਤਾਂ, ਭੱਟਾਂ, ਗੁਰੂ ਘਰ ਵਲੋਂ ਵਰਸੋਏ ਸਿੱਖਾਂ ਦੀ ਬਾਣੀ ਨੂੰ ਇਕੱਠਾ ਕਰ ਲਿਆ। ਭਾਈ ਗੁਰਦਾਸ ਜੀ ਸਮੇਤ ਹੋਰ ਸਿਆਣੇ ਗੁਰਸਿੱਖਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਸੰਕਲਨ ਕੀਤਾ। ਭਾਈ ਗੁਰਦਾਸ ਜੀ

ਜੋ ਗੁਰੂ ਘਰ ਦੇ ਦਾਰਸ਼ਨਿਕ ਵਿਦਵਾਨ, ਮੁਖੀ ਪ੍ਰਬੰਧਕਾਂ ਵਿਚੋਂ ਇਕ ਸਨ ਤੇ ਪਾਵਨ ਬੀੜ ਨੂੰ ਲਿਖਣ ਦੀ ਸੇਵਾ ਨਿਭਾਈ, ਪੰਚਮ ਪਿਤਾ ਨੇ ਪਹਿਲਾਂ ਸਾਰੀ ਬਾਣੀ ਨੂੰ ਘੋਖਿਆ। ਉਸ ਪਿਚੋਂ ਰਾਗਾਂ ਵਿਚ ਤਰਤੀਬ ਅਨੁਸਾਰ ਲਿਖਵਾਇਆ। ਗੁਰੂ ਸਾਹਿਬ ਦੀ ਬਾਣੀ ਮਹਲਾ 1, 2, 3, 4, 5 ਆਦਿ ਕ੍ਰਮ ਅਨੁਸਾਰ, ਉਸ ਪਿਛੋਂ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ। ਇਸੇ ਤਰ੍ਹਾਂ ਬਾਣੀ ਦੇ ਪਹਿਲਾਂ, ਪਦੇ, ਦੁਪਦੇ, ਤਿਪਦੇ, ਚੌਪਦੇ, ਅਸਟਪਦੀਆਂ ਤੋਂ ਬਾਅਦ ਲੰਬੀ ਬਾਣੀ ਜਿਵੇਂ ਛੰਤ, ਵਾਰਾਂ, ਸਿੱਧ ਗੋਸਟਿ, ਅਨੰਦ ਆਦਿ ਨੂੰ ਰੱਖਿਆ। ਆਦਿ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਪਹਿਲਾ ਪ੍ਰਕਾਸ਼ ਭਾਦੋਂ 1661 ਬਿਕਰਮੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਪਾਵਨ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਲਈ ਪਹਿਲਾ ਗ੍ਰੰਥੀ ਥਾਪਿਆ। ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਪਹਿਲਾ ਸਰੂਪ ਸੀ ਜਿਸਨੂੰ ਆਦਿ ਬੀੜ ਕਿਹਾ ਜਾਂਦਾ ਸੀ।

ਮੁਗਲਾਂ ਨਾਲ ਲੰਬੀ ਜਦੋਂ-ਜਹਿਦ ਮਗਰੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ (ਤਖਤ ਸ੍ਰੀ ਦਮਦਮਾ ਸਾਹਿਬ) ਟਿਕੇ ਤਾਂ ਉਨ੍ਹਾਂ ਨੂੰ ਆਦਿ ਬੀੜ ਦੀ ਸੰਪੂਰਨਤਾ ਦੀ ਵਿਚਾਰ ਕੀਤੀ। ਦਸ਼ਮੇਸ਼ ਪਿਤਾ ਜੀ ਨੇ ਆਪਣੇ ਪਿਆਰੇ ਸਿੱਖਾਂ ਜਿਨ੍ਹਾਂ ਵਿਚ ਭਾਈ ਮਨੀ ਸਿੰਘ ਆਦਿ ਨੂੰ ਲੈ ਕੇ ਗੁਰਦੁਆਰਾ ਲਿਖਣਸਰ ਦੇ ਸਥਾਨ 'ਤੇ ਆਦਿ ਬੀੜ ਦੀ ਪਹਿਲੀ ਤਰਤੀਬ ਨੂੰ ਬਰਕਰਾਰ ਰੱਖਦਿਆਂ ਹੋਇਆਂ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕਰ ਦਿੱਤਾ। ਤੀਹ ਰਾਗਾਂ ਵਿਚ ਇਕ ਹੋਰ ਰਾਗ ਜੇਜਾਵੰਤੀ ਸ਼ਾਮਿਲ ਹੋਣ ਨਾਲ ਬਾਣੀ ਇਕੱਤੀ ਰਾਗਾਂ ਵਿਚ ਹੋ ਗਈ। ਇਸ ਬੀੜ ਨੂੰ ਦਮਦਮੇ ਵਾਲੀ ਬੀੜ ਕਿਹਾ ਜਾਂਦਾ ਹੈ। ਇਸ ਦਮਦਮੀ ਬੀੜ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਬਚਲ ਨਗਰ, ਹਜ਼ੂਰ ਸਾਹਿਬ, ਨੰਦੇੜ (ਮਹਾਂਰਾਸ਼ਟਰ) ਵਿਖੇ ਅਕਤੂਬਰ 1708 ਈ. ਨੂੰ ਜੋਤੀ ਜੋਤ ਸਮਾਉਣ ਸਮੇਂ ਮੱਥਾ ਟੇਕ ਕੇ ਗੁਰੂ-ਪਦਵੀ ਦੀ ਮੋਹਰ ਲਾ ਕੇ ਸਿੱਖ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਦਿਤਾ –

***ਆਗਿਆ ਭਈ ਅਕਾਲ ਕੀ ਤਬੇ ਚਲਾਯੋ ਪੰਥ।***
***ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।***
***ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਦੀ ਦੇਹ।***
***ਜੋ ਪ੍ਰਭੁ ਕੋ ਮਿਲਬੋ ਚਹੇ ਖੋਜ ਸਬਦਿ ਮੈਂ ਲੇਹ।***
***(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ)***

ਪਾਤਸ਼ਾਹ ਵਲੋਂ ਹੋਏ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਹਰ ਸਿੱਖ ਲਈ ਸ੍ਰੀ ਸਤਿਗੁਰੂ ਹਨ। ਅਸੀਂ ਆਪਣੀਆਂ ਮਾਨਸਿਕ, ਆਤਮਿਕ ਆਦਿ ਸਭ ਲੋੜਾਂ ਦੀ ਪੂਰਤੀ ਪਾਵਨ ਸਤਿਗੁਰਾਂ ਪਾਸੋਂ ਪ੍ਰਾਪਤ ਕਰਨੀ ਹੈ। ਆਪਣੀਆਂ ਕਮਜ਼ੋਰੀਆਂ ਅਤੇ ਭੁੱਲਾਂ ਨੂੰ ਬਖਸ਼ਾਉਣ ਲਈ ਅਰਦਾਸ ਵੀ ਇਸੇ ਸਤਿਗੁਰਾਂ ਕੋਲ ਕਰਨੀ ਹੈ।

ਵਰਤਮਾਨ ਸਮੇਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਕੁਝ ਲੋਕ ਦੇਹਧਾਰੀ ਗੁਰੂ ਡੰਮ ਦਾ ਪ੍ਰਚਾਰ ਕਰ ਰਹੇ ਹਨ। ਕਈ ਭੋਲੇ-ਭਾਲੇ ਲੋਕ ਵੀ ਇਨ੍ਹਾਂ ਕੱਚਿਆਂ ਪਿਲਿਆਂ ਦੇ ਝਾਂਸੇ ਵਿਚ ਆ ਕੇ ਗੁਰੂ ਤੋਂ ਬੇਮੁਖ ਹੋ ਰਹੇ ਹਨ। ਇਸ ਲਈ ਸਤਿਗੁਰਾਂ ਦੀ ਬਾਣੀ ਦਾ ਪਾਵਨ ਹੁਕਮ ਚੇਤੇ ਵਿਚ ਲਿਆਉਣਾ ਚਾਹੁੰਦਾ ਹਾਂ, ਜਿਸ ਵਿਚ ਉਨ੍ਹਾਂ ਨਕਲੀ ਗੁਰੂ-ਡੰਮ ਨੂੰ ਨਕਾਰਦਿਆਂ ਫੁਰਮਾਨ ਕੀਤਾ ਸੀ –

***ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥***
***ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ***
***ਸੇ ਕੂੜਿਆਰ ਕੂੜੇ ਝੜਿ ਪੜੀਐ॥ ਅੰਗ – 304***

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਗੁਰੂ ਰਾਮਦਾਸ ਜੀ ਗੁਰਸਿੱਖਾਂ ਨੂੰ ਨਸੀਹਤ ਰੂਪ ਵਿਚ ਇਹ ਹੁਕਮ ਕਰਦੇ ਹਨ ਕਿ ਸਤਿਗੁਰੂ ਦੀ ਬਾਣੀ ਹੀ ਸਤਿ ਕਰਕੇ ਮੰਨਣੀ ਹੈ ਕਿਉਂਕਿ ਇਹ ਨਿਰੰਕਾਰ ਨੇ ਆਪ ਸਤਿਗੁਰਾਂ ਰਾਹੀਂ ਆਵੇਸ਼ ਕਰਾਈ ਹੈ ਤਾਂ ਫਿਰ ਸਾਨੂੰ ਮਾਮੂਲੀ ਲੋੜਾਂ ਜਾਂ ਨਿਗੁਣੇ ਲਾਭਾਂ ਦੀ ਪਾਤਰ ਦੇਹਧਾਰੀ, ਕੱਚੇ, ਪਿੱਲੇ, ਅੰਨ੍ਹੇ, ਆਪ ਬਣੇ ਗੁਰੂਆਂ ਤੋਂ ਸਾਵਧਾਨ ਰਹਿ ਕੇ ਸਤਿਗੁਰਾਂ ਦੁਆਰਾ ਦਿੱਤੇ ਹੁਕਮ ਦਾ ਪਾਲਣ ਕਰਨਾ ਹਰ ਸਿੱਖ ਦਾ ਪਹਿਲਾ ਤੇ ਆਖਰੀ ਫਰਜ਼ ਹੈ। ਸਤਿਗੁਰਾਂ ਦਾ ਪਾਵਨ ਹੁਕਮ ਮੈਂ ਇਥੇ ਯਾਦ ਕਰਾਉਣਾ ਜ਼ਰੂਰੀ ਸਮਝਦਾ ਹਾਂ –

***ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ॥***
***ਹਰਿ ਕਰਤਾ ਆਪਿ ਮੁਹਹੁ ਕਢਾਏ॥ ਅੰਗ – 308***

ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਪੁਰਬ ਸਮੇਂ ਮੈਂ ਸਭ ਸੰਗਤਾਂ ਨੂੰ ਵਧਾਈ ਦਿੰਦਾ ਹੋਇਆ ਅਖੀਰ ਵਿਚ ਫਿਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਰ ਮਾਈ-ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਲੈ ਕੇ ਖਾਲਸਾ ਦਾ ਅੰਗ ਬਣੇ। ਸ੍ਰੀ ਗੁਰੂ ਗ੍ਰੰਥ ਦੀ ਬਾਣੀ ਨੂੰ ਮਨ ਵਿਚ ਵਸਾ ਕੇ ਹਿਰਦੇ 'ਚ ਪ੍ਰਕਾਸ਼ ਕੀਤਾ ਜਾਵੇ ਤਾਂ ਹੀ ਨਿਰੰਕਾਰ ਨਾਲ ਇਕਮਿਕਤਾ ਹਾਸਲ ਹੋ ਸਕੇਗੀ। ਪਾਤਸ਼ਾਹ ਦਾ ਹੁਕਮ ਹੈ –

***ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇਆ॥***
***ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥***
***ਅੰਗ – 1424***

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸਮੁੱਚੇ ਸਿੱਖ ਜਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਿਵਸ ਦੀ ਤੀਸਰੀ ਸ਼ਤਾਬਦੀ ਤਖਤ ਸ੍ਰੀ ਦਮਦਮਾ ਸਾਹਿਬ ਮਨਾ ਰਹੀ ਹੈ। ਇਸ ਪਾਵਨ ਦਿਹਾੜੇ ਦੀ ਬਹੁਤ ਵੱਡੀ ਮਹਾਨਤਾ ਹੈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵਲੋਂ ਧਾਰਮਿਕ ਸਮਾਗਮ ਉਲੀਕੇ ਗਏ ਹਨ। ਸੰਨਿਮਰ ਬੇਨਤੀ ਹੈ ਕਿ ਉਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰ ਕੇ ਸਮੂਹ ਸੰਗਤਾਂ ਗੁਰੂ ਦੀ ਬਖਸ਼ਿਸ਼ਾਂ ਪ੍ਰਾਪਤ ਕਰਨ।

« « « « « « «

# ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ

***ਪ੍ਰਭਜੋਤ ਕੌਰ***

ਬੇਗਮਪੁਰਾ, ਆਨੰਦ ਦਾ ਉਹ ਦੇਸ਼ ਜਿਥੇ ਵਾਹਿਗੁਰੂ ਜੀ, ਉਸਦੇ ਪਿਆਰੇ ਨਿਵਾਸ ਰੱਖਦੇ ਹਨ। ਸਰੀਰ ਦੀ ਮੁਹਥਾਜੀ ਇਨਸਾਨਾਂ ਲਈ ਹੀ ਹੈ। ਯਾਨੀ ਚੁਰਾਸੀ ਲੱਖ ਜੀਆ ਜੂਨ, ਇਸ ਸਰੀਰ ਦੀ ਅਧੀਨਗੀ ਮੰਨਦੀ ਹੈ। ਪਰ ਵਾਹਿਗੁਰੂ ਜੀ ਦੇ ਪਿਆਰੇ ਸਰੀਰ ਦੇ ਅਧੀਨ, ਕਾਲ ਦੇ ਅਧੀਨ ਨਹੀਂ ਹੁੰਦੇ। ਉਹ ਜੀਵਨ ਮੁਕਤ ਰੂਹਾਂ ਕਹਾਉਂਦੀਆਂ ਹਨ। ਜਿਸਨੂੰ ਗੁਰਬਾਣੀ ਆਨੰਦ ਦਾ ਦੇਸ ਕਹਿੰਦੀ ਹੈ, ਉਥੇ ਇਨ੍ਹਾਂ ਦਾ ਵਾਸਾ ਹੈ। ਨਾ ਉਨ੍ਹਾਂ ਦਾ ਜਨਮ ਹੁੰਦਾ ਹੈ ਤੇ ਨਾ ਹੀ ਮਰਨ ਹੁੰਦਾ ਹੈ। ਪੂਰਨ ਆਜ਼ਾਦੀ, ਪੂਰਾ-ਪੂਰਾ ਅਨੰਦ, ਪ੍ਰੇਮ ਦੇ ਉਸ ਆਸੀਮ ਸਾਗਰ ਵਾਹਿਗੁਰੂ ਵਿਚ ਫਨਾਹ ਹੋ ਕੇ, ਉਸ ਦਾ ਨਿਜ ਰੂਪ ਹੀ ਹੋ ਜਾਂਦੇ ਹਨ। ਪਰ ਇਸ ਮਾਤਲੋਕ ਦੇ ਆਪਣੇ ਕੁਝ ਕਾਇਦੇ ਹਨ ਅਤੇ ਐਸੀਆਂ ਮਹਾਨ ਰੂਹਾਂ ਸੰਸਾਰ ਪਰ ਸੰਸਾਰ ਦੇ ਕਾਇਦੇ ਅਨੁਸਾਰ ਹੀ ਵਿਚਰਦੀਆਂ ਹਨ। ਵਾਹਿਗੁਰੂ ਜੀ ਦੇ ਹੁਕਮ 'ਚ ਖਲਲ ਪਾਉਣਾ ਪਸੰਦ ਨਹੀਂ ਕਰਦੀਆਂ। ਉਸ ਅਕਾਲ ਦੇ ਹੁਕਮ ਦੇ ਉਲਟ ਜਾਣਾ ਵਾਜਬ ਨਹੀਂ ਸਮਝਦੇ ਅਤੇ ਈਸ਼ਵਰੀ ਰਜ਼ਾ ਦੇ ਵਿਚ ਹੀ ਜੀਵਨ ਗੁਜ਼ਾਰ ਕੇ ਫਾਨੀ ਸੰਸਾਰ ਤੋਂ ਖੁਸ਼ੀ-ਖੁਸ਼ੀ ਕੂਚ ਕਰ ਜਾਂਦੇ ਹਨ। ਕਿਸੇ ਡਰ ਜਾਂ ਭੈ ਵਿਚ ਆ ਕੇ ਨਹੀਂ ਜਾਂਦੇ ਸਗੋਂ ਚਾਅ ਨਾਲ ਆਪਣੇ ਗ੍ਰਹਿ ਨੂੰ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਸਿਕਦਾਰੀ ਦੋਹੀਂ ਜਹਾਨੀ ਹੈ। ਸਾਕਤ ਬਪੜੇ ਦੀ ਨਿਆਈਂ ਨਹੀਂ ਹਨ। ਉਹ ਸਿਰਫ ਸਰੀਰ ਦਾ ਤਿਆਗ ਹੀ ਕਰਦੇ ਹਨ। ਐਸੀਆਂ ਤਰੰਗਾਂ 'ਚ ਵਿਚਰਦੇ ਆਪਣਾ ਪਰਮ ਪਿਆਰੇ ਪਿਤਾ ਜੀ ਕਈ ਦਫਾ ਸਹਿਜ ਸੁਭਾਅ ਹੀ ਕਹਿ ਛਡਦੇ ਹਨ ਕਿ ਐਵੇਂ ਹੀ ਪੁਰਾਣਾ ਖੱਲੜ ਚੁੱਕੀ ਫਿਰਦੇ ਹਾਂ ਉਹ ਪਰਉਪਕਾਰ ਹਿਤ ਹੀ ਸਰੀਰ 'ਚ ਰਹਿੰਦੇ ਹਨ। ਤਦੇ ਹੀ, ਅਨੇਕਾਂ ਬੀਤਰਾਗ, ਤੱਤਬੇਤੇ ਮਹਾਂਪੁਰਖ ਸਮੇਂ-ਸਮੇਂ ਤੇ ਸੰਸਾਰ ਤੇ ਆਉਂਦੇ ਜਾਂਦੇ ਰਹੇ। ਉਨ੍ਹਾਂ ਦਾ ਸਰੀਰ ਕਾਲ ਦਾ ਸਫਰ ਸੰਸਾਰ ਲਈ ਮਹਾਨ ਪ੍ਰੇਰਨਾ ਸਰੋਤ ਬਣਦਾ ਹੈ। ਅਧਿਆਤਮਿਕ ਸਫਰ ਦੀ ਤਾਂ ਗੱਲ ਹੀ ਕੁਝ ਹੋਰ ਹੈ। ਉਹ ਤਾਂ ਆਮ ਆਦਮੀ ਦੀ ਸਮਝ ਤੋਂ ਬਹੁਤ ਪਰ੍ਹੇ ਦੀ ਬਾਤ ਹੈ। ਐਸਾ ਮਹਾਂਪੁਰਖਾਂ ਦਾ ਮਤ ਹੈ। ਪਰ ਉਸ ਅਧਿਆਤਮਵਾਦ ਦੀ ਖੁਸ਼ਬੋ ਉਨ੍ਹਾਂ ਦੀ ਹਰ ਕਿਰਿਆ ਤੋਂ ਪ੍ਰਗਟ ਹੁੰਦੀ ਰਹਿੰਦੀ ਹੈ। ਇਹੋ ਕਾਰਨ ਹੈ ਉਹ ਸਰੀਰ ਅਤਿ ਪੂਜਨੀਯ ਹੋ ਜਾਂਦੇ ਹਨ। ਸੰਸਾਰ ਨੂੰ ਗਿਆਨ, ਨਾਮ, ਸੇਵਾ, ਸਿਮਰਨ, ਪਰਉਪਕਾਰ ਦਾ ਦਾਨ ਦੇ ਕੇ ਸੁਚੇਤ ਕਰਦੇ ਹਨ। ਬਹੁਤ ਵੱਡੀ ਚੇਤਨਤਾਈ ਪੈਦਾ ਹੁੰਦੀ ਹੈ। ਇਨਕਲਾਬ ਆਉਂਦੇ ਹਨ। ਜੀਵਨ ਬਦਲਦੇ ਹਨ। ਬਿਰਤੀਆਂ ਸਥਿਰ ਹੁੰਦੀਆਂ ਹਨ। ਤਦੇ ਤਾਂ ਗੁਰਬਾਣੀ ਅੰਦਰ ਗੁਰੂ ਬਾਬਾ ਜੀ ਕੁਝ ਐਸਾ ਫੁਰਮਾਨ ਕਰਦੇ ਹਨ -

***ਗੁਰਮੁਖ ਕੋਟਿ ਉਧਾਰਦਾ ਦੇ ਨਾਵੈ ਇਕ ਕਣੀ॥***

ਕਿਸੇ ਮਹਾਤਮਾ ਦੇ ਸੰਪਰਕ ਵਿਚ ਆ ਜਾਣਾ, ਮਹਾਤਮਾ ਹੋਏ ਸਹੀ, ਇਹ ਕੋਈ ਆਮ ਬਾਤ ਨਹੀਂ ਹੁੰਦੀ। ਸ਼ਾਇਦ ਸਾਨੂੰ ਇਸ ਗੱਲ ਦਾ ਅਹਿਸਾਸ ਨਾ ਹੋਵੇ। ਪਰ ਮਹਾਂਪੁਰਖਾਂ ਦੇ ਮੱਤ ਅਨੁਸਾਰ, ਸੈਂਕੜੇ ਜਨਮਾਂ ਦੇ ਪੁੰਨ ਤਿਲ-ਤਿਲ ਕਰਦੇ ਜੁੜਦੇ ਹਨ ਤੇ ਜਦੋਂ ਉਨ੍ਹਾਂ ਦੇ ਪੁੰਨ ਕਰਮਾਂ ਦਾ ਅੰਕੁਰ ਫੁੱਟਦਾ ਹੈ ਤਾਂ ਉਸ ਦਾ ਪ੍ਰਤਾਪ ਕਿਸੇ ਰਸਕ ਬੈਰਾਗੀ ਨਾਲ ਭੇਂਟ ਹੁੰਦੀ ਹੈ। ਕੋਈ ਮਿਲ ਜਾਵੇ, ਬੱਸ ਫਿਰ ਅਗਲਾ ਕੰਮ ਤਾਂ ਮਹਾਂਪੁਰਖਾਂ ਦਾ ਹੀ ਹੈ, ਆਪੇ ਹੀ ਕਰਵਾ ਲੈਂਦੇ ਹਨ। ਜ਼ਿੰਦਗੀ ਉਹੀ ਹੁੰਦੀ ਹੈ, ਪਰ ਉਸਦੇ ਵਿਚ ਫਿਰ ਰੰਗ ਭਰਦਾ ਹੈ। ਆਪ ਜੀ ਅਕਸਰ ਸੁਣਦੇ ਹੋ ਨਾ ਕਈ ਕਹਿ ਛੱਡਦੇ ਹਨ ਜੀ ਜ਼ਿੰਦਗੀ ਤਾਂ ਜੀ ਰਹੇ ਹਾਂ ਪਰ ਵਕਤ ਨੂੰ ਹੀ ਧੱਕਾ ਦੇ ਰਹੇ ਹਾਂ। ਅਨੰਦ ਕੋਈ ਨਹੀਂ। ਮਹਾਰਾਜ ਕਹਿੰਦੇ ਹਨ ਬਈ ਜੇ ਐਨਾ ਸੱਖਣਾਪਨ ਹੈ, ਰੋਜ਼ ਜੇ ਤੂੰ ਐਸੀ ਬੇਰਸ ਜ਼ਿੰਦਗੀ ਜੀਅ ਰਿਹਾ ਹੈਂ ਤਾਂ ਕਿਸੇ ਸਾਧੂ ਦੀ ਸੰਗਤ 'ਚ ਚਲਿਆ ਜਾ। ਸੋ ਜੀਵਨ ਰਸਮਯ ਹੁੰਦਾ ਹੈ। ਆਦਮੀ ਉਸ ਪਰਮ ਆਨੰਦ ਦੇ ਅਨੁਭਵ ਦੇ ਨੇੜੇ-ਨੇੜੇ ਹੁੰਦਾ ਜਾਂਦਾ ਹੈ। ਸਤਿਪੁਰਖਾਂ ਦੇ ਸੰਗ ਰਹਿ ਕੇ ਜੀਵਨ ਵਿਚ ਜੋ ਤਬਦੀਲੀ ਆਉਂਦੀ ਹੈ, ਮੈਂ ਸੱਚ ਆਖਾਂ ਇਹ ਚਰਚਾ ਦੇ ਵਿਸ਼ੇ ਨਹੀਂ ਹਨ, ਇਹ ਅਨੁਭਵ ਦੇ ਵਿਸ਼ੇ ਹਨ। ਨਿਜ ਅਨੁਭਵ ਹੁੰਦਾ ਹੈ। ਕੋਈ ਆਮ ਕਲਮ ਇੰਨੀ ਸਮਰਥਾ ਨਹੀਂ ਰੱਖਦੀ ਕਿ ਇਸਨੂੰ ਬਿਆਨ ਕਰ ਸਕਦੇ।

ਆਪਾ ਸਾਰੇ ਵੀ ਬਹੁਤ ਵਡਭਾਗੇ ਹਾਂ, ਕੋਈ ਅਪਾਰ ਕ੍ਰਿਪਾ ਹੋਈ, ਸਭ ਦੇ ਉਪਰ ਐਸੇ ਕਰਮ ਉਦੈ ਹੋਏ। ਪੂਰਬਲੇ ਕਰਮਾਂ ਦਾ ਸੂਰਜ ਨਿਕਲਿਆ, ਕਰਮਗਤੀ ਮਿਹਰਬਾਨ ਹੋਈ, ਔਰ ਐਸੇ ਇਕ ਮਹਾਂਪੁਰਖਾਂ ਦਾ ਸਾਨੂੰ ਸੰਗ ਹੋਇਆ। ਜਿਸ ਦਾ ਸਤਿਸੰਗ, ਜਿਸ ਦਾ ਪਿਆਰ ਅੱਜ ਤਕ ਚਲਦਾ ਜਾ ਰਿਹਾ ਹੈ। ਚਲਦਾ ਹੀ ਰਹੇਗਾ। ਉਸ ਸਰੀਰ ਤੋਂ ਵਿਛੜਿਆਂ ਪੰਜ ਸਾਲ ਪੂਰੇ ਹੋਣ ਜਾ ਰਹੇ ਹਨ ਪਰ ਆਪ ਜੀ ਦਾ ਜੋ ਸੰਦੇਸ਼, ਜੋ ਆਦੇਸ਼ ਸੀ, ਉਹ ਹਰ ਪ੍ਰੇਮੀ ਦੇ ਹਿਰਦੇ ਵਿਚ ਪੂਰੇ ਵੇਗ ਨਾਲ ਚਲ ਰਿਹਾ ਹੈ। ਸਮਾਂ ਰੁਕ ਗਿਆ ਜਾਪਦਾ ਹੈ, ਪਰ ਉਨ੍ਹਾਂ ਦੇ ਪਿਆਰੇ ਬਚਨ ਰਹਿ ਰਹਿ ਕੇ ਚੇਤੇ ਆਉਂਦੇ ਹਨ। ਇਹ ਸਭ ਕੀ ਹੈ। ਤੁਸੀਂ ਇਸਨੂੰ ਕੀ ਕਹੋਗੇ। ਮੇਰੇ ਤਾਂ ਬਾਰ-ਬਾਰ ਇਕੋ ਹੀ ਗੱਲ ਆਉਂਦੀ ਹੈ ਕਿ ਤੇਰੀ ਮਾਇਆ, ਤੇਰੀ ਮਾਇਆ ਹੈ, ਤੂੰ ਚਿੱਤ ਆਵੈ। ਆਪ ਜੀ ਦੇ ਪਿਆਰ ਦੇ ਤੁਲ ਕੋਈ ਪਿਆਰ ਨਹੀਂ ਦਿਸਦਾ। ਪਿਆਰ ਦੀ ਕ੍ਰਿਪਾ ਹਜ਼ਾਰਾਂ ਸੰਗਤਾਂ ਪਿਆਰੇ ਦੇ ਸਥਾਨ ਤੇ ਪਹੁੰਚਦੀਆਂ ਹਨ। ਜੋ ਨੇਮ ਆਪ ਜੀ ਨੇ ਬਖਸ਼ੇ, ਤਨ ਮਨ ਧਨ ਨਾਲ ਉਨ੍ਹਾਂ ਨੂੰ ਕਮਾਉਣ ਲਈ ਯਤਨਸ਼ੀਲ ਹਨ। ਕੀ ਮਿਸਾਲ ਹੋ ਸਕਦੀ ਹੈ, ਇਸ ਤੋਂ ਵਧ ਕੇ ਉਸ ਪ੍ਰੇਮ ਦੀ ਜਿਸ ਤੋਂ ਇਕ ਪ੍ਰੇਮੀ ਨੂੰ ਪਲ ਪਲ ਜ਼ਿੰਦਗੀ ਮਿਲ ਰਹੀ ਹੈ।

ਪਿਆਰੇ ਦੇ ਸਰੀਰ ਤੋਂ ਵਿਛੜਨ ਦੀ ਪੀੜਾ ਅਸਹਿ ਹੈ ਪਰ ਅਗਰ ਇਕ ਪ੍ਰੇਮੀ ਇਸ ਵਿਛੋੜੇ ਦੀ ਪੀੜ ਨੂੰ ਜਰਦਾ ਹੈ ਤਾਂ ਇਸਦੇ ਵਿਪਰੀਤ ਉਸਦਾ ਪਿਆਰਾ, ਉਸਦੇ ਪਿਆਰ ਦੀ ਹਿਫਾਜ਼ਤ ਵੀ ਕਰਦਾ ਹੈ। ਪਿਤਾ ਜੀ ਕਈ ਵਾਰ ਐਸੀ ਬਖਸ਼ਿਸ਼ ਕਰਦੇ ਕਿ ਸਾਧਸੰਗਤ ਜੀ ਸਾਰਾ ਖੇਲ੍ਹ ਉਸ ਮਾਲਕ ਦਾ ਹੀ ਹੋ ਰਿਹਾ ਹੈ। ਹਰ ਕਰਮ ਉਸ ਦੀ ਨਿਗ੍ਹਾ ਹੇਠ ਹੋ ਰਿਹਾ ਹੈ। ਆਪੇ ਹੀ ਮੇਲਦਾ ਹੈ, ਫਿਰ ਵਿਛੋੜਦਾ ਹੈ, ਫਿਰ ਹੌਂਸਲਾ ਦਿੰਦਾ ਹੈ, ਫਿਰ ਸੇਵਾ ਲੈਂਦਾ ਹੈ, ਨਾਮ ਜਪਾਉਂਦਾ ਹੈ, ਬਖਸ਼ਦਾ ਹੈ ਤੇ ਅੰਤ ਫਿਰ ਮੇਲ ਵੀ ਲੈਂਦਾ ਹੈ। ਜੇ ਉਹ ਕਿਸੇ ਰੂਹ ਨੂੰ ਆਪਣਾ ਪਿਆਰ ਬਖਸ਼ਦਾ ਹੈ, ਆਪਣੀ ਪ੍ਰੀਤ ਬਖਸ਼ਦਾ ਹੈ ਤਾਂ ਉਹ ਵਿਛੋੜਨ ਲਈ ਨਹੀਂ ਬਖਸ਼ਦਾ। ਉਹ ਤਾਂ ਸਦਾ ਹੀ ਮੇਲਣਾ ਚਾਹੁੰਦਾ ਹੈ, ਯਕੀਨਨ ਦੇਰੀ ਸਾਡੇ ਕੋਲੋਂ ਹੀ ਹੁੰਦੀ ਹੈ।

ਕਈਆਂ ਦਾ ਖਿਆਲ ਹੁੰਦਾ ਹੈ ਕਿ ਸਮੇਂ ਨਾਲ ਘਾਉ ਭਰ ਜਾਂਦੇ ਹਨ। ਨਹੀਂ, ਇਹ ਵਿਛੋੜੇ ਦਾ ਘਾਉ ਬਹੁਤ ਅਜੀਬ ਹੈ। ਸਮੇਂ ਦੇ ਗੁਜ਼ਰਨ ਨਾਲ ਹੋਰ ਗਹਿਰਾ ਹੁੰਦਾ ਚਲਿਆ ਜਾਂਦਾ ਹੈ। ਬਸ ਇਕੋ ਹੀ ਅੰਤਰ ਹੈ ਕਿ ਸਮੇਂ ਦੇ ਗੁਜ਼ਰਨ ਨਾਲ ਇਕ ਪ੍ਰੇਮੀ ਇਸ ਪੀੜਾ ਨੂੰ ਜਰਨ ਦੀ ਜਾਚ ਸਿੱਖ ਲੈਂਦਾ ਹੈ। ਅਰ ਸ਼ਾਇਦ ਕਿਸੇ ਅਸਹਿ ਪੀੜਾ ਨੂੰ ਚੁੱਪ ਚਪੀਤੇ ਜਰਨਾ ਹੀ ਸਭ ਤੋਂ ਕਠਨ ਕੰਮ ਹੈ। ਖੁਸ਼ੀ ਤਾਂ ਆਦਮੀ ਸਭ ਨਾਲ ਸਾਂਝੀ ਕਰ ਸਕਦਾ ਹੈ, ਪਰ ਗਮਾਂ ਦੀ ਸਾਂਝ ਨਹੀਂ ਪੈ ਸਕਦੀ ਕਿਉਂਕਿ ਇਹ ਅੰਦਰ ਬਹੁਤ ਗਹਿਰੇ ਚਲੇ ਜਾਂਦੇ ਹਨ। ਅੱਜ ਵੀ ਪ੍ਰੇਮੀਆਂ ਦੇ ਦਰਸ਼ਨ ਕਰਦੀ ਹਾਂ। ਕੁਮਲਾ ਗਏ ਉਹ ਚਿਹਰੇ। ਬਾਹਰੋਂ ਪਏ ਫਰਜ਼ ਅਦਾ ਕਰੀ ਜਾਣ, ਪਰ ਬਹੁਤ ਕੁਝ ਬਿਨ ਬੋਲਿਆਂ, ਬਿਨ ਕਹਿਆਂ ਬਿਆਨ ਹੋ ਜਾਂਦਾ ਹੈ। ਕਿਸੇ ਹੁਕਮ ਦੇ ਬੰਨੇ ਤੁਰੇ ਫਿਰਦੇ ਹਨ, ਪਰ ਸਬਰ ਦੇ ਬੰਨ੍ਹ ਟੁੱਟਦੇ ਹੀ ਜਾਪਦੇ ਹਨ। ਇਕ ਪਿਤਾ ਦੀ ਬੁੱਕਲ 'ਚੋਂ ਜੋ ਸੁਖ ਮਿਲਦਾ ਹੈ, ਉਹ ਬਾਅਦ 'ਚ ਨਹੀਂ ਲੱਭਦਾ, ਫਿਰ ਆਦਮੀ ਰੋਂਦਾ ਹੈ, ਕੁਰਲਾਉਂਦਾ ਹੈ, ਪਰ ਫਿਰ ਤਾਂ ਸਮਾਂ ਲੰਘ ਜਾਂਦਾ ਹੈ, ਬਣਦਾ ਕੁਝ ਵੀ ਨਹੀਂ। ਆਪਣੇ ਪਿਆਰੇ ਬਿਨਾਂ ਸੰਸਾਰ 'ਚ ਵਿਚਰਨਾ ਇਕ ਸਜ਼ਾ ਹੀ ਹੈ। ਜਦੋਂ ਸਾਨੂੰ ਪਿਤਾ ਜੀ (ਮਹਾਂਪੁਰਸ਼ਾਂ) ਇਹ ਗੱਲ ਸਮਝਾਉਣੀ ਚਾਹੁੰਦੇ ਸਨ, ਤਾਂ ਮੇਰੇ ਕਦੇ ਸਮਝ 'ਚ ਨਹੀਂ ਸੀ ਪਈ। ਮੈਨੂੰ ਲਗਣਾ ਐਸਾ ਹੋ ਹੀ ਨਹੀਂ ਸਕਦਾ, ਪਰ ਇਸ 'ਅੱਜ' ਨੇ ਉਸ 'ਕੱਲ' ਦੇ ਮਾਇਨੇ ਖੂਬ ਸਮਝਾਏ ਹਨ।

ਚਾਹੇ ਉਹ ਸਰੀਰ ਸਾਡੇ ਵਿਚਕਾਰ ਨਹੀਂ ਰਿਹਾ ਪਰ ਮੈਨੂੰ ਚੰਗਾ ਨਹੀਂ ਲਗਦਾ ਮੈਂ ਇਸ ਪ੍ਰਥਾਇ ਬਰਸੀ ਵਰਗੇ ਸ਼ਬਦਾਂ ਦਾ ਪ੍ਰਯੋਗ ਕਰਾਂ। ਉਹ ਬਹੁਤ ਪਿਆਰੀ ਹਸਤੀ ਹੈ। ਉਨ੍ਹਾਂ ਦੀ ਤਾਂ ਯਾਦ ਹੀ ਮਨਾਈ ਜਾ ਸਕਦੀ ਹੈ। ਸੋ ਜਿਸ ਸਰੀਰ ਤੋਂ, ਪੰਜ ਸਾਲ ਪਹਿਲਾਂ ਆਪਾਂ ਜੁਦਾ ਹੋਏ, ਉਨ੍ਹਾਂ ਦੀ ਪਵਿੱਤਰ ਯਾਦ ਮਿਤੀ 28, 29, 30, 31 ਅਕਤੂਬਰ ਨੂੰ ਆਪ ਜੀ ਦੇ ਸਥਾਨ ਰਤਵਾੜਾ ਸਾਹਿਬ ਵਿਖੇ ਮਨਾਈ ਜਾ ਰਹੀ ਹੈ। ਆਪ ਜੀ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ, ਹੁੰਮ ਹੁੰਮਾ ਕੇ ਦਰਸ਼ਨ ਦੇਣੇ। ਆਪ ਵੀ ਆਓ ਤੇ ਹੋਰਨਾਂ ਨੂੰ ਵੀ ਪਰੇਰ ਕੇ ਲੈ ਕੇ ਆਓ। ਦੇਖੋ ਨਾ 31 ਅਕਤੂਬਰ ਤਾਂ ਪਹਿਲਾਂ ਵੀ ਜ਼ਿੰਦਗੀ ਵਿਚ ਬਹੁਤ ਆਏ ਤੇ ਸ਼ਾਇਦ ਹੋਰ ਵੀ ਆਉਣ ਲੇਕਿਨ ਉਹ 31 ਅਕਤੂਬਰ 2001 ਸਭ ਤੇ ਬਹੁਤ ਭਾਰੀ ਹੋ ਨਿਬੜਿਆ। ਛਿਨਾਂ ਵਿਚ ਕੱਖ ਤੋਂ ਹੌਲਾ ਕਰਕੇ ਚਲਾ ਗਿਆ। ਸਿਰਫ ਉਹ ਇਕ ਪਲ, ਕੀ ਕਹਿਰ ਕਰ ਗਿਆ ਕਿ ਉਮਰ ਭਰ ਲਈ ਚੇਤਿਆਂ ਦਾ ਸਾਥੀ ਹੋ ਗਿਆ। ਮੁੜ-ਮੁੜ ਕੇ ਚੇਤੇ ਆਉਂਦਾ ਹੈ ਉਹ ਸਾਰਾ ਸਮਾਂ ਜੋ ਆਪ ਜੀ ਦੇ ਚਰਨਾਂ ਵਿਚ ਬਤੀਤ ਹੋਇਆ। ਅੱਖਾਂ ਬਾਰ-ਬਾਰ ਬੇਚੈਨ ਹੋ-ਹੋ ਕੇ ਉਸ ਰਾਹ ਵਲ ਨੂੰ ਉਠਦੀਆਂ ਹਨ, ਪਰ ਬਹੁਤ ਬੇਬਸ ਤੇ ਨਿਰਾਸ ਹੋ ਕੇ ਪਰਤ ਆਉਂਦੀਆਂ ਹਨ। ਸ਼ਾਇਦ ਉਸ ਦੀ ਮੌਜ ਇਹੀ ਹੈ। ਸਭ ਸੀਸ ਝੁੱਕ ਜਾਂਦੇ ਹਨ। ਉਸਦੀਆਂ ਬੇਪਰਵਾਹੀਆਂ ਦੇ ਰੰਗ ਮਾਨਣੇ ਬਹੁਤ ਔਖੇ ਹਨ। ਕੈਸੀ ਬੇਪਰਵਾਹੀ ਸੀ ਕਿ ਪ੍ਰੇਮੀਆਂ ਦੀ ਕੈਸੀ ਬੇਵਸੀ ਹੋ ਗੁਜ਼ਰੀ। ਬਹੁਤ ਸਾਰੇ ਭਾਵ ਉਠਦੇ ਹਨ ਪਰ ਚਿੱਤ ਹੋ ਜਾਂਦੇ ਹਨ। ਉਹ ਘੜੀਆਂ ਕਿਸੇ ਨੂੰ ਵਿਸਰ ਨਹੀਂ ਸਕਦੀਆਂ। ਪਰ ਜਿੱਡਾ ਵੀ ਕਹਿਰ ਸੀ ਮਗਰ ਹਰ ਵਾਰ ਪਿਆਰੇ ਨਾਲ ਹੀ ਜੋੜਦਾ ਹੈ। ਕੋਈ ਦਿਲਾਸਾ ਕਿਸੇ ਨੂੰ ਧੀਰਜ ਦਿੰਦਾ ਨਹੀਂ ਜਾਪਦਾ। ਪਿਆਰੇ ਬੀਜੀ ਦਾ ਜੋ ਵੈਰਾਗ ਹੈ, ਉਹ ਵੀ ਸਹਿਣਾ ਔਖਾ ਹੋ ਜਾਂਦਾ ਹੈ। ਅਸਮਰਥਾਂ ਦੀ ਇਸ ਅਵਸਥਾ ਵਿਚ ਜੋਦੜੀ ਹੀ ਸੁਝਦੀ ਹੈ। ਜਦੋਂ ਵੱਡੇ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਜੀ ਸਮਾਧੀ ਲੀਨ ਹੋਏ ਉਸ ਸਮੇਂ ਕਿਸੇ ਪ੍ਰੇਮੀ ਦੇ ਹਿਰਦੇ ਤੋਂ ਕੁਝ ਅਤਿ ਬਿਰਹੋਂ ਕੁੱਠੇ ਭਾਵ ਛਲਕੇ, ਜਿਸਦਾ ਜ਼ਿਕਰ ਪਿਤਾ ਜੀ (ਮਹਾਂਪੁਰਸ਼ਾਂ) ਨੇ ਆਪਣੇ ਲੇਖ 'ਸਾਜਨ ਚਲੇ ਪਿਆਰਿਆਂ' ਵਿਚ ਕੀਤਾ। ਜਦ-ਜਦ ਵੀ ਉਨ੍ਹਾਂ ਨੂੰ ਪੜ੍ਹਦੀ ਹਾਂ, ਅਹਿਸਾਸ ਹੁੰਦਾ ਹੈ ਕਿ ਇਹ ਸਾਡੇ ਲਈ ਹੀ ਲਿਖਿਆ ਗਿਆ ਹੈ। ਸ਼ਾਇਦ ਅੱਜ ਦੀਆਂ ਇਹ ਘੜੀਆਂ ਕੁਝ ਐਸਾ ਹੀ ਪੁਕਾਰਦੀਆਂ ਜਾਪਦੀਆਂ ਹਨ।

***ਪੰਛੀ ਆਏ ਰਾਤ ਗੁਜਾਰੀ ਸੁਬਹ ਉਡਾਰੀ ਮਾਰ ਗਏ,***
***ਰੁੱਖਾਂ ਵਾਂਗ ਅਸੀਂ ਪਰ ਯਾਰੋ, ਸਾਰੇ ਦਰਦ ਸਹਾਰ ਗਏ।***
***ਤੇਰੇ ਘਰ ਤੋਂ ਮੇਰੇ ਘਰ ਦਾ ਪੈਂਡਾ ਬਹੁਤੀ ਦੂਰ ਨਹੀਂ,***
***ਪਰ ਰਾਹਾਂ ਦੇ ਉਚੇ ਪਰਬਤ ਮੈਨੂੰ ਮਾਰ ਗਏ।***
***ਥਲ ਵਰਗੀ ਵਿਰਾਨੀ ਖੰਡਰ ਵਰਗੀ ਡੂੰਘੀ ਖਾਮੋਸ਼ੀ,***
***ਜੰਗਲ ਜਿਹੀ ਉਦਾਸੀ ਮੈਨੂੰ ਦੇ ਮੇਰੇ ਗਮਖਾਰ ਗਏ।***
***ਕਾਲੀ ਰਾਤ ਡਰਾਉਣੇ ਬੱਦਲ, ਪਲ-ਪਲ ਬਿਜਲੀ ਲਿਸ਼ਕ ਰਹੀ,***
***ਏਸ ਭਿਆਨਕ ਮੌਸਮ ਅੰਦਰ, ਕਿਥੇ ਛੱਡ ਕੇ ਯਾਰ ਗਏ।***
***ਚਰਚਾ ਕਰੀਏ ਤਾਂ ਕੀ ਕਰੀਏ, ਏਥੇ ਬਾਗ ਬਹਾਰਾਂ ਦੀ।***
***ਫੁੱਲਾਂ ਦੀ ਖੁਸ਼ਬੋ ਤੋਂ ਪਹਿਲਾਂ ਸੀਨੇ ਤੀਕਰ ਖਾਰ ਗਏ।***
***ਸਾਨੂੰ ਤਾਂ ਤੁਫਾਨਾਂ ਨੇ ਹੀ ਸਦਾ ਕਿਨਾਰੇ ਲਾਇਆ ਹੈ,***
***ਬੇੜੀ ਮੰਝ ਮੁਹਾਣੇ ਸਾਡੀ ਛੱਡ ਕੇ ਅੱਧ ਵਿਚਕਾਰ ਗਏ।***

« « « « « « «

# ਸਤ ਅਨੁਭਵ ਮਹਾਂਪੁਰਸ਼ਾਂ ਦੇ

***ਸੰਤ ਮਾੜੂ ਰਾਮ ਲਸੋਈ ਵਾਲੇ***

ਬ੍ਰਹਮਗਿਆਨੀ ਮਹਾਤਮਾ ਜਿਨ੍ਹਾਂ ਦਾ ਨਾਮ ਸੰਤ ਮਾੜੂ ਰਾਮ ਜੀ ਕਰਕੇ ਲਿਆ ਜਾਂਦਾ ਹੈ, ਆਪ ਪਿੰਡ ਲਸੋਈ ਜ਼ਿਲਾ ਲੁਧਿਆਣਾ ਵਿਚ ਹੋਏ ਹਨ। ਜਿਨ੍ਹਾਂ ਦੇ ਬਾਰੇ ਬਹੁਤੀ ਜਾਣਕਾਰੀ ਇਲਾਕਾ ਨਿਵਾਸੀਆਂ ਨੂੰ ਨਹੀਂ ਹੋਈ ਉਹ ਮਹਾਂਪੁਰਸ਼ ਪੂਰਨ ਬ੍ਰਹਮਗਿਆਨੀ ਸਨ ਅਤੇ ਬ੍ਰਹਮਗਿਆਨੀ ਦੇ ਜੋ ਲੱਛਣ ਹੁੰਦੇ ਹਨ ਉਨ੍ਹਾਂ ਵਿਚ ਸਾਰੇ ਹੀ ਮੌਜੂਦ ਸਨ। ਸੰਤ ਮਹਾਰਾਜ ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਉਨ੍ਹਾਂ ਦੀ ਅਵਸਥਾ ਨੂੰ ਪੂਰੀ ਤਰ੍ਹਾਂ ਨਾਲ ਜਾਣਦੇ ਸਨ ਅਤੇ ਉਨ੍ਹਾਂ ਦਾ ਕਾਫੀ ਆਦਰ ਕਰਿਆ ਕਰਦੇ ਸਨ। ਇਹ ਮਹਾਂਪੁਰਸ਼ ਦਾਦੂ ਸਾਹਿਬ ਦੀ ਸੰਪਰਦਾ ਵਿਚੋਂ ਹੋਏ ਹਨ। ਜਿਨ੍ਹਾਂ ਦੇ ਦੇਹੁਰੇ ਗੁਰੂ ਦਸ਼ਮੇਸ਼ ਪਿਤਾ ਜੀ ਨੰਦੇੜ ਸਾਹਿਬ ਨੂੰ ਜਾਂਦੇ ਹੋਏ ਠਹਿਰੇ ਸਨ। ਉਨ੍ਹਾਂ ਨੇ ਗੁਰੂ ਮਹਾਰਾਜ ਜੀ ਦੇ ਸਾਰੇ ਸਾਥੀਆਂ ਨੂੰ ਭੰਡਾਰਾ ਦਿਤਾ ਸੀ ਅਤੇ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ! ਆਪ ਜੀ ਦੇ ਜੋ ਬਾਜ ਹਨ ਇਹ ਅੱਜ ਸਾਡੀ ਮੋਠ ਬਾਜਰੀ ਦਾ ਹੀ ਭੋਜਨ ਪ੍ਰਵਾਨ ਕਰਨ। ਗੁਰੂ ਮਹਾਰਾਜ ਜੀ ਨੇ ਉਸ ਦਾ ਪ੍ਰੇਮ ਤੇ ਸ਼ਰਧਾ ਦੇਖ ਕੇ ਬਾਜਾਂ ਨੂੰ ਵੀ ਹੁਕਮ ਦੇ ਦਿਤਾ ਕਿ ਅੱਜ ਅਸੀਂ ਇਕ ਸੰਤ ਦੇ ਮਹਿਮਾਨ ਹਾਂ ਤੁਸੀਂ ਵੀ ਸ਼ਾਕਾਹਾਰੀ ਭੋਜਨ ਛਕੋ। ਇਥੇ ਹੀ ਗੁਰੂ ਮਹਾਰਾਜ ਜੀ ਨੇ ਸਿੰਘਾਂ ਨੂੰ ਪਰਖਣ ਲਈ ਦਾਦੂ ਸਾਹਿਬ ਦੇ ਦੇਹੁਰੇ ਨੂੰ ਤੀਰ ਲਾ ਕੇ ਨਮਸ਼ਕਾਰ ਕੀਤੀ ਜਿਸ ਕਰਕੇ ਪੰਜ ਪਿਆਰਿਆਂ ਨੇ ਆਪਣੇ ਅਧਿਕਾਰ ਵਰਤਦਿਆਂ ਹੋਇਆਂ ਗੁਰੂ ਮਹਾਰਾਜ ਜੀ ਨੂੰ ਤਨਖਾਹ ਲਾਈ ਸੀ। ਇਹ ਗੁਰੂ ਮਹਾਰਾਜ ਦਾ ਇਕ ਕੌਤਕ ਸੀ ਜਿਸ ਰਾਹੀਂ ਸਾਨੂੰ ਸੁਚੇਤ ਕਰਨਾ ਚਾਹੁੰਦੇ ਸਨ ਕਿਉਂਕਿ ਆਪ ਦਾ ਜੋ ਸਪਸ਼ਟ ਫੁਰਮਾਨ ਹੈ –

***ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ, ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਸੋ ਇਨ੍ਹਾਂ ਮਹਾਂਪੁਰਸ਼ਾਂ ਦੀ ਸੰਪਰਦਾ ਵਿਚੋਂ ਕ੍ਰਿਪਾ ਰਾਮ ਹੋਏ ਉਨ੍ਹਾਂ ਦੇ ਸ਼ਿਸ਼ ਸੋਭਾ ਰਾਮ ਜੀ, ਫੇਰ ਬਸਤੀ ਰਾਮ, ਫੇਰ ਬ੍ਰਹਮਨੰਦ ਹੋਏ ਇਨ੍ਹਾਂ ਤੋਂ ਪਿਛੋਂ ਰਾਮ ਭਗਤ ਬਹੁਤ ਪ੍ਰਸਿੱਧ ਮਹਾਤਮਾ ਹੋਏ। ਇਹ ਸੰਪਰਦਾ ਵਿਚ ਖੇਮ ਦਾਸ ਸੁਖਰਾਮ ਜੀ ਹੋਏ ਜਿਨ੍ਹਾਂ ਵਿਚੋਂ ਸੰਤ ਮਾੜੂ ਰਾਮ ਜੀ ਹੋਏ। ਇਹ ਪਿੰਡ ਲਸੋਈ ਵਿਚ ਹੀ ਰਹਿੰਦੇ ਰਹੇ। ਇਨ੍ਹਾਂ ਮਹਾਂਪੁਰਸ਼ਾਂ ਦਾ ਜੋ ਅਨੁਭਵ ਹੈ ਉਹ ਸੰਤ ਮਹਾਰਾਜ ਜੀ ਦੇ ਪਾਸ ਲਿਖਤੀ ਰੂਪ ਵਿਚ ਪਹੁੰਚਿਆ ਅਤੇ ਆਪ ਨੇ ਉਸ ਨੂੰ ਜਗਿਆਸੂਆਂ ਦੇ ਭਲੇ ਲਈ ਛਪਵਾ ਦਿਤਾ ਉਸ ਦੀ ਇਕ ਕਾਪੀ ਮੈਨੂੰ ਉਨ੍ਹਾਂ ਪ੍ਰੇਮੀਆਂ ਨੇ ਦਿਤੀ ਜੋ ਸਹੌੜੇ ਪਿੰਡ ਦੇ ਉਥੇ ਸੇਵਾ ਕਰਦੇ ਹਨ। ਮੈਂ ਉਹ ਪੜ੍ਹ ਕੇ ਦੇਖੀ ਉਸ ਵਿਚ ਸੰਤ ਮਾੜੂ ਰਾਮ ਜੀ ਦੇ ਵਿਚਾਰ ਜੋ ਉਚ ਕੋਟੀ ਦੇ ਸਾਧਕਾਂ ਦੇ ਗਿਆਨ ਮਾਰਗ ਵਿਚ ਲੋਅ ਕਰਦੇ ਹਨ ਉਹ ਸਮੇਂ-ਸਮੇਂ ਸਿਰ ਆਪਣੇ ਪਾਠਕਾਂ ਦੀ ਸਾਂਝ ਲਈ ਆਤਮ ਮਾਰਗ ਵਿਚ ਛਾਪਣ ਦਾ ਉਪਰਾਲਾ ਕਰਦੇ ਹਾਂ। ਜਿਹੜੇ ਜਗਿਆਸੂ ਭਜਨ ਬੰਦਗੀ ਕਰਕੇ ਉਚੀਆਂ ਅਵਸਥਾਵਾਂ ਵਿਚ ਪਹੁੰਚ ਗਏ ਹਨ ਜਿਨ੍ਹਾਂ ਦੀ ਬਿਰਤੀ ਨਾਮ ਜਪ ਕੇ ਵਿਵੇਕ ਮੰਡਲ ਵਿਚ ਪਹੁੰਚ ਗਈ ਹੈ ਅਤੇ ਗੁਰਬਾਣੀ ਦੇ ਸਹੀ ਆਦਰਸ਼ ਨੂੰ ਅਨੁਭਵ ਕਰਨ ਦੀ ਲੋਚਾ ਰਖਦੇ ਹਨ ਉਨ੍ਹਾਂ ਲਈ ਇਹ ਲੇਖ ਕਾਫੀ ਸਹਾਇਤਾ ਦੇਣਗੇ। ਇਕ ਗੱਲ ਅਸੀਂ ਪਾਠਕਾਂ ਨੂੰ ਹੁਣ ਹੀ ਦਸ ਦਿੰਦੇ ਹਾਂ ਕਿ ਅਸਾਡਾ ਕਦੇ ਵੀ ਖਿਆਲ ਨਹੀਂ ਹੋਇਆ ਕਿ ਕਿਸੇ ਦੀ ਲਿਖਤ ਨੂੰ ਜਾਂ ਕਿਸੇ ਦੇ ਪ੍ਰਗਟ ਕੀਤੇ ਖਿਆਲਾਂ ਨੂੰ ਅਸੀਂ ਆਪਣੀ ਅਕਲ ਦੇ ਹਿਸਾਬ ਨਾਲ ਕਿੰਤੂ ਪ੍ਰੰਤੂ ਦੇ ਘੇਰੇ ਵਿਚ ਲਿਆਈਏ। ਇਹ ਗੱਲ ਅਸੀਂ ਪਾਠਕਾਂ ਉਪਰ ਹੀ ਛੱਡਦੇ ਹਾਂ ਜੇ ਕਿਸੇ ਨੂੰ ਕਿਸੇ ਕਿਸਮ ਦਾ ਸ਼ੰਕਾ ਵਿਆਪੇ ਉਹ ਅਸਾਨੂੰ ਆਪਣਾ ਸ਼ੰਕਾ ਲਿਖ ਭੇਜੇ ਜਾਂ ਫੈਕਸ ਕਰ ਦੇਵੇ। ਅਸੀਂ ਯਥਾਸ਼ਕਤ ਉਤਰ ਦੇਣ ਦੀ ਜ਼ਰੂਰ ਹੀ ਕੋਸ਼ਿਸ਼ ਕਰਾਂਗੇ।

## ੴ ਸਤਿਗੁਰ ਪ੍ਰਸਾਦਿ॥ ਨਿਜਾ ਨੰਦ ਨਮਹ॥
## ਅਥ-ਅਸ਼ਰਵੀਆਂ ਮਹਾਂ ਪੁਰਖਾਂ ਕੀ-ਲਿਖਿਅਤੇ

"**ਅਲਫ**-ਆਪ ਨੂੰ ਭੁੱਲ ਕੇ ਜੀਵ ਹੋਇਆ, ਨਹੀਂ ਜਾਣਦਾ ਸਤਿ ਸਰੂਪ ਤਾਈਂ॥ ਕਦਰ ਨਾਲ ਜੇ ਆਪ ਪਛਾਣ ਸਕੇਂ, ਚਿਸ਼ਮ ਜ਼ਿਗਰ ਦੇ ਨਾਲ ਨਿਗਾਹ ਲਾਈਂ। ਤੈਨੂੰ ਸ਼ੌਂਕ ਜੇ ਰੱਬ ਦੇ ਪਾਵਨੇ ਦਾ, ਕੁਫਰ ਕੰਮ ਦੇ ਮੂਲ ਨਾ ਰਾਹੀ ਜਾਈ॥ ਗਿਆਨ ਗੁਰਾਂ ਦੇ ਬਾਝ ਜੋ ਮਾੜੂ ਰਾਮਾ, ਕੌਣ ਜਾਣੇ ਸਰੂਪ ਦੀ ਸਾਰ ਤਾਈ॥੧॥"

"**ਬੇ**-ਬੇਦ ਕਤੇਬ ਇਹ ਆਖਦੇ ਨੇ, ਮੌਲਾ ਪਾਕ ਵਸੇ ਸਦਾ ਸਾਥ ਤੇਰੇ॥ ਤੈਨੂੰ ਸਾਰ ਅਸਾਰ ਦੀ ਖਬਰ ਨਾਹੀ, ਪਿਆ ਮਹਾਂ ਅਗਿਆਨ ਦੇ ਮਧਿ ਝੇਰੇ॥ ਹੁੰਦੀ ਦੇਹੀ ਨਾ ਰੱਬ ਪਛਾਨਿ ਆਈ, ਅੱਜ ਕੱਲ ਨੂੰ ਕਰੇਂਗਾ ਕੂਚ ਡੇਰੇ॥ ਪੂਰੇ ਸਤਿਗੁਰਾਂ ਬਾਝ ਜੋ ਮਾੜੂ ਰਾਮਾ, ਆਈ ਮੌਤ ਦੀ ਚੌਕੜੀ ਕੌਣ ਫੇਰੇ॥੨॥"

**"ਤੇ**-ਤਮਾਂ ਨਾ ਰੱਖ ਤੂੰ ਕਿਸੇ ਕੇਰੀ, ਜਿਹੜੀ ਰੱਬ ਕਰੂ ਗੱਲ ਹੋਊ ਸੋਈ॥ ਅੱਠੇ ਪਹਿਰ ਕਰ ਬੰਦਗੀ ਬਬੇਕ ਤੂੰ, ਤੇਰੀ ਮੈਲ ਅਗਿਆਨ ਜੀ ਜਾਏ ਧੋਈ॥ ਮਹਿਮਾ ਨਾਮ ਦੀ ਜਿਨ੍ਹਾਂ ਹੈ ਜਾਣ ਲੀਤੀ, ਉਨ੍ਹਾਂ ਸ਼ੁੱਧ ਸਰੂਪ ਦੀ ਸਾਰ ਹੋਈ॥ ਕਹੇ ਬੇਦ ਕਤੇਬ, ਜੋ ਮਾਡੂ ਰਾਮਾ, ਬਿਨਾਂ ਬੰਦਗੀ ਔਲੀਆ ਨਹੀਂ ਕੋਈ॥੩॥"

**"ਸੇ**-ਸਮਝ ਤੂੰ ਵਿਵੇਕ ਵਿਚਾਰ ਕਰ ਲੈ, ਹਿਰਦੇ ਸਦਾ ਸੰਭਾਲ ਸ੍ਵੈ ਰੂਪ ਤਾਈਂ॥ ਨਾਲ ਆਰਫਾਂ ਦੇ ਸਦਾ ਸੰਗ ਕਰੀਏ, ਕੂੜੇ ਸੰਗ ਨਾਲ ਨਾ ਨਿਹੁੰ ਲਾਈਂ॥ ਜਾਣ ਜ਼ਿਗਰ ਹੈ ਮੂਲ ਸਰੂਪ ਤੇਰਾ, ਇਹੀ ਹਾਰ ਸ਼ਿੰਗਾਰ ਵਿਚਾਰ ਲਾਈਂ॥ ਸੋ ਕਿਉਂ ਰਹਿਣ ਦਿਲਗੀਰ ਮਾਡੂ ਰਾਮਾ, ਜਿਨ੍ਹਾਂ ਨਾਲ ਸੁਹਾਗ ਹੈ ਸਦਾ ਸਾਈਂ॥੪॥"

**"ਜੀਮ**-ਜਾਗ ਕੇ ਦੇਖ ਤੂੰ ਆਪ ਤਾਈਂ, ਤੇਰੇ ਗਿਆਨ ਅਗਿਆਨ ਕੀ ਕਹਾ ਛਾਈ॥ ਸੁਤੇ ਭਾਨ ਪ੍ਰਕਾਸ਼ ਸਰੂਪ ਤੇਰਾ, ਨਹੀਂ ਦਵੈਤ ਅੰਧੇਰ ਕੀ ਠੌਰ ਕਾਈ॥ ਤੇਰੇ ਆਸਰੇ ਜਗਤ ਵਿਹਾਰ ਸਾਰਾ, ਤੈਨੂੰ ਨਹੀਂ ਵਿਹਾਰ ਦੀ ਲੇਪ ਰਾਈ॥ ਸਭ ਦੇ ਰਿਦੇ ਹੈ ਲਾਲ ਜੋ ਮਾਡੂ ਰਾਮਾ, ਬਿਨਾਂ ਜੌਹਰੀਆਂ ਨਾ ਪ੍ਰਖਣਾ ਕਿੰਨ੍ਹੇ ਪਾਈ॥੫॥"

**"ਹੇ** -ਹਿਰਸ ਨੂੰ ਛੱਡ ਕੇ ਦੇਖ ਖਾਂ ਤੂੰ, ਸਦਾ ਸ਼ੁੱਧ ਸਰੂਪ ਅਖੰਡ ਤੇਰਾ॥ ਆਦਿ ਅੰਤਿ ਜਹਾਨ ਦਾ ਮੂਲ ਹੈਂ ਤੂੰ, ਤੈਨੂੰ ਕਹਾਂ ਅਗਿਆਨ ਦਾ ਪਿਆ ਘੇਰਾ॥ ਉਥੇ ਭਰਮ ਸਿਆਰ ਦੀ ਠੌਰ ਕਹਾਂ, ਜਿਥੇ ਸ਼ੇਰ ਵਿਵੇਕ ਦਾ ਹੋਏ ਡੇਰਾ॥ ਜਿਨ੍ਹਾਂ ਗਿਆਨ ਸਰੂਪ ਜੋ ਮਾਡੂ ਰਾਮਾ, ਤਿਨ੍ਹਾਂ ਚਿੱਤ ਹੈ ਚਾਨਣਾ ਚੰਦ ਕੇਰਾ॥੬॥"

**"ਖੇ**-ਖਬਰ ਨਹੀਂ ਤੈਨੂੰ ਗਾਫਲਾ ਈ, ਤੇਰੇ ਵਸਤ ਹੀ ਨਾ ਵਸੇ ਕੋਈ॥ ਘਰ ਮੂਲ ਪ੍ਰਾਪਤੀ ਨਾਹੀ ਤੈਨੂੰ, ਤੇਰੀ ਬੁੱਧ ਅਗਿਆਨ ਦੀ ਨੀਂਦ ਸੋਈ॥ ਸੋਭਤ ਜਿਨ੍ਹਾਂ ਦੀ ਨਾਲ ਪਛਾਣ ਸਕੇਂ, ਉਨ੍ਹਾਂ ਗੁਰਾਂ ਦੇ ਨਾਲ ਨਾ ਅੰਗ ਢੋਈ॥ ਨਿਗ੍ਹਾ ਬਾਝ ਸਰਾਫ ਜੋ ਮਾਡੂ ਰਾਮਾ, ਕਿਕੂੰ ਜਾਣੇ ਜਵਾਹਰੀ ਵਣਜ ਕੋਈ॥੭॥"

**"ਦਾਲ**-ਦਲਗੀਰੀ ਨਾ ਵਿਚ ਤੇਰੇ, ਹਰਖ ਸੋਗ ਤੇ ਆਪ ਨੂੰ ਜਾਣ ਨਿਆਰਾ॥ ਤੇਰੀ ਕਲਪਨਾ ਨੇ ਤੈਨੂੰ ਭਰਮ ਕੀਤਾ, ਤੇਰਾ ਬਾਲ ਬਤਾਲ ਜਿਉਂ ਖਿਆਲ ਸਾਰਾ॥ ਦੁਖ ਸੁਖ ਨਹੀਂ ਪਰਸ ਸਕਦੇ, ਜਹਾਂ ਸੂਰਜ ਉਦੇ, ਕਹਾਂ ਹੋਏ ਅੰਧੇਰਾ॥ ਮਿਲੇ ਜੋਤਿ ਮੇ ਜੋਤਿ ਜੋ ਮਾਡੂ ਰਾਮਾ, ਜਿਨ੍ਹਾਂ ਸ਼ੁਧ ਸਰੂਪ ਦੀ ਹੈ ਵਿਚਾਰਾ॥੮॥"

**"ਜੀਮ**-ਜੁਦਾ ਨਹੀਂ ਤੇਰਾ ਸਾਈਂ ਤੈਥੋਂ, ਜਿਸ ਨੂੰ ਢੂੰਢਦੈਂ ਜੰਗਲਾਂ ਵਿਚ ਜਾਈ॥ ਸੋਈ ਜਾਣਦੇ ਉਸ ਦੀ ਸਾਰ ਤਾਈ, ਜਿਨ੍ਹਾਂ ਵਿਚ ਖੁਦਾ ਨੇ ਮਤਿ ਪਾਈ॥ ਮੌਲਾ ਪਾਕ ਦੇ ਨਾਲ ਉਹ ਪਾਕ ਹੋਏ, ਉਨ੍ਹਾਂ ਨਾਲ ਬਰਾਬਰੀ ਨਾਹੀਂ ਕਾਈ॥ ਬਾਜੀ ਜਿਤ ਲੈ ਗਏ ਉਹ ਮਾਡੂ ਰਾਮਾ, ਜਿਨ੍ਹਾਂ ਰੱਬ ਦੇ ਨਾਲ ਪ੍ਰੀਤ ਲਾਈ॥੯॥"

**"ਰੇ**-ਰੰਗ ਸੋਹਣਾ ਦੇਖ ਭੁੱਲ ਨਾਹੀਂ, ਇਹ ਤਾਂ ਢੰਗ ਹੈ ਕੂੜ ਪਸਾਰ ਦਾ ਈ॥ ਬਾਝ ਬੰਦਗੀ ਨਾਹੀਂ ਵਿਵੇਕ ਹੋਵੇ, ਤੈਨੂੰ ਬੇਦ ਕਤੇਬ ਪੁਕਾਰਦਾ ਈ॥ ਜਿਨ੍ਹਾਂ ਨਾਲ ਮੁਹੱਬਤਾਂ ਮੋਹ ਤੇਰਾ, ਅੱਗੇ ਪੂਰਾ ਨਹੀਂ ਕੋਈ ਪਾਰ ਦਾ ਈ॥ ਪ੍ਰੀਤ ਗੁਰਾਂ ਦੀ ਰੱਖ ਤੂੰ ਮਾਡੂ ਰਾਮਾ ਜੂਨ ਲੱਖ ਚੁਰਾਸੀਉਂ ਤਾਰਦਾ ਈ॥੧੦॥"

**"ਜੇ**-ਜਾਗਣਾ ਹੈ ਮੋਹ ਨੀਂਦਰਾ ਤੋਂ, ਰਾਹ ਸੱਚ ਦਾ ਪੁੱਛ ਵਿਵੇਕੀਆਂ ਨੂੰ॥ ਬਿਨਾਂ ਗਿਆਨ ਪ੍ਰਾਪਤੀ ਹੋਏ ਨਹੀਂ, ਵਰਤ ਨੇਮ ਨਿਮਾਜ਼ ਹੈ ਨੇਕੀਆਂ ਨੂੰ॥ ਘਰ ਛੱਡ ਉਜਾੜ ਜੇ ਰੱਬ ਮਿਲੇ, ਪੁੱਛ ਰੋਹੀ ਜਨੌਰਾਂ ਭੇਖੀਆਂ ਨੂੰ॥ ਸੇਵਾ ਗੁਰਾਂ ਦੀ ਲੱਗ ਤੂੰ ਮਾਡੂ ਰਾਮਾ, ਕੂੜ ਜਾਣ ਤੂੰ ਜਗ ਦੀਆਂ ਸ਼ੇਖੀਆਂ ਨੂੰ॥੧੧॥"

**"ਸੀਨ**-ਸਾਫ ਰਿਦਾ ਰੱਖ ਭੁੱਲ ਨਾ ਤੂੰ, ਦੁਨੀਆਂ ਹੱਥ ਨਹੀਂ ਕੁੱਛ ਆਵਣੇ ਨੂੰ॥ ਮੋਹ ਭਰਮ ਖੁਆਬ ਦੇ ਖਿਆਲ ਸੁੱਤਾ, ਕਹੇ ਵੇਦ ਦੇ ਵਾਕ ਜਗਾਵਣੇ ਨੂੰ॥ ਜਿਹੜਾ ਦਿਸਦਾ ਕੂੜ ਜਹਾਨ ਸਾਰਾ, ਤੇਰੇ ਸਾਥ ਨਹੀਂ ਕੁੱਛ ਜਾਵਣੇ ਨੂੰ॥ ਸ਼ਰਨ ਗੁਰਾਂ ਦੀ ਲੱਗ ਤੂੰ ਮਾਡੂ ਰਾਮਾ, ਜੇ ਤੂੰ ਚਾਹੁੰਦਾ ਹੈਂ ਸਦਾ ਸੁਖ ਪਾਵਣੇ ਨੂੰ॥੧੨॥"

**"ਸੀਨ**-ਸੋਵਤੀ ਦਾ ਇਹ ਕੰਮ ਨਹੀਂ, ਤੈਂ ਤਾਂ ਰੱਬ ਦੇ ਰਾਹ ਜ਼ਰੂਰ ਤੁਰਨਾ॥ ਸੱਚਾ ਨਾਮ ਨੌਕਾ, ਪੈਰ ਚੱਕ ਨਹੀਂ ਡਿੱਗੇ ਤਾਂ ਲੱਖ ਚੁਰਾਸੀ ਦੇ ਫੇਰ ਫਿਰਨਾ॥ ਸਦਾ ਗਿਆਨ ਵਿਵੇਕ ਦਾ ਰੱਖ ਨਿਸ਼ਚਾ, ਇਸ ਜਾਲਸ਼ਾਜ਼ ਨਹੀਂ ਪੈਰ ਧਰਨਾ॥ ਮਹਿਮਾ ਨਾਮ ਦੀ ਸਤਿ ਹੈ ਮਾਡੂ ਰਾਮਾ, ਬਰਤ ਨੇਮ ਨਿਮਾਜ ਹੈ ਡੰਡ ਭਰਨਾ॥੧੩॥

**"ਸੁਆਦ**-ਸਬਰ ਕਰ ਚਿੱਤ ਡੁਲਾਇ ਨਾਹੀਂ, ਤੈਨੂੰ ਨਾਮ ਦਾ ਨਫਾ ਏ ਪਾਵਣੇ ਨੂੰ॥ ਸੁਆਸ ਸਫਲ ਕਰੀਂ ਨਾਲ ਬੰਦਗੀ ਦੇ, ਜਾਣ ਮਿਥਿਆ ਜਗਤ ਸੁਹਾਵਣੇ ਨੂੰ॥ ਅੱਖੀਂ ਦੇਖ ਕੇ ਨਹੀਂ ਪਤੀਜ ਕਰਦਾ, ਤੈਨੂੰ ਖੁਆਬ ਆਵੇ ਅਜ਼ਮਾਵਣੇ ਨੂੰ॥ ਸਭੋ ਕੂੜ ਪਸਾਰਾ ਹੈ ਮਾਡੂ ਰਾਮਾ, ਕਿਉਂ ਤੂੰ ਚਾਹੁੰਦਾ ਹੈ ਚਿੱਤ ਡੁਲਾਵਣੇ ਨੂੰ॥੧੪॥"

**"ਜ਼ੁਆਦ** - ਜ਼ੁਬਾਂ ਦੇ ਨਾਲ ਹੈਂ ਵਾਕ ਸਾਰੇ, ਬਿਨਾਂ ਨਹੀਂ ਜ਼ਬਾਨ ਤੋਂ ਨ ਵਾਕ ਹੋਈ॥ ਸਭੇ ਵੇਦ ਪੁਰਾਨ ਜ਼ਬਾਨ ਕੀਤੇ ਹੋਏ ਵਾਕ ਜ਼ਬਾਨ ਦੇ ਨਾਲ ਜੋਈ॥ ਭਲਾ ਬੁਰਾ ਜ਼ਬਾਨ ਦਾ ਫੇੜਿਆ ਜੋ, ਇਹ ਦੇਹ ਪ੍ਰਾਪਤੀ ਖੋਏ ਸੋਈ॥

ਮਨ ਬੁੱਧ ਦੀ ਬਾਤ ਹੈ ਮਾਡੂ ਰਾਮਾ, ਪ੍ਰਗਟ ਕਰੇ ਜ਼ਬਾਨ ਤਾਂ ਲਖੇ ਕੋਈ॥੧੫॥"

**"ਤੋਏ** – ਤੌਰ ਤੇਰੇ ਸਭੇ ਭੁੱਲ ਨਾ ਤੂੰ, ਆਦਿ ਅੰਤਿ ਏਕੋ ਸਦਾ ਸਾਥ ਨਿਆਰਾ॥ ਇਸ ਬਾਗ ਜਹਾਨ ਦਾ ਬੀਜ ਹੈਂ ਤੂੰ, ਤੈਨੂੰ ਸਿੱਧ ਸਮਾਧੀ ਮੇਂ ਢੂੰਢਣਹਾਰਾ॥ ਭਾਂਤ ਭਾਂਤ ਦਿਸੇ ਫੁਲਵਾੜੀਆਂ ਜਿਉਂ ਸਭੋ ਰੰਗ ਤੇਰਾ, ਤੂੰ ਹੀ ਰੰਗ ਬਾਰਾ॥ ਤੇਰਾ ਰੂਪ ਜਹਾਨ ਹੈ ਮਾਡੂ ਰਾਮਾ, ਤੈਥੋਂ ਬਿਨਾਂ ਜਹਾਨ ਨਾ ਮੂਲ ਸਾਰਾ॥16॥"

**"ਜੋਏ** – ਜਾਣ ਤੂੰ ਆਪਣੇ ਆਪ ਤਾਈ, ਤੇਰੇ ਬਿਨਾਂ ਨਹੀਂ ਕੋਈ ਦਿਸਦਾ ਈ॥ ਪ੍ਰਤੱਖ ਤੂੰ ਹੀ ਜੀਵਨ ਜਗਤ ਦਾ ਹੈ, ਜ਼ਰਾ ਵੇਖ ਰਿਦੇ ਖਿਆਲ ਕਿਸ ਦਾ ਈ॥ ਤੇਰੀ ਜੋਤਿ ਪ੍ਰਕਾਸ਼ ਆਕਾਸ ਮਧੇ, ਤੂੰ ਤਾਂ ਆਪਣੇ ਆਪ ਨੂੰ ਲਖਦਾ ਈ॥ ਕਦੇ ਸੱਤਿ ਅਸੱਤਿ ਨਾ ਹੋਇਆ ਹੈ ਮਾਡੂ ਰਾਮਾ, ਸਰੂਪ ਤੇਰਾ ਜੋ ਤੇਰੇ ਚਿੱਤ ਦਾਈ॥੧੭॥"

**"ਐਨ** – ਆਰਫਾਂ ਨਾਲ ਪ੍ਰੇਮ ਕਰ ਤੂੰ, ਇਸ ਲੋਕ ਲਾਜੋਂ ਸ਼ਰਮਾਉ ਨਾਹੀਂ॥ ਜਿਹੜੇ ਵੇਖਦਾਂ ਏਹ ਕਾਜ਼ੀਆਂ ਪੰਡਤਾਂ ਨੂੰ, ਭੁੱਲ ਚੁੱਕ ਮੁਹੱਬਤਾਂ ਪਾਉ ਨਾਹੀਂ॥ ਇਨ੍ਹਾਂ ਨਾਲ ਦੇਖੀ ਦਗਾ ਆਪ ਖਾਂਦਾ, ਜਾਲ ਫੰਧ ਕਾ ਸ਼ਰ੍ਹਾ ਲਗਾਉ ਨਾਹੀਂ॥ ਸੱਤਿ ਬੰਦਗੀ ਜਾਣ ਤੂੰ ਮਾਡੂ ਰਾਮਾ, ਗਿਆਨ ਗੁਰਾਂ ਦੇ ਬਾਝ ਹੋਰ ਰਾਹੋ ਨਾਹੀਂ॥੧੮॥"

**"ਗੈਨ** – ਗਾਫਲੀ ਕਰੇਂ ਤੂੰ ਪੁਜ ਬੰਦੇ, ਰੋਜ਼ਾ ਰੱਖ ਕੇ ਜੀਆਂ ਨੂੰ ਘਾਉਂਦਾ ਹੈ॥ ਸ਼ਰ੍ਹਾ ਜਾਲ ਛੁਰੀ ਹੱਥ ਫੰਧਕਾਂ ਜਿਉਂ, ਅੱਠੇ ਪਹਿਰ ਤੂੰ ਕਹਿਰ ਕਮਾਉਂਦਾ ਹੈ॥ ਬਿਨਾਂ ਬੰਦਗੀ ਨਹੀਂ ਹਿਸਾਬ ਛੁੱਟੂ, ਗਲੇ ਆਪਣੇ ਛੁਰੀ ਵਗਾਉਂਦਾ ਹੈਂ॥ ਸਾਖੀ ਵੇਦ ਕਤੇਬ ਹੈ ਮਾਡੂ ਰਾਮਾ, ਰਿਦਾ ਰੱਬ ਦੀ ਤਰਫ ਨਾ ਲਾਉਂਦਾ ਹੈ॥੧੯॥"

"ਫੇ–ਫਿਰ ਨਹੀਂ ਸਮਾਂ ਹੱਥ ਆਊ, ਅੱਖੀਂ ਦੇਖ ਕੇ ਕਿਉਂ ਸੱਟ ਖਾਂਵਦਾ ਹੈਂ॥ ਕੰਡਾ ਚੁਭੇ ਸਰੀਰ ਨੂੰ ਪੀੜ ਮੰਨੇ, ਗੱਲ ਦੂਸਰੇ ਛੁਰੀ ਵਗਾਂਵਦਾ ਹੈ॥ ਜਾਣ ਬੁੱਝ ਕੇ ਹੀਏ ਦਾ ਅੰਧਾ ਹੋਇਆ, ਹਰਫ ਰਹਿਮ ਕੁਰਾਨ ਨਾ ਲਾਉਂਦਾ ਹੈਂ॥ ਦਇਆ ਬੰਦਗੀ ਬਾਝ ਤੂੰ ਮਾਡੂ ਰਾਮਾ, ਲੱਖੀ ਦੇਹ ਬੇ-ਅਰਥ ਗਵਾਂਵਦਾ ਹੈ॥੨੦॥"

**"ਕਾਫ**–ਕੌਣ ਕਮੀਨੀ ਹੈ ਦੇਹ ਦੇਖੋ, ਨਾਲ ਬੰਦਗੀ ਦੇ ਮਸ਼ਹੂਰ ਹੋਈ॥ ਨਾਮਦੇਵ ਕਬੀਰ ਤੇ ਸੈਨ ਨਾਈ ਰਵਿਦਾਸ ਚੁਮਿਆਰ ਥੀ ਜਾਤ ਜੋਈ॥ ਜਿਨ੍ਹਾਂ ਉਦੇ ਤੇ ਅਸਤ ਲੌ ਰਾਜ ਕੀਤਾ, ਉਨ੍ਹਾਂ ਨਾਉਂ ਜਾਣੇ ਨਹੀਂ ਥਾਉ ਕੋਈ॥ ਸੱਚ ਬੰਦਗੀ ਜਾਣ ਤੂੰ ਮਾਡੂ ਰਾਮਾ, ਜੁਗੋ ਜੁਗ ਚੱਲੇ ਤੇਰੇ ਨਾਲ ਸੋਈ॥੨੧॥"

**"ਗਾਫ਼**–ਗਰਜ਼ ਜਿਨ੍ਹਾਂ ਸੱਚੇ ਨਾਉਂ ਦੀ ਸੀ, ਉਨ੍ਹਾਂ ਰਾਹ ਅਗੰਮ ਦਾ ਪਾਇਆ ਈ॥ ਮਹਿਮਾ ਨਾਮ ਰਿਦੇ ਹਰੀ ਚੰਦ ਦੇਖੋ, ਘਰ ਜਾਏ ਚੰਡਾਲ ਵਿਕਾਇਆ ਈ॥ ਨਿਸ਼ਚਾ ਨਾਮ ਪ੍ਰਹਿਲਾਦ ਦਾ ਜੱਗ ਜਾਣੇ, ਥੰਮਾਂ ਨਾਲ ਤਪਾ ਕੇ ਲਾਇਆ ਈ॥ ਸਿਦਕ ਤਿਨ੍ਹਾਂ ਦਾ ਦੇਖ ਤੂੰ ਮਾਡੂ ਰਾਮਾ ਉਨ੍ਹਾਂ ਪੈਰ ਨਾ ਪਿਛੇ ਹਟਾਇਆ ਈ॥੨੨॥"

**"ਲਾਮ**–ਲੱਖ ਨਸ਼ੀਹਤਾਂ ਹੋਣ ਭਾਵੇ, ਸਿਦਕ ਸੱਚ ਵਲੋਂ ਨਹੀਂ ਹਾਰੀਏ ਜੀ॥ ਤੀਨ ਲੋਕ ਮੇਂ ਦੇਹ ਨੂੰ ਪਾਏ ਦੇਖੋ, ਬਲ ਰਾਜਾ ਕੀ ਬਾਤ ਵਿਚਾਰੀਏ ਜੀ॥ ਗੋਪੀ ਚੰਦ ਤੇ ਭਰਥਰੀ ਵੇਖ ਰਾਜਾ, ਰਾਮ ਚੰਦਰ ਦਾ ਵੈਰਾਗ ਨਿਹਾਰੀਏ ਜੀ॥ ਨਿਸ਼ਚੇ ਸੱਚ ਨੂੰ ਰੱਖ ਤੂੰ ਮਾਡੂ ਰਾਮਾ, ਕਦੇ ਰਿਦਿਉਂ ਨਾ ਰੱਬ ਵਿਸਾਰੀਏ ਜੀ॥੨੩॥"

**"ਮੀਮ**–ਮਨਾ ਕੇ ਫਿਰ ਲਿਆਏ ਜਾਂਦਾ, ਰੂਹ ਨਹੀਂ ਕਿਸੇ ਦਿਸਿਆ ਈ॥ ਪੰਜਾਂ ਤੱਤਾਂ ਦਾ ਪੁਤਲਾ ਪੌਣ ਥੰਮੇ, ਪਾਣੀ ਵਿਚ ਹਵਾ ਜਿਉਂ ਫਿਸਿਆਈ॥ ਇਹ ਤਾਂ ਵਾਉ ਵਰੋਲੇ ਜਿਉਂ ਗੰਢ ਦਾ ਈ, ਕਰੀਂ ਫਿਰੇ ਭਰੋਸਾ ਤੂੰ ਇਸਦਾ ਈ॥ ਸਭੋ ਕੂੜ ਪਸਾਰਾ ਹੈ ਮਾਡੂ ਰਾਮਾ, ਸੁਫਨਾ ਜਾਣ ਜਹਾਨ ਹੈ ਨਿਸ ਦਾ ਈ॥ ੨੪॥"

**"ਨੂੰਨ**–ਨਿਆਰਾ ਦਿਸਦਾ ਜੋਈ ਵੇਖਦਾ ਤੂੰ, ਹਿਰਦੇ ਭਰਮ ਗਿਆਨ ਦੀ ਗੰਢ ਤੇਰੇ॥ ਗੁਰੂ ਗਿਆਨ ਅੰਧੇਰੀ ਦੀ ਪੌਣ ਵੱਗੀ, ਉਡੇ ਮਹਾਂ ਅਗਿਆਨ ਦੇ ਜਾਲ ਝੇਰੇ॥ ਸੂਖਮ ਰੂਪ ਚੇਤਨ ਅਖੰਡ ਤੇਰਾ, ਨੈਣ ਰੌਸ਼ਨੀ ਭਰੇ ਸੁਹਾਗ ਸੇਹਰੇ॥ ਚੜ੍ਹਿਆ ਚੰਦ ਵਿਵੇਕ ਜੋ ਮਾਡੂ ਰਾਮਾ, ਚਿੱਤ ਚਾਨਣੀ ਮਧ ਅਕਾਸ਼ ਕੇਰੇ॥੨੫॥"

**"ਵੇ**–ਵਾਰਨੇ ਤਿਨ੍ਹਾਂ ਦੇ ਲੱਖ ਵਾਰੀ, ਜਿਨ੍ਹਾਂ ਬ੍ਰਹਮ ਸਰੂਪ ਨੂੰ ਜਾਣ ਲੀਤਾ॥ ਜੱਗ ਆਵਣਾ ਤਿਨ੍ਹਾਂ ਦਾ ਸਫਲ ਹੋਇਆ, ਵਾਕ ਵੇਦ ਵਿਸ਼ਿਸ਼ਟ ਇਹ ਕਹੇ ਗੀਤਾ॥ ਸਦਾ ਸ਼ੁੱਧ ਸਰੂਪ ਕਲਪ ਬ੍ਰਿਛ ਨਿਆਈਂ, ਦਰਸ਼ਨ ਤਿਨ੍ਹਾਂ ਦਾ ਆਬ-ਏ-ਹਯਾਤ ਪੀਤਾ॥ ਦੁਨੀਆਂ ਵਿਚ ਮਲਾਹ ਹੈ ਮਾਡੂ ਰਾਮਾ, ਬੇੜਾ ਲੱਖ ਚੁਰਾਸੀਉਂ ਪਾਰ ਕੀਤਾ॥੨੬॥"

**"ਹੇ**–ਹਿਰਸ ਹੈਰਾਨੀ ਨਾ ਵਿਚ ਤੇਰੇ, ਰਿਦੇ ਆਪਣੇ ਦੇਖ ਵਿਚਾਰ ਕਰ ਕੇ॥ ਅੰਤਸ਼ਕਰਣ ਤੇਰੇ ਮੱਧਿ ਆਸਰਾ ਤੂੰ, ਜਲ ਰੂਪ ਤਰੰਗ ਜਿਉਂ ਹੋਣ ਸਰ ਕੇ॥ ਤੇਰੇ ਬਾਝ ਨਾ ਦੂਸਰਾ ਹੋਰ ਕੋਈ, ਰਿਦੇ ਆਪਣੇ ਦੇਖ ਨਿਗਾਹ ਭਰ ਕੇ॥ ਆਤਮਾ ਸਦਾ ਅਦੁੱਤੀ ਹੈ ਮਾਡੂ ਰਾਮਾ, ਭਾਵੇ ਵੇਖ ਲੈ ਵੇਦ ਪੁਰਾਨ ਪੜ੍ਹ ਕੇ॥ ੨੭॥"

**"ਲਾਮ**–ਲੇਪ ਨਾਹੀਂ ਕੋਈ ਮੂਲ ਤੈਨੂੰ, ਦੇਖੋ ਕੇਹੀ ਅਵਿਦਿਆ ਨੇ ਭੁੱਲ ਲਾਈ॥ ਕਰੇ ਸਾਧਨਾ ਸਦਾ ਅਗਿਆਨ ਏਹੋ, ਕਹਾਂ ਧੋਵੇ ਆਕਾਸ਼ ਕੀ ਮੈਲ ਤਾਈਂ॥

ਓਤ ਪੋਤ ਸਦਾ ਸੁੱਧ ਪੂਰ ਰਹੇ, ਮੂੜ੍ਹ ਮਤਿ ਸਰੂਪ ਨਾ ਦਿਸਿਆਈ॥ ਵਡਾ ਏਹੋ ਅਚੰਭਾ ਹੈ ਮਾਤੂ ਰਾਮਾ, ਮੱਛੀ ਪਾਣੀ ਦੀ ਜਰਾ ਨਾ ਸਾਰ ਪਾਈ॥੨੮॥"

**"ਅਲਫ**–ਆਪਣੇ ਆਪ ਕਰੇ ਗਾਫਲੀ ਤੂੰ ਸ਼ਰ੍ਹਾ ਖੇਡ ਅਗਿਆਨ 'ਚ ਭੁਲਿਆ ਈ॥ ਗੁਰਾਂ ਸ਼ੇਰ ਵਿਵੇਕ ਜਗਾਇ ਦਿਤਾ, ਹੋਇਆ ਸ਼ੋਰ ਜੀਆਂ ਝੱਲ ਹੱਲਿਆ ਈ॥ ਸੁਤਹਿ ਭਾਨ ਪ੍ਰਕਾਸ਼ ਆਕਾਸ਼ ਚੜ੍ਹੇ, ਹੋਈ ਰੋਸ਼ਨੀ ਸਦਾ ਪ੍ਰਫੁੱਲਿਆ ਈ॥ ਸੁੱਖ ਸ਼ਾਦੀਆਂ ਹੋਈਆਂ ਮਾਤੂ ਰਾਮਾ, ਤਖਤ ਓਹੀ ਅਗੰਮ ਦਾ ਮੱਲਿਆ ਈ॥ ੨੯।"

**"ਹੇ**–ਹਮਜਾ ਹਰੀ ਆਰਫ ਜੋ ਬੈਂਤਾ, ਸਾਰ ਅਸਾਰ ਨੂੰ ਹਿਰਦੇ ਲਿਆਵੇ।। ਐਸਾ ਗਿਆਨਮਈ ਗਰੰਥ ਸਰੂਪ ਦਾ ਹੈ, ਪਾਵੇਂ ਬੰਦਗੀ ਗੁਰਾਂ ਸੋ ਸੋਭਾ ਸੁਹਾਵੇ॥ ਪੜ੍ਹੇ ਸੁਣੇ ਬੈਂਤਾ ਨਾਲ ਸਿਦਕ ਦੇ ਜੋ, ਮਹਿਮਾਂ ਨਾਮ ਦੀ ਸਾਥ ਪ੍ਰੀਤ ਲਾਵੇ।। ਮੁਕਤੀ ਕੌਣ ਵਿਚਾਰੀ ਹੈ ਮਾਤੂ ਰਾਮਾ, ਮਿਲੇ ਜੋਤਿ ਮੇਂ ਜੋਤਿ ਸਰੂਪ ਪਾਵੇ॥ ੩੦॥"

**ਅਸ਼ਰਫੀਆਂ ਬੈਤਾਂ ਸੰਪੂਰਨ॥**

**ੴ ਸਤਿਗੁਰ ਪ੍ਰਸਾਦਿ॥ ਨਿਜਾ ਨੰਦ ਨਮਹ॥**

**ਅਥ ਵਿਵੇਕ ਭਾਖਾ ਲਿਖਿਅਤੇ**

ਦੋਹਿਰਾ – ਨਮੋ ਨਮੋ ਗੁਰਦੇਵ ਕੋ, ਦੀਨੋ ਜਾਹਿ ਵਿਵੇਕ॥ ਫਾਹੀ ਕਾਟੀ ਜਗਤ ਕੀ, ਮੁਕਤ ਫਿਰੇ ਸਭ ਦੇਸ਼॥

ਦੋਹਿਰਾ – ਏਕ ਹੀ ਅਫੁਰ ਬ੍ਰਹਮ ਤੇ, ਫੁਰਨਾ ਭਇਉ ਅਨੇਕ॥ ਪੁਰਖ ਪ੍ਰਕਿਰਤ ਭਏ ਗੁਣ ਰਜੋ ਸਤੋ ਤਮੋ ਦੇਖ॥

ਪ੍ਰਸ਼ਨ – ਅਫੁਰ ਬ੍ਰਹਮ ਤੇ ਫੁਰਨਾ ਕੈਸੇ? ਕਹੋ ਗੁਰੂ ਜੀ ਸਮਝੂੰ ਜੈਸੇ?

ਉਤਰ – ਅਫੁਰ ਬ੍ਰਹਮ ਤੇ ਫੁਰਨਾ ਐਸੇ॥ ਜਲ ਮੇਂ ਫੇਨ ਤਰੰਗ ਸੋ ਜੈਸੇ॥

ਪ੍ਰਸ਼ਨ – ਜਲ ਮੇਂ ਪਵਨ ਉਪਾਧ ਕਰ, ਫੇਨ ਤਰੰਗ ਸੋ ਹੋਇ॥ ਨਿਰਉਪਾਧ ਇਕ ਬ੍ਰਹਮ ਮੇਂ ਕਹੋ ਉਪਾਧ ਹੈ ਕੋਇ?

ਉਤਰ – ਵਾਸਤਵ ਨਹੀਂ ਉਪਾਧ ਸੁਣਿਆ ਮੈਂ॥ ਕਲਪਤ ਮਾਇਆ ਕਹੀਏ ਤਾਂ ਮੈ॥ ਤਾਂ ਤੇ ਭਇਉ ਪ੍ਰਿਥਮੇ ਸੰਸਾਰ॥ ਆਤਮ ਸਾਖੀ ਸੱਤਿ ਵਿਚਾਰ॥

ਪ੍ਰਸ਼ਨ – ਮਾਇਆ ਜੜ੍ਹ ਸਮਰੱਥ ਨਾਹਿੰ, ਰਚਨ ਕੂੰ ਸੰਸਾਰ॥ ਤਾਂ ਤੇ ਮੋਹਿ ਸੰਸਾ ਭਇਓ ਹੇ ਗੁਰੂ ਦਿਓ ਨਿਵਾਰ?

ਉਤਰ – ਜਿਉ ਚੁੰਬਕ ਕੇ ਸੰਗ ਤੇ ਲੋਸਟ ਹਿੱਲਨ ਹਾਰ॥ ਤਿਉਂ ਆਤਮ ਕੇ ਸੰਗ ਤੇ ਮਾਇਆ ਕਰੇ ਵਿਉਹਾਰ॥

ਪ੍ਰਸ਼ਨ – ਬ੍ਰਹਮ ਅਸੰਗ ਨ ਸੰਗਤਾ ਪਾਏ॥ ਸੰਗਤ ਕਰੇ ਤਾ ਅਸੰਗਤਾ ਜਾਏ॥ ਸੰਗਤ ਬਿਨਾਂ ਮਾਇਆ ਜੜ੍ਹ ਧਾਰ॥ ਕੈਸੇ ਰਚੈ ਸਗਲ ਸੰਸਾਰ?

ਉੱਤਰ – ਵਾਸਤਵ ਆਤਮ ਸੰਗ ਨਾ ਕੋਈ॥ ਕਲਪਤ ਮਾਇਆ ਤਦਾਤਮ ਸੋਈ॥ ਲੋਹਾ ਅਗਨੀ ਦ੍ਰਿਸ਼ਟ ਉਤੰਗਾ॥ ਤਿਉਂ ਸੰਗ ਕਹੀਐ ਲਖਣ ਭੰਗਾ॥

ਦੋਹਿਰਾ – ਜਿਉਂ ਭਰਤਾ ਕੇ ਸੰਗ ਤੇ, ਅਬਲਾ ਹੋਏ ਪ੍ਰਸੂਤ॥ ਤਿਉਂ ਆਤਮ ਕੇ ਸੰਗ ਤੇ ਮਾਇਆ ਭਯੋ ਮਹਿਤੂਤ॥

ਚੌਪਈ – ਤ੍ਰੈ ਗੁਣਤਾ ਮੇ ਪ੍ਰਗਟ ਹੋਈ॥ ਰਾਜਸ ਤਾਮਸ ਸਾਤਕ ਜੋਈ॥ ਪ੍ਰਿਥਮੇ ਉਤਪਤ ਤਾਮ ਕੀ ਕਹੂੰ॥ ਗੁਰ ਪ੍ਰਸਾਦਿ ਜੈਸੇ ਮੈਂ ਲਖੂੰ॥

ਚੌਪਈ – ਸ਼ਬਦ, ਸਪਰਸ, ਰੂਪ, ਰਸ, ਗੰਧ॥ ਇਹ ਪਾਚੋਂ ਹੈਂ ਵਿਖੇ ਕਹੰਦ॥ ਪਾਂਚ ਪਦਾਰਥ ਇਨ ਕੋ ਲਹੇ॥ ਪਾਂਚੋ ਸੂਖਮ ਤੱਤ ਭੀ ਕਹੇ॥

ਚੌਪਈ – ਨਭ, ਪਵਨ, ਪਾਵਕ, ਜਲ, ਪ੍ਰਿਥਵੀ॥ ਪਾਂਚ ਅਸਥੂਲ ਤਤ ਰਚੇ ਸ੍ਰਿਸ਼ਟੀ॥ ਤਾਂਤੇ ਭਯੋ ਪ੍ਰਿਥਮੇਂ ਸੰਸਾਰ॥ ਆਤਮ ਸਾਖੀ ਸਤਿ ਵਿਚਾਰ॥

ਚੌਪਈ – ਕਾਮ, ਕਰੋਧ, ਲੋਭ, ਮੋਹਿ, ਮਤਸਰ॥ ਪਾਂਚ ਪ੍ਰਕਿਰਤ ਆਕਾਸ ਕੀ ਤਸਕਰ॥ ਜਿਸ ਪੁਰ ਸਤਿਗੁਰ ਕਿਰਪਾ ਕਰੇ॥ ਪਾਂਚੋ ਤਸਕਰ ਤਿਸ ਕੇ ਮਰੇ॥

ਦੋਹਿਰਾ – ਧਾਵਨ, ਪਸਰਨ, ਸੰਕੋਚਨ, ਉਛਲਨ, ਚੰਚਲ ਜਾਨ॥ ਪਾਂਚ ਪ੍ਰਕਿਰਤ ਪੌਣ ਕੀ ਨਿਸ਼ਚੇ ਕਰਿ ਮਾਨ॥

ਦੋਹਿਰਾ – ਭੂਖ, ਤ੍ਰਿਖਾ, ਨੀਂਦਰਾ, ਆਲਸ ਕਰਾ ਤਨ ਜੋਇ॥ ਪਾਂਚ ਪ੍ਰਕਿਰਤ ਅਗਨ ਕੀ ਆਤਮ ਸਾਖੀ ਸੋਇ॥

ਦੋਹਿਰਾ – ਰੇਤ ਸੇਤ ਲਾਲ ਰਕਤ, ਪਿੱਤ ਨੀਰ ਕੋ ਮਾਨ॥ ਅਸਤ, ਮਾਸ, ਨਾੜ੍ਹੀ, ਤੁਚਾ, ਰੋਮ ਸੋ ਪ੍ਰਿਥਵੀ ਜਾਨ॥

ਦੋਹਿਰਾ – ਪਾਂਚ ਤੱਤ ਕੀ ਉਤਪਤੀ ਲਹੀ ਜੋ ਕਹੀਐ ਤੋਹਿ॥ ਪ੍ਰਕਿਰਤ ਪੱਚੀ ਪਾਂਚ ਤੱਤ ਕੋ ਵੰਡ ਦਿਖਾਈ ਮੋਹਿ॥

ਲੋਭ–ਆਕਾਸ਼ ਕੋ ਦੀਆ ਕਿਉਂ ਜੋ ਕਿਸੇ ਪਦਾਰਥ ਸਹਿਤ ਨਹੀਂ। ਅਕਾਸ਼ ਕੀ ਨਿਆਈਂ ਖਾਲੀ ਰਹਿੰਦਾ ਹੈ॥ ਕਾਮ–ਪਵਨ ਕੋ ਦੀਆ, ਕਿਉਂ ਜੋ ਪਵਨ ਧਾਵਤੀ ਹੈ, ਤੈਸੇ ਕਾਮਨਾ ਧਾਵਤੀ ਹੈ। ਕਰੋਧ–ਅਗਨਿ ਕੋ ਦੀਆ ਕਿਉਂਕਿ ਜਾਣੀਏ ਜੋ ਅਗਨਿ ਕੀ ਨਿਆਈਂ ਤਪਾਤਾ ਹੈ।। ਮੋਹੁ–ਜਲ ਕੋ ਦੀਆ, ਕਿਉਂ ਜੋ ਜਲ ਕੀ ਨਿਆਈਂ, ਸਭ ਸਾਥ

ਮਿਲ ਕਰ ਸੰਚਰ ਜਾਤਾ ਹੈ॥ ਮਤਸਰ ਪ੍ਰਿਥਵੀ ਕੋ ਦੀਆ॥ ਕਿਉਂ ਜੋ ਮਤਸਰ ਪ੍ਰਿਥਵੀ ਕਾ ਹੋਤਾ ਹੈ। ਧਾਵਨਾ, ਮੁੱਖ ਪਵਨ ਕਾ ਰਹਾ। ਉਛਲਣਾ, ਅਗਨਿ ਕੋ ਦੀਆ। ਪਸਰਨਾ, ਆਕਾਸ਼ ਕੋ ਦੀਆ। ਚੰਚਲਤਾਈ ਜਲ ਕੋ ਦਿਤਾ, ਕਿਉਂ ਜੋ ਚੰਚਲਤਾਈ ਜਲ ਕਰ ਹੋਤੀ ਹੈ। ਸੰਕੋਚਨਾ, ਪ੍ਰਿਥਵੀ ਕੋ ਦੀਆ, ਅੱਗੇ ਭੂਖ ਅਗਨਿ ਕਾ ਰਹਾ॥ ਕਿਉਂ ਜੋ ਭੱਖਣਾ, ਅਗਨ ਕਰ ਹੋਤੀ ਹੈ। ਤ੍ਰਿਖਾ, ਪਵਨ ਕੇ ਸੰਗ ਮਿਲੀ, ਕਿਉਂ ਜੋ ਕੰਠ ਸੁਖਾਵਤੀ ਹੈ, ਸੋਖਣਾ, ਪਵਨ ਕਰ ਹੋਤਾ ਹੈ। ਨੀਂਦਰਾ ਆਕਾਸ਼ ਕੋ ਮਿਲੀ। ਕਿਉਂ ਜੋ ਨੀਂਦਰਾ ਆਕਾਸ਼ ਕੀ ਹੈ। ਆਲਸ ਪ੍ਰਿਥਵੀ ਕੋ ਦੀਆ, ਕਿਉਂ ਜੋ ਆਲਸ ਪ੍ਰਿਥਵੀ, ਕਰ ਹੋਤੀ ਹੈ। ਕਰਾਂਤੀ ਜਲ ਕੋ ਦਿੱਤੀ, ਕਿਉਂ ਜੋ ਸੁੰਦਰਤਾਈ ਜਲ ਕੀ ਹੈ। ਅੱਗੇ ਰੇਤ ਮੁੱਖ, ਜਲ ਕਾ ਰਹਾ, ਕਿਉਂ ਜੋ ਪਿੱਤ ਸੋ ਜਲ ਕੀ ਹੈ। ਸੇਤ ਪਵਨ ਕੋ ਦੀਆ, ਕਿਉਂ ਜੋ ਮੁੜ੍ਹਕਾ ਵਗਤਾ ਹੈ, ਪਵਨ ਸੋਖ ਲੈਂਦੀ ਹੈ। ਲਾਲ ਆਕਾਸ਼ ਕੋ ਮਿਲੀ, ਕਿਉਂ ਜੋ ਉਪਰ ਤੇ ਹੇਠ ਕੋ ਗਿਰਤੀ ਹੈ। ਰਕਤ ਪ੍ਰਿਥਵੀ ਕੋ ਦੀਆ, ਕਿਉਂ ਜੋ ਪਿਰਥਵੀ ਕੀ ਨਿਆਈਂ ਜੰਮ ਜਾਤਾ ਹੈ। ਅੱਗ ਅਸਤ ਪ੍ਰਿਥਵੀ ਕਾ ਰਹਾ, ਕਿਉਂ ਜੋ ਕਠੋਰਤਾ ਪਹਾੜਾਂ ਤੇ ਆਦਿ ਲੈ ਕੇ ਸਭ ਪ੍ਰਿਥਵੀ ਕੀ ਹੈ। ਮਾਸ, ਜਲ ਕੋ ਦੀਆ, ਕਿਉਂ ਜੋ ਹੱਲਤਾ ਚੱਲਤਾ ਦ੍ਰਵਤਾ ਜਲ ਹੈ, ਨਾੜੀ ਅਗਨਿ ਕੋ ਮਿਲੀ, ਕਿਉਂ ਜੋ ਵਾਇ, ਪਿਤ, ਕਫ ਨਾੜਾਂ ਕਰ ਪਰਖੇ ਜਾਤੇਂ ਹੈਂ। ਤੁਚਾ, ਪਵਨ ਕੋ ਮਿਲੀ ਕਿਉਂ ਜੋ ਸਪਰਸ਼ ਕਰਨੇ ਤੇ ਜਾਨੀ ਜਾਤੀ ਹੈ। ਰੋਮ-ਆਕਾਸ਼ ਕੋ ਦੀਏ, ਕਿਉਂ ਜੋ ਛੇਦਣੇ ਕਰ ਪੀੜਾ ਨਹੀਂ ਹੋਤੀ।

ਦੋਹਿਰਾ - "ਪੰਜ ਤੱਤ ਕੀ ਉਤਪਤੀ ਲਈ ਜੋ ਕਹੀ ਹੈ ਤੋਹਿ॥ ਪ੍ਰਕ੍ਰਿਤ ਪੱਚੀ ਪੰਜ ਤੱਤ ਕੋ ਵੰਡ ਦਿਖਾਈ ਮੋਹਿ॥' ਅੱਗੇ ਪੰਜਾਂ ਤੱਤਾਂ ਕੇ ਸਰੂਪ ਕਹਿਤੇ ਹੈਂ, ਆਕਾਸ਼ ਕਾ ਅਬਕਾਸ਼ ਸਰੂਪ ਹੈ, ਕਿਉਂ ਜੋ ਘਟੋਂ ਮਟੋਂ ਸੰਗਿਆ ਕੋ ਧਾਰਤਾ ਹੈ। ਵੇਗ ਸਰੂਪ, ਪਵਨ ਕਾ ਹੈ, ਕਿਉਂ ਜੋ ਗਵਨ ਕਰਨੇ ਕਰ ਜਾਣਿਆ ਜਾਂਦਾ ਹੈ। ਅਗਨੀ ਕਾ ਦਾਹਿਕ ਸਰੂਪ ਹੈ, ਕਿਉਂ ਜੋ ਦਗਧ ਕਰ ਦੇਤੀ ਹੈ, ਜਲ ਕਾ ਸਰੂਪ, ਦਰਵਤਾ ਹੈ, ਕਿਉਂ ਜੋ ਬਰਫ ਕਾ ਡਲਾ ਹੋ ਕਰ ਦ੍ਰਵ ਜਾਤਾ ਹੈ। ਕਠਨ ਸਰੂਪ ਪ੍ਰਿਥਵੀ ਕਾ ਹੈ, ਕਿਉਂ ਜੋ ਕਠੋਰਤਾ, ਪਹਾੜਾਂ ਤੇ ਆਦਿ ਲੇ ਕਰੇ, ਸਭ ਪ੍ਰਿਥਵੀ ਕੀ ਹੈ। ਅੱਗੇ ਪੰਜਾਂ ਤੱਤਾਂ ਦਾ ਸੁਭਾਵ ਕਹਿੰਦੇ ਹਨ। ਸ਼ੂਨ ਸੁਭਾਵ-ਆਕਾਸ਼ ਕਾ ਹੈ। ਮੰਦ ਮੰਦ ਗਵਨ ਕਰਨਾ, ਪਵਨ ਕਾ ਸੁਭਾਵ ਹੈ। ਅਗਨੀ ਕਾ ਪ੍ਰਜੁਲਤ ਸੁਭਾਵ ਹੈ, ਕਿਉਂ ਜੋ ਊਚੇ ਨੀਚੇ ਕੋ ਝਪਟਾ ਚਲਾਤੀ ਹੈ। ਜਲ ਕਾ ਸ਼ੀਤਲ ਸੁਭਾਵ ਹੈ, ਕਿਉਂ ਜੋ ਜਹਾਂ ਤਹਾਂ ਨਿਕਲ ਕੇ ਗਵਨ ਕਰਤਾ ਹੈ। ਪ੍ਰਿਥਵੀ ਕਾ, ਜੜ੍ਹ ਸੁਭਾਵ ਹੈ, ਕਿਉਂ ਜੋ ਭਾਵੇਂ ਕੋਈ ਕੁੱਛ ਕਰੇ, ਕੁੱਛ ਨਾ ਕਰੇ, ਖਬਰ ਨਹੀਂ ਰਾਖਤੀ, ਤਾਂ ਤੇ ਜੜ੍ਹ ਹੈ। ਅੱਗੇ ਪੰਜਾਂ ਤੱਤਾਂ ਕੇ ਸੁਆਦ ਕਹਿਤੇ ਹੈਂ, ਆਕਾਸ਼ ਕਾ ਸੁਆਦ ਫਿੱਕਾ ਹੈ, ਕਿਉਂ ਜੋ ਜਲ ਸਮੁੰਦਰ ਕਾ ਖਾਰਾ ਹੈ। ਬੱਦਲਾਂ ਦੁਆਰਾ ਆਕਾਸ਼ ਮਾਰਗ ਮੇਂ ਆਉਂਦਾ ਫਿੱਕਾ ਹੋ ਜਾਂਦਾ ਹੈ। ਪਵਨ ਕਾ ਸੁਆਦ ਖੱਟਾ ਹੈ ਕਿਉਂ ਜੋ ਫਲਾਂ ਆਦਿਕ ਮੇਂ ਖਟਿਆਈ ਸੋ ਪਵਨ ਕੀ ਹੈ। ਅਗਨੀ ਕਾ ਸੁਆਦ ਚੁਰਚੁਰਾ ਹੈ ਕਿਉਂ ਜੋ ਕੌੜਾ ਕਸ਼ੈਲਾ ਮਿਸ਼੍ਰਤ ਹੈ। ਇਹ ਭਾਸਤਾ ਹੈ। ਜਲ ਕਾ ਸੁਆਦ ਖਾਰਾ ਹੈ, ਕਿਉਂ ਜੋ ਲੂਣ ਜਲ ਕਾ ਵਿਕਾਰ ਹੈ। ਪ੍ਰਿਥਵੀ ਕਾ ਸੁਆਦ ਮਿੱਠਾ ਹੈ ਕਿਉਂ ਜੋ ਮਿੱਠਤਾਈ ਸਭ ਪ੍ਰਿਥਵੀ ਕਰ ਹੋਤੀ ਹੈ। ਅੱਗੇ ਪੰਜਾਂ ਤੱਤਾਂ ਕੇ ਰੰਗ ਕਹਿਤੇ ਹੈਂ, ਸਿਆਮ ਰੰਗ ਆਕਾਸ਼ ਕਾ ਹੈ, ਕਿਉਂ ਜੋ ਆਕਾਸ਼ ਮੇਂ ਜੋ ਚੀਜ਼ ਮਿਲਤੀ ਹੈ, ਸਭ ਸਿਆਮ ਹੋ ਜਾਂਦੀ ਹੈ। ਪਵਨ ਕਾ ਰੰਗ ਹਰਾ ਹੈ ਕਿਉਂ ਜੋ ਧਰਤੀ ਮੇਂ ਢੂੰਗਰ ਫੁੱਟਤਾ ਹੈ, ਸੋ ਪੀਲਾ ਹੋਤਾ ਹੈ, ਪਵਣ ਲੱਗਨੇ ਕਰ ਹਰਾ ਹੋ ਜਾਂਤਾ ਹੈ, ਤਾਂ ਕਰ ਜਾਣੀਦਾ ਹੈ ਕਿ ਪਵਣ ਕਾ ਰੰਗ ਹਰਾ ਹੈ। ਅਗਨੀ ਕਾ ਰੰਗ ਲਾਲ ਹੈ ਕਿਉਂਕਿ ਅਗਨੀ ਮੇਂ ਜੋ ਚੀਜ਼ ਮਿਲਤੀ ਹੈ ਸਭ ਲਾਲ ਹੋ ਜਾਤੀ ਹੈ। ਜਲ ਕਾ ਰੰਗ ਚਿੱਟਾ ਹੈ ਕਿਉਂਕਿ ਜਲ ਮੇਂ ਜੋ ਚੀਜ਼ ਮਿਲਤੀ ਹੈ ਸਭ ਚਿੱਟੀ ਹੋ ਜਾਤੀ ਹੈ। ਪ੍ਰਿਥਵੀ ਕਾ ਰੰਗ ਪੀਲਾ ਹੈ ਕਿਉਂਕਿ ਪ੍ਰਿਥਵੀ ਮੇਂ ਜੋ ਚੀਜ਼ ਮਿਲਤੀ ਹੈ ਸਭ ਪੀਲੀ ਹੋ ਜਾਤੀ ਹੈ।"

ਅੱਗੇ ਪੰਜਾਂ ਤੱਤਾਂ ਕੇ ਧਰਮ ਕਹਿਤੇ ਹੈਂ -

ਦੋਹਿਰਾ - "ਲੋਭ ਧਰਮ ਆਕਾਸ਼ ਕੋ, ਮੋਹਿ ਧਰਮ ਜਲ ਜਾਨ॥ ਕਰੋਧ ਧਰਮ ਹੈ ਅਗਨਿ ਕੋ, ਕਾਮ ਪਵਣ ਕੋ ਮਾਨ॥ ਭੈ ਪ੍ਰਿਥਵੀ ਕੋ ਧਰਮ ਹੈ, ਆਤਮ ਦਰਮ ਰਹਿਤ ਸਦਾ ਸਾਖੀ ਜਾਨ॥"

ਅੱਗੇ ਪੰਜਾਂ ਤੱਤਾਂ ਕੇ ਗੁਣ ਕਹਿਤੇ ਹੈਂ, ਆਕਾਸ਼ ਕਾ ਗੁਣ ਸ਼ਬਦ ਹੈ। ਪਵਨ ਕਾ ਗੁਣ ਸਪਰਸ ਹੈ। ਅਗਨੀ ਕਾ ਸਰੂਪ ਗੁਣ ਹੈ। ਜਲ ਕਾ ਗੁਣ ਰਸ ਹੈ। ਪ੍ਰਿਥਵੀ ਕਾ ਗੁਣ ਸੁਗੰਧ ਹੈ। ਜੋ ਸੁਗੰਧਤਾਈ ਸਭ ਪ੍ਰਿਥਵੀ ਕੀ ਹੈ। ਇਹ ਤਮੋ ਗੁਣ ਕੀ ਉਤਪਤੀ ਕਹੀ ਹੈ।। ਅੱਗੇ ਰਜੋ ਗੁਣ ਕੀ ਉਤਪਤੀ ਕਹਿਤੇ ਹੈਂ, ਸਰਵਣ, ਤੁਚਾ, ਚੱਕਸ਼ੂ, ਕਰਨ, ਰਸਨਾ, ਨਾਸਕਾ, ਇਹ ਪੰਜੇ ਗਿਆਨ ਇੰਦਰੀਆਂ ਹਨ। ਵਾਕ, ਹੱਥ, ਪਾਦ, ਗੁਦਾ, ਲਿੰਗ ਇਹ ਪੰਜ ਕਰਮ ਇੰਦਰੀਆਂ ਹਨ। ਪ੍ਰਾਣ, ਉਪਾਨ, ਸਮਾਨ, ਬਿਆਨ, ਉਦਿਆਨ, ਇਹ ਪੰਜੇ ਪ੍ਰਾਨ ਹਨ। ਨਾਗ, ਕੁਰਮਲ, ਕਿਰਕਲ, ਦੇਵਦਤ, ਧਨੰਜੇ। ਇਹ ਪੰਜੇ ਉਪਰਾਨ ਰਜੋ ਗੁਣ ਕੀ ਉਤਪਤੀ ਕਹੀ ਹੈ। ਅੱਗੇ ਸਤੋ ਗੁਣ ਕੀ ਉਤਪਤੀ ਕਹਿਤੇ ਹੈਂ, ਦਿਰਗਪਾਲ, ਪਵਣ, ਸੂਰਜ, ਵਰਨ, ਅਸਨੀ ਕੁਮਾਰ, ਅਗਨ ਇੰਦਰ, ਉਪਿੰਦਰ, ਪ੍ਰਜਾਪਤ, ਧਰਮ ਰਾਏ, ਚੰਦਰਮਾਂ, ਬ੍ਰਹਮਾ, ਵਿਸ਼ਨੂੰ, ਰੁਦਰ, ਇਹ ਚੌਦਾਂ ਦੇਵਤੇ ਕਹੇ।

ਚਾਰ ਅੰਤਸ਼ਕਰਨ, ਇਹ ਸਤੋ ਗੁਣ ਕੀ ਉਤਪਤੀ ਕਹੀ ਹੈ। ਅੱਗੇ ਇੰਦਰੀਆਂ ਸਾਥ ਦੇਵਤਿਆਂ ਕੀ ਮਲਾਉਣੀ ਕਹਿਤ ਹੈਂ, ਸਰੋਤ ਕਾ ਦੇਵਤਾ ਦਿਰਗਪਾਲ ਨਾਮ ਦਸੋ ਦਿਸ਼ਾਂ ਕਾ ਹੈ। ਤੁਚਾ ਕਾ ਦੇਵਤਾ ਪਵਣ ਹੈ। ਨੇਤਰਾਂ ਕਾ ਦੇਵਤਾ ਸੂਰਜ ਹੈ। ਰਸਨਾ ਕਾ ਦੇਵਤਾ ਵਰਨ ਹੈ। ਵਰਨ ਮਾਮ ਜਲਾਂ ਕੇ ਰਾਜੇ ਕਾ ਹੈ। ਨਾਸਕਾਂ ਕਾ ਦੇਵਤਾ, ਅਸਨੀ ਕੁਮਾਰ ਹੈ। ਅਸਨੀ ਕੁਮਾਰ ਭੂਮ ਕਾ ਅਭਿਮਾਨੀ ਹੈ। ਇਹ ਪੰਜ ਗਿਆਨ ਇੰਦਰੀਆਂ ਕੇ ਦੇਵਤੇ ਕਹੇ ਹੈਂ। ਅੱਗੇ ਪੰਜ ਕਰਮ ਇੰਦਰੀਆਂ ਕੇ ਦੇਵਤੇ ਕਹਿਤੇ ਹੈਂ, ਵਾਕ ਕਾ ਦੇਵਤਾ ਅਗਨਿ ਹੈ। ਹੱਥ ਕਾ ਦੇਵਤਾ ਇੰਦਰ ਹੈ। ਪਗਾਂ ਕਾ ਦੇਵਤਾ ਉਪਿੰਦਰ ਹੈ। ਉਪਿੰਦਰ ਨਾਮ ਵੌਨ ਅਵਤਾਰ ਕਾ ਹੈ। ਲਿੰਗ ਕਾ ਦੇਵਤਾ, ਪ੍ਰਜਾਪਤ ਦੱਛ ਹੈ, ਦੱਛ ਨਾਮ ਬ੍ਰਹਮਾ ਕੇ ਅਭਿਮਾਨੀ ਕਾ ਹੈ। ਗੁਦਾ ਕਾ ਦੇਵਤਾ ਧਰਮ ਰਾਏ ਹੈ। ਮਨ ਕਾ ਦੇਵਤਾ ਚੰਦਰਮਾ ਹੈ। ਬੁੱਧ ਕਾ ਦੇਵਤਾ ਬ੍ਰਹਮਾ ਹੈ। ਚਿੱਤ ਕਾ ਦੇਵਤਾ ਵਾਸਦੇਵ ਹੈ। ਹੰਕਾਰ ਕਾ ਦੇਵਤਾ ਰੁਦਰ ਹੈ। ਇਹ ਚਾਰ ਅੰਤਸ਼ਕਰਨ ਕੇ ਦੇਵਤੇ ਹੈਂ। ਅੱਗੇ ਪੰਜ ਗਿਆਨ ਇੰਦਰੀਆਂ ਕੇ ਵਿਸ਼ੇ ਕਹਿਤੇ ਹੈਂ, ਕਾਨੋਂ ਕਾ ਵਿਸ਼ਾ ਸ਼ਬਦ ਸੁਣਨਾ ਹੈ। ਨੇਤਰਾਂ ਕਾ ਵਿਸ਼ਾ ਰੂਪ ਦੇਖਣਾ ਹੈ। ਤੁਚਾ ਕਾ ਵਿਸ਼ਾ ਸਪਰਸ਼ ਕਰਨਾ ਹੈ। ਨਾਸ਼ਕਾ ਕਾ ਵਿਸ਼ਾ ਦੁਰਗੰਧ ਸੁਗੰਧ ਲੈਣੀ ਹੈ। ਰਸਨਾ ਕਾ ਵਿਸ਼ਾ, ਰਸ ਕੁਰਸ ਲੈਣਾ ਹੈ। ਇਹ ਪੰਜੇ ਗਿਆਨ ਇੰਦਰੀਆਂ ਕੇ ਵਿਸ਼ੇ ਕਹੇ ਹੈਂ॥ ਅੱਗੇ ਪੰਜ ਕਰਮ ਇੰਦਰੀਆਂ ਕੇ ਵਿਸ਼ੇ ਕਹਿੰਦੇ ਹੈਂ, ਵਾਕ ਕਾ ਵਿਸ਼ਾ ਬੋਲਣਾ ਹੈ। ਹੱਥਾਂ ਕਾ ਵਿਸ਼ਾ ਲੈਣਾ, ਦੇਣਾ, ਪਕੜਣਾ, ਛੱਡਣਾ ਹੈ। ਚਰਨਾ ਕਾ ਵਿਸ਼ਾ, ਫਿਰਨਾ, ਤੁਰਨਾ ਹੈ। ਲਿੰਗ ਕਾ ਵਿਸ਼ਾ ਮੂਤ੍ਰ ਬੀਰਜ ਤਿਆਗਣਾ ਹੈ। ਗੁਦਾ ਕਾ ਵਿਸ਼ਾ ਮੈਲ ਤਿਆਗਣੀ ਹੈ। ਇਹ ਪੰਜ ਕਰਮ ਇੰਦਰੀਆਂ ਕੇ ਵਿਸ਼ੇ ਹੈ। ਅੱਗੇ ਚਾਰ ਅੰਤਸ਼ਕਰਨ ਕੇ ਵਿਸ਼ੇ ਕਹਿਤੇ ਹੈਂ, ਮਨ ਕਾ ਵਿਸ਼ਾ ਕਲਪ ਵਿਕਲਪ ਸੰਕਲਪ ਕਰਨਾ ਹੈ। ਬੁੱਧ ਕਾ ਵਿਸ਼ਾ, ਬੀਚਾਰ ਨਿਸ਼ਚਾ ਕੁਨਿਸ਼ਚਾ ਕਰਨਾ ਹੈ। ਚਿੱਤ ਕਾ ਵਿਸ਼ਾ, ਚਿਤਵਨੀ ਚਾਹਨਾ ਕਰਨੀ ਹੈ। ਹੰਕਾਰ ਕਾ ਵਿਸ਼ਾ – ਹੰਗਤਾ ਮਮਤਾ ਕਰਨੀ ਹੈ। ਇਹ ਚਾਰ ਅੰਤਸ਼ਕਰਣ ਕੇ ਵਿਸ਼ੇ ਹੈਂ। ਅੱਗੇ ਪੰਜ ਪਰਾਨ ਕੀ ਉਤਪਤੀ ਕਹਿਤੇ ਹੈਂ, ਇਹ ਉਪਾਨ ਨਾਮੇ ਪੌਣ ਪ੍ਰਿਥਵੀ ਤੱਤ ਕੀ ਉਤਪਤੀ ਹੈ, ਉਪਾਨ ਕਾ ਵਾਸਾ ਲੱਕ ਵਿਖੇ ਹੈ। ਵੌ ਕਾ ਉਸਰਨਾ ਕਿਰਿਆ ਹੈ, ਸਮਾਨ ਨਾਮੀ ਪਵਨ ਜਲ ਤੱਤ ਕੀ ਉਤਪਤੀ ਹੈ। ਇਸ ਕਾ ਵਾਸਾ ਨਾਭੀ ਮੇਂ ਹੈ। ਭੁੱਖ ਤ੍ਰਿਖਾ ਲਾਉਣੀ ਇਸ ਦੀ ਕਿਰਿਆ ਹੈ। ਪਰਾਨ ਨਾਮੇ ਪਵਣ ਅਗਨ ਤੱਤ ਕੀ ਉਤਪਤੀ ਹੈ, ਇਸ ਦਾ ਵਾਸਾ ਹਿਰਦੇ ਵਿਖੇ ਹੈ। ਖਾਧਾ ਪੀਤਾ ਪਾਚਨ ਕਰਨਾ, ਇਸ ਦੀ ਕਿਰਿਆ ਹੈ। ਉਦਿਆਨ ਨਾਮੇ ਪਵਨ ਤੱਤ ਕੀ ਉਤਪਤੀ ਹੈ, ਇਸ ਦਾ ਵਾਸਾ ਕੰਠ ਵਿਖੇ ਹੈ, ਮੁੱਖ ਦੁਆਰਾ ਆਉਣਾ ਜਾਣਾ, ਇਸ ਦੀ ਕਿਰਿਆ ਹੈ। ਬਿਆਨ, ਨਾਮ ਪਵਣ ਆਕਾਸ਼ ਤੱਤ ਕੀ ਉਤਪਤੀ ਹੈ। ਇਸ ਦਾ ਵਾਸਾ ਸੀਸ ਵਿਖੇ ਹੈ, ਸਰਵ ਅੰਗਾਂ ਕੋ ਸੱਤਿਆ ਦੇਣੀ ਇਸ ਦੀ ਕਿਰਿਆ ਹੈ। ਨਾਗ-ਡਗਾਰ ਲੈਂਦੀ ਹੈ। ਕੁਰਮਲ ਪਲਕਾਂ ਹਿਲਾਤੀ ਹੈ। ਕਿਰਕਲ ਛਿੱਕ ਉਪਜਾਤੀ ਹੈ। ਦੇਵ ਦੱਤ, ਉਗਾੜੀ ਭੰਨਤੀ ਹੈ। ਧੰਨਜੇ ਮੁਰਦੇ ਕੀ ਦੇਹ ਫੈਲਤੀ ਹੈ।"

ਸਿੱਖੋ ਵਾਚ – ਹੇ ਸਤਿਗੁਰੋ, ਤੀਨ ਗੁਣੋਂ ਕੀ ਉਤਪਤੀ ਕਹੀ, ਮੇਰੀ ਉਤਪਤੀ ਕੈਸੇ ਹੈ, ਸੋ ਆਪ ਕ੍ਰਿਪਾ ਕਰਕੇ ਕਹੋ? ਸ੍ਰੀ ਗਰੋ ਵਾਚ – ਹੇ ਸਿੱਖ ਤੂੰ ਉਤਪਤੀ ਸੇ ਰਹਿਤ ਹੈਂ। ਹੇ ਸਤਿਗੁਰੋ ਜੋ ਮੈਂ ਉਤਪਤੀ ਸੇ ਰਹਿਤ ਹੂੰ, ਸੋ ਮੇਰੀ ਉਤਪਤੀ ਕੈਸੇ ਹੋਈ ਹੈ? ਹੇ ਸਿੱਖ, ਜੈਸੇ ਵੰਝਿਆ ਇਸਤਰੀ, ਸੁਫਨੇ ਵਿਖੇ ਧੀਆਂ ਪੁੱਤਰਾਂ ਵਾਲੀ ਹੋ ਬੈਠਤੀ ਹੈ, ਜਬ ਜਾਗ ਕੇ ਦੇਖਤੀ ਹੈ, ਤਬ ਆਪ ਕੋ ਇਕੇਲੀ ਦੇਖਤੀ ਹੈ। ਹੇ ਸਿੱਖ, ਤੇਰੀ ਉਤਪਤੀ ਸੁਫਨਾ ਹੈ, ਅਗਿਆਨ ਨੀਂਦਰਾ ਕਰਕੇ ਹੋਈ ਹੈ। ਗਿਆਨ ਕਰਨੇ ਸੇ ਨਵਿਰਤ ਹੋ ਜਾਤੀ ਹੈ। ਹੇ ਸਤਿਗੁਰੋ, ਅਗਿਆਨ ਕਿਸ ਕੋ ਕਹਿਤੇ ਹੈਂ? ਅਰ ਗਿਆਨ ਕਿਸ ਕੋ ਕਹਿਤੇ ਹੈ? ਸੋ ਆਪ ਕਿਰਪਾ ਕਰਕੇ ਕਹੋ। ਹੇ ਸਿੱਖ ਹੰਉ ਆਪ ਨਾ ਜਾਣਨਾ ਕਿ ਮੈਂ ਨਹੀਂ ਜਾਣਤਾ, ਮੇਰਾ ਕਿਆ ਸਰੂਪ ਹੈ, ਇਸੀ ਕਾ ਨਾਮ ਅਗਿਆਨ ਹੈ। ਅਹੰ ਬ੍ਰਹਮ ਅਸਮੀ ਕਿ ਮੈਂ ਬ੍ਰਹਮ ਹੂੰ, ਇਸੀ ਕਾ ਨਾਮ ਗਿਆਨ ਹੈ। ਹੇ ਸਤਿਗੁਰੋ, ਐਸਾ ਗਿਆਨ ਕੈਸੇ ਪ੍ਰਾਪਤ ਹੋਤਾ ਹੈ? ਸੋ ਆਪ ਕ੍ਰਿਪਾ ਕਰਕੇ ਦੱਸੋ? ਹੇ ਸਿੱਖ, ਐਸਾ ਗਿਆਨ ਨਿਸ਼ਚਾ ਅਧਿਕਾਰੀ ਕੋ ਹੋਤਾ ਹੈ। ਹੇ ਸਤਿਗੁਰੋ, ਸੋ ਅਧਿਕਾਰੀ ਕੌਣ ਸੇ ਸਾਧਨ ਕਰ ਹੋਤਾ ਹੈ? ਸੋ ਆਪ ਕਿਰਪਾ ਕਰਕੇ ਕਹੋ। ਹੇ ਸਿੱਖ, ਵਿਰਾਗ, ਵਿਵੇਕ, ਖਟ ਸੰਪਤੀ, ਮਮੋਸ਼ਤਾ, ਇਹ ਚਾਰ ਸਾਧਨ ਸਹਿਤ ਜੋ ਹੈ, ਉਸ ਕੋ ਅਧਿਕਾਰੀ ਕਹਿਤੇ ਹੈਂ। ਹੇ ਸਤਿਗੁਰੋ, ਇਨ ਕਾ ਸਰੂਪ ਕੈਸੇ ਹੈ? ਸੋ ਆਪ ਕਿਰਪਾ ਕਰਕੇ ਦੱਸੋ। ਹੇ ਸਿੱਖ, ਜਿਤ ਮਾਨ, ਵਿਤਰੇਕ, ਏਕ ਇੰਦਰੇ ਵਸੀਕਾਰ ਜਿਤ ਮਾਨ ਇਹ ਜੋ ਭਲੇ ਬੁਰੇ ਕਾ ਵਿਚਾਰ ਕਰਨਾ ਹੈਂ, ਵਿਤਰੇਕ ਇਹ, ਜੋ ਆਪਣੇ ਮਨ ਕੇ ਔਗੁਣ ਦੇਖਣੇ ਅਰ ਤਿਆਗਣੇ ਕਿਤਨੇ ਗਏ ਹੈ। ਕਿਤਨੇ ਰਹਿਤੇ ਹੈਂ, ਇਕ ਇੰਦਰੇ ਵਸੀਕਾਰ, ਜੋ ਮਨ ਵਿਖੇ ਵਿਕਾਰ ਫੁਰੇ, ਤੋ ਭੀ ਬੌਹਰ ਇੰਦ੍ਰੀਉਂ ਕਰ ਕੇ ਨਾ ਕਰੇ। ਵਸੀਕਾਰ ਇਹ, ਜੋ ਇਸ ਲੋਕ ਕੇ ਭੋਗ ਤਿਆਗਣੇ। ਸੋ ਵਸੀਕਾਰ ਤੀਨ ਪ੍ਰਕਾਰ ਹੈ – ਮਦ, ਤੀਬਰ, ਤਰ ਤੀਬਰ। ਮੰਦ ਇਹ ਜੋ ਧਨ, ਪੁੱਤਰ, ਇਸਤਰੀ, ਵਿਯੋਗ ਸੇ ਵਿਰਾਗ ਹੋਵੇ। ਜਬ ਧਨ, ਪੁੱਤਰ, ਇਸਤਰੀ ਪ੍ਰਾਪਤ ਹੋ ਜਾਵੇ ਤਾਂ ਬੰਧਿਆ ਜਾਤਾ ਹੈ। ਜੋ ਸੰਤਾਂ ਕੀ ਸੰਗਤ ਕਰੇ, ਉਸ ਕੀ ਭੀ ਕਲਿਆਣ ਹੋਤੀ ਹੈ। ਤੀਬਰ ਇਹ ਜੋ ਇਸ ਲੋਕ ਕੇ ਭੋਗ

ਤਿਆਗਣੇ। ਤਰ ਤੀਬਰ, ਜੋ ਸ਼ੇਸ਼ ਲੋਕ ਪ੍ਰਯੰਤ ਔਰ ਬ੍ਰਹਮ ਲੋਕ ਪ੍ਰਯੰਤ ਜੋ ਹੈਂ ਭੋਗ। ਸੋ ਕਾਗ ਵਿਸ਼ਟਾ ਸਮ ਜਾਨ ਕਰ ਇਨ ਕਾ ਤਿਆਗ ਕਰਨਾ। ਅਰ ਮੁੜ ਕਰ ਧਿਆਨ ਨਹੀਂ ਕਰਨਾ ਕਿ ਜਗਤ ਕਿਆ ਵਸਤੂ ਹੈ। ਇਸੀ ਕਾ ਨਾਮ ਤਰ ਤੀਬਰ ਵਿਰਾਗ ਹੈ। ਅੱਗੇ ਵਿਰਾਗ ਕਾ ਫਲ ਕਹਿਤੇ ਹੈਂ, ਦੀਨਤਾ ਤੇ ਅਧੀਨਤਾ ਤੇ ਛੁੱਟਣਾ ਜੋ ਪਾਸ ਪਦਾਰਥ ਹੋਵੇ। ਤਿਸ ਕੇ ਅਧੀਨ ਨਹੀਂ ਹੋਣਾ, ਔਰ ਲੈਣੇ ਨੂੰ ਕਿਸੇ ਕੇ ਪਾਸ ਜਾ ਕੇ ਅਧੀਨ ਨਹੀਂ ਹੋਣਾ, ਇਹ ਵਿਰਾਗ ਕਾ ਫਲ ਹੈ, ਅੱਗੇ ਵਿਰਾਗ ਕੀ ਔਧੀ ਕਹਿਤੇ ਹੈਂ, ਚੌਦਾਂ ਲੋਕਾਂ ਦੇ ਪਦਾਰਥਾਂ ਨੂੰ ਕਾਗ ਵਿਸ਼ਟਾ ਸਮ ਜਾਣ ਕਰ, ਫੇਰ ਧਿਆਨ ਨਾ ਕਰਨਾ ਕਿ ਜਗਤ ਕਿਆ ਵਸਤੂ ਹੈ। ਇਸੀ ਕਾ ਨਾਮ ਵਿਰਾਗ ਕੀ ਔਧੀ ਹੈ। ਅੱਗੇ ਵਿਵੇਕ ਕਹਿਤੇ ਹੈਂ, ਦੇਹ ਕੋ ਅਸਤਿ ਜੜ੍ਹ ਦੁੱਖ ਰੂਪ ਜਾਨਣਾ, ਆਤਮਾ ਕੋ ਸਤਿ ਚਿੱਤ ਅਨੰਦ ਸਰੂਪ ਜਾਨਣਾ, ਇਸੀ ਕਾ ਨਾਮ ਵਿਵੇਕ ਹੈ। ਅੱਗੇ ਸਮ ਕਹਿਤੇ ਹੈਂ, ਇਹ ਜੋ ਸਰਵ ਵਾਸ਼ਨਾਵਾਂ ਰੋਕਣੀਆਂ, ਤਿਸੀ ਕਾ ਨਾਮ ਸਮ ਹੈ। ਜੈਸੇ ਸੂਰਜ ਚੜ੍ਹੇ ਤੇ ਤਾਰਿਆਂ ਕਾ ਅਭਾਵ ਹੋ ਜਾਤਾ ਹੈ। ਤੈਸੇ ਵਿਵੇਕ ਕੇ ਪ੍ਰਭਾਵ ਕਰਕੇ, ਵਾਸ਼ਨਾ ਅਭਾਵ ਹੋ ਜਾਤੀ ਹੈ, ਇਸੀ ਕਾ ਨਾਮ ਸਮ ਹੈ। ਅੱਗੇ ਦਮ ਕਹਿਤੇ ਹੈਂ - ਦਮ ਇਹ ਜੋ ਇੰਦਰੀਆਂ ਵਿਸ਼ਿਆਂ ਤੋਂ ਰੋਕਣੀਆਂ ਜੈਸੇ ਕੱਛੂ ਸਿਰੀ ਕੋ ਸੰਕੋਚ ਲੈਂਦਾ ਹੈ, ਤੈਸੇ ਇੰਦਰੀਆਂ ਵਿਸ਼ਿਆਂ ਤੇ ਰੋਕਣੀਆਂ, ਇਸੀ ਕਾ ਨਾਮ ਦਮ ਹੈ। ਅੱਗੇ ਉਪਰਾਮਤਾ ਕਹਿਤੇ ਹੈਂ, ਉਪਰਾਮਤਾ ਇਹ ਜੋ ਜਗਤ ਦੁੱਖ ਰੂਪ ਜਾਣ ਕਰ, ਮੁੜ ਧਿਆਨ ਨਹੀਂ ਕਰਨਾ ਜਗਤ ਕਿਆ ਵਸਤੂ ਹੈ ਇਸੀ ਕਾ ਨਾਮ ਉਪਰਾਮ ਹੈ। ਅੱਗੇ ਤਤਿਖਿਆ ਕਹਿਤੇ ਹੈਂ, ਤਤਿਖਿਆ ਇਹ ਜੋ ਦੁੱਖ ਸੁੱਖ ਕਾ ਸਹਾਰਣਾ, ਕੋਈ ਦੁੱਖ ਦੇ ਕੇ ਮੋੜੇ, ਕੋਈ ਸੁੱਖ ਦੇ ਕੇ ਮੋੜੇ, ਕੋਈ ਮਿੱਤਰ ਬਣ ਕੇ ਮੋੜੇ, ਕੋਈ ਵੈਰੀ ਬਣ ਕੇ ਮੋੜੇ, ਕਿਸਾ ਕਾ ਮੋੜਿਆ ਮੁੜੇ ਨਹੀਂ, ਸਭਨਾਂ ਵਿਘਨਾਂ ਤੋਂ ਸੂਰਮੇ ਕੀ ਨਿਆਈਂ ਸਤਿਗੁਰਾਂ ਵੱਲ ਜਾਵੇ, ਇਸੀ ਕਾ ਨਾਮ ਤਤਿਖਿਆ ਹੈ। ਅੱਗੇ ਸ਼ਰਧਾ ਕਹਿਤੇ ਹੈਂ, ਸ਼ਰਧਾ ਇਹ ਜੋ ਸਤਿ ਸ਼ਾਸਤਰ, ਸਤਿਗੁਰਾਂ ਵੱਲ ਨਿਸ਼ਚਾ ਰੱਖਣਾ। ਅੱਗੇ ਸਵਾਧਾਨ ਕਹਿਤੇ ਹੈਂ, ਇਹ ਜੋ ਜੀਵ ਈਸ਼ਵਰ ਕੀ ਏਕਤਾ ਜਾਨਣੀ, ਮੋਖ ਪਰ ਸਾਵਧਾਨ ਰਹਿਣਾ। ਸੋ ਮੋਖ ਚਾਰ ਪ੍ਰਕਾਰ ਕੀ ਹੈ। ਸਲੋਕ, ਸਮੀਪ, ਸਜੁੱਜ ਸਰੂਪ। ਸਲੋਕ ਇਹ ਜੋ ਵਿਸ਼ਨ ਕੀ ਪੁਰੀ ਮੇਂ ਜਾ ਰਹਿਣਾ। ਸਮੀਪ ਇਹ ਜੋ ਵਿਸ਼ਨ ਕੇ ਪਾਸ ਜਾ ਰਹਿਣਾ। ਸਰੂਪ ਇਹ ਜੋ ਵਿਸ਼ਨ ਕੇ ਪਾਸ ਚਤ੍ਰਭੁਜ ਰੂਪ ਧਾਰ ਕੇ ਜਾ ਰਹਿਣਾ। ਸਜੁੱਜ ਇਹ ਜੋ ਵਿਸ਼ਨ ਕੇ ਰੂਪ ਮੇਂ ਰੂਪ ਮਿਲ ਜਾਣਾ। ਜਿਉਂ ਜਲ ਮੇਂ ਜਲ ਆਏ ਮਿਲ ਜਾਤਾ ਹੈ ਤੈਸੇ ਵਿਸ਼ਨ ਕੇ ਰੂਪ ਮੇਂ ਰੂਪ ਮਿਲ ਜਾਤਾ ਹੈ। ਹੇ ਸਿੱਖ, ਏਕ ਨਿਰਗੁਣ ਮੋਖ ਪੁਰ ਇੱਛਾ ਰੱਖਣੀ ਭਾਵ ਇਹ ਜੈਸੇ ਕਿ ਕਿਸੀ ਕੇ ਸਿਰ ਕੋ ਅੱਗ ਲੱਗਦੀ ਹੈ। ਸੋ ਜਲ ਕੀ ਓਰ ਦੌੜਤਾ ਹੈ। ਤੈਸੇ ਤੀਨੋਂ ਤਾਪੋਂ ਕਰ ਤਪਤ ਹੋਇਆ ਯਗਿਆਸੂ ਤੀਨ ਤਾਪ ਕੇ ਨਵਿਰਤ ਕਰਨਹਾਰੇ ਜੋ ਸਤਿਗੁਰੂ ਹੈਂ, ਤਿਨ੍ਹਾਂ ਕੀ ਸ਼ਰਨ ਕੋ ਪ੍ਰਾਪਤ ਹੋਵੇ ਹੈ, ਯਥਾ ਸਕਤਿ ਭੇਟਾ ਕਰ ਮਿਲੇ, ਹੱਥ ਜੋੜ ਅਰਦਾਸ ਕਰੇ। ਹੇ ਸਤਿਗੁਰੋ, ਮੈਂ ਬੜਾ ਦੁਖੀ ਹਾਂ, ਤੀਨ ਤਾਪ ਮੁੱਝ ਕੋ ਅਗਨੀ ਕੀ ਨਿਆਈਂ ਤਪਾਤੇ ਹੈਂ, ਸੰਸਾਰ ਵੱਡੇ ਦੁੱਖਾਂ ਕਰਕੇ ਪੂਰਨ ਹੈ, ਸਰੀਰ ਰੋਗਾਂ ਕਾ ਘਰ ਹੈ। ਸੰਸਾਰ ਸਮੁੰਦਰ ਰੂਪ ਹੈ, ਪੰਜ ਕਲੇਸ਼ ਤਰੰਗ ਹੈ, ਖਬਰ ਨਹੀਂ ਮੈਂ ਕੌਣ ਹਾਂ, ਇਹੋ ਘੁੰਮਣ ਪਾਨੀ ਹੈ। ਧਨ, ਪੁੱਤਰ, ਇਸਤਰੀ, ਇਹ ਤਿਸ ਵਿਖੇ ਤੰਦੂਏ ਹੈਂ, ਐਸਾ ਜੋ ਭੈ ਕੇ ਦੇਣੇ ਵਾਲਾ ਸਮੁੰਦਰ ਹੈ। ਤਿਸ ਤੇ ਮੈਨੂੰ ਪਾਰ ਕਰੋ, ਜੰਮਣ ਮਰਨ ਰੂਪੀ ਚੱਕਰ ਤੇ ਬਚਾਉ, ਅਨੇਕ ਜਨਮੋਂ ਕੇ ਪੁੰਨਾਂ ਕੇ ਫਲ ਕਰਕੇ ਮਾਨੁਖਾ ਦੇਹੀ ਪਾਈ ਹੈ। ਹੇ ਸਤਿਗੁਰੋ ਮੇਰਾ ਜਨਮ ਸਫਲ ਕਰੋ, ਅੱਗੇ ਸਤਿਗੁਰ ਕਿਰਪਾ ਕਰਕੇ ਕਹਿਤੇ ਹੈਂ - ਸਰਵਣ, ਮੰਨਣ, ਨਿਧਿਆਸਨ ਦੁਆਰਾ, ਸਰੂਪ ਕਾ ਸਾਖਿਆਤਕਾਰ ਹੋਤਾ ਹੈ, ਸੰਸਾਰ ਰੂਪੀ ਸਮੁੰਦਰ ਤੇ ਸ਼ੀਘਰ ਹੀ ਪਾਰ ਕਰ ਲੇਤੇਂ ਹੈਂ। ਹੇ ਸਿੱਖ, ਸਰਵਣ ਐਸੇ ਕਰੇ ਜੇਸੇ ਘੰਡਾ ਹੇੜੀ ਸ਼ਬਦ, ਮਿਰਗ ਸੁਣ ਕੇ ਮਸਤ ਹੋ ਜਾਤਾ ਹੈ। ਸਰੀਰ ਕੀ ਸ਼ੁੱਧੀ ਨਹੀਂ ਰਹਿੰਦੀ, ਤੈਸੇ ਸਰੀਰ ਕੇ ਟੇਢੇ ਬੁਰੇ ਕਰਮਾਂ ਕੋ ਤਿਆਗ ਕੇ, ਕੁਸੰਗੀਆਂ ਕੇ ਕੁਸੰਗ ਕੋ ਤਿਆਗ ਕੇ, ਜਗਤ ਕੀ ਸ਼ੁੱਧ ਭਲਾਈ ਕੇ ਬਚਨ ਭਲੀ ਪ੍ਰਕਾਰ ਕੰਨ ਦੇ ਕੇ ਸਰਵਣ ਕਰੇ, ਜੈਸੇ ਪਪੀਹਾ ਸੁਆਂਤੀ ਬੂੰਦ ਨੂੰ ਬਾਰੰਬਾਰ ਰਟਨਾ ਕਰਤਾ ਹੈ, ਤੈਸੇ ਬਾਰੰਬਾਰ ਅਭਿਆਸ ਕਰੇ ਫੇਰ ਤਿਸ ਕਾ ਮੰਨਣ ਕਰੇ। ਮੁੱਖ ਨੂੰ ਬੰਦ ਕਰਕੇ, ਜੈਸੇ ਸਿੱਪੀ ਸੁਆਤੀ ਬੂੰਦ ਕੋ ਪਾ ਕੇ ਸਮੁੰਦਰ ਕੇ, ਤਲੇ ਜਾ ਬੈਠਤੀ ਹੈ ਤੈਸੇ ਸ਼ਬਦ ਰੂਪੀ ਬੂੰਦ ਨੂੰ ਪਾ ਕੇ ਵਾਦ ਵਿਵਾਦ ਕਾ ਤਿਆਗ ਕਰੇ, ਦੇਹ ਭਾਵਨਾਂ ਦੂਰ ਕਰੇ, ਆਤਮ ਭਾਵਨਾਂ ਧਾਰਨਾ ਕਰੇ, ਦੇਹ ਕੋ ਅਸਤਿ ਜੜ੍ਹ ਦੁੱਖ ਰੂਪ ਜਾਣੇ, ਆਤਮਾ ਕੋ ਸਤਿ ਚਿੱਤ ਆਨੰਦ ਰੂਪ ਜਾਣੇ, ਫੇਰ ਤਿਸ ਕਾ ਸਾਖਿਆਤਕਾਰ ਕਰੇ, ਜੈਸੇ ਅਗਨੀ ਬਾਲਣ ਕੋ ਸਾੜ ਕੇ ਲਾਲ ਦਗਧ ਕਰ ਦੇਤੀ ਹੈ, ਧੂੰਆਂ ਨਹੀਂ ਰਹਿਤਾ, ਤੈਸੇ ਸਰਵ ਪ੍ਰਪੰਚ ਕਾ ਅਭਾਵ ਹੋ ਜਾਵੇ, ਕੇਵਲ ਆਤਮਾ ਆਪ ਕੋ ਨਿਸ਼ਚੇ ਕਰੇ, ਅਹੰ ਬ੍ਰਹਮ ਅਸਮੀ ਕਿ ਮੈਂ ਬ੍ਰਹਮ ਹੂੰ, ਕੈਸਾ ਬ੍ਰਹਮ ਹੂੰ? ਜਿਸ ਵਿਖੇ ਬ੍ਰਹਮ ਕਹਿਣਾ ਭੀ ਨਹੀਂ ਬਣਦਾ, ਐਸਾ ਬ੍ਰਹਮ ਹੂੰ, ਐਸੇ ਨਿਸ਼ਚੇ ਵਾਲਿਆਂ ਕੋ, ਵੇਦ ਜੀਵਨ ਮੁਕਤ ਕਹਿਤਾ ਹੈ, ਹੇ ਸਿੱਖ, ਦੇਸ਼ ਕਾਲ ਵਸਤੂ ਤੇ ਰਹਿਤ ਨਿਰਅਭਿਮਾਨ ਰਹੇ।"

« « « « « « «

# ਆਪਣੇ ਪਿਆਰੇ ਸੰਤ ਮਹਾਰਾਜ ਜੀ ਦੀ ਮਿੱਠੀ ਯਾਦ ਵਿਚ ਕੁਝ ਬੋਲ।

*ਸੰਤ ਬਾਬਾ ਬਲਬੀਰ ਸਿੰਘ ਕੰਬਾਲਾ*

ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ, ਤੁਸੀਂ ਵੱਡੇ ਮਹਾਨ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ, ਤੁਸੀਂ ਵੱਡੇ ਮਹਾਨ।
ਪਿਛਲੇ ਜਨਮਾਂ ਦੇ ਪ੍ਰਭੂ ਪਿਆਰੇ ਤਪੱਸਵੀ, ਤ੍ਰੈਕਾਲ-ਦਰਸ਼ੀ ਭਗਤ ਭਗਵਾਨ।
ਇਸ ਜਨਮ ਪਹਿਲੀ ਅਵਸਥਾ, ਹਠ ਯੋਗ ਵਿਚ ਪੂਰੇ,
ਤਿਆਗੀ ਵੈਰਾਗੀ ਇਕਾਂਤ ਵਾਸੀ, ਸਿਮਰਨ ਲਿਵ ਲੀਨ ਭਗਵਾਨ।
ਪ੍ਰਭੂ ਦੇ ਭਾਣੇ ਹੁਕਮ ਨਾਮ ਕਮਾਈ ਕਰ, ਸਹਿਜ ਜੋਗ ਵਰਤੇ ਵਧੀਆ ਇਨਸਾਨ।
ਨਾਲੋ ਨਾਲ ਸੱਚੀ ਸੁੱਚੀ ਕਿਰਤ ਕਮਾਈ, ਅਨਦਾਤੇ ਵਧੀਆ ਕਿਰਸਾਨ।
ਸੱਚੇ-ਸੁੱਚੇ ਕਿਰਤੀ ਗ੍ਰਿਹਸਤੀ, ਰਾਜੇ ਯੋਗੀ ਬਲਵਾਨ।
ਕਲਮ ਦੇ ਧਨੀ, ਸੂਰਬੀਰ ਬਚਨ ਕੇ ਬਲੀ ਵੱਡੇ ਮਹਾਨ।
ਕਥਾ ਕੀਰਤਨ ਆਤਮ-ਗਿਆਨੀ ਸ਼ਬਦ ਲੰਗਰ ਪ੍ਰਧਾਨ।
ਸਾਰੀ ਉਮਰ ਗੁਰਮਤਿ ਪ੍ਰਚਾਰ ਕਰ, ਅਣਗਿਣਤ ਪ੍ਰਾਣੀ ਗੁਰੂ ਨਾਲ ਜੋੜੇ, ਕੀਤਾ ਵੱਡਾ ਪੁੰਨ ਮਹਾਨ।
ਬੇਅੰਤ ਪ੍ਰਾਣੀ ਪਸੂ-ਪ੍ਰੇਤੋਂ ਦੇਵ ਬਣਾਏ, ਸੱਚੀ ਖੁਸ਼ੀ ਲਿੱਤੀ ਭਗਵਾਨ।
ਕਰਨੀ ਕਥਨੀ ਦੇ ਪੂਰੇ, ਪਰਉਪਕਾਰੀ ਵਿਚ ਜਹਾਨ।
ਕੁਦਰਤੀ ਆਫਤਾਂ ਸਮੇਂ ਦੁਖੀਆਂ ਦੇ ਮਸੀਹੇ, ਸੱਚੇ ਹਮਦਰਦੀ, ਘਰ-ਘਰ ਜਾ ਕੇ ਦੁੱਖ ਵੰਡਾਣ।
ਹੜਾਂ ਸਮੇਂ ਵੱਡੀ ਉਮਰ, ਜ਼ੋਖਮ ਭਰੀਆਂ ਥਾਵਾਂ, ਸਰੀਰਕ ਖੇਚਲ ਤੋਂ ਨਾ ਘਬਰਾਉਣ।
ਧੰਨ ਧੰਨ ਸੰਤ ਮਾਤਾ ਜੀ, ਸਭ ਔਖੇ ਸੌਖੇ ਸਮਿਆਂ ਵਿਚ, ਸਦਾ ਸਾਥ ਨਿਭਾਉਣ।
ਧੰਨ ਧੰਨ ਸੰਤ ਮਾਤਾ ਜੀ, ਤੁਹਾਡਾ ਸਭ ਪਰਉਪਕਾਰਾਂ, ਵਿੱਚ ਵੱਡਾ ਯੋਗਦਾਨ।
ਗੁਜਰਾਤੀ ਭੁਚਾਲ ਪੀੜਤਾਂ ਲਈ ਖੁਲ੍ਹੇ ਲੰਗਰ, ਲੋੜ ਦੀਆਂ ਵਸਤਾਂ ਪਿੰਡ-ਪਿੰਡ ਜਾ ਕੇ ਵਰਤਾਉਣ।
ਧੰਨ ਵਡਭਾਗੇ ਸਤਿਸੰਗੀ ਪ੍ਰਿਅ-ਸੇਵਕ, ਮਹਾਂਪੁਰਸ਼ੋ, ਤੁਹਾਡੀ ਕਿਰਪਾ ਸੇਵਾ ਬਚਨ ਕਮਾਉਣ।
ਮਹਾਂਪੁਰਸ਼ੋ, ਤੁਹਾਡੀ ਕਿਰਪਾ ਲੋਕ ਸੁਖੀ ਪਰਲੋਕ ਸੁਖੀ, ਦਰਗਹ ਪਾਉਣਗੇ ਮਾਣ।
ਧੰਨ ਵਡਭਾਗੇ ਪ੍ਰਿਅ-ਸੇਵਕ, ਸੰਤ ਮਾਤਾ ਜੀ ਦੇ ਬਚਨਾਂ ਤੇ, ਹੁਣ ਵੀ ਫੁੱਲ ਚੜ੍ਹਾਉਣ।
ਸੁਨਾਮੀ-ਪੀੜਤ ਬਿਪਤਾ ਦੇ ਮਾਰੇ, ਢਿੱਡੋਂ ਭੁੱਖਿਆਂ ਲਈ, ਜਾ ਖੁਲ੍ਹੇ ਲੰਗਰ ਲਾਉਣ।
ਹਜ਼ਾਰਾਂ ਮੀਲਾਂ ਦੀ ਦੂਰੀ ਤਹਿ ਕਰ, ਤਨੋ ਮਨੋ ਦੁਖੀਆਂ ਦੇ ਦੁਖ ਵੰਡਾਉਣ।
ਦੇਸ਼ ਦੀਆਂ ਹੱਦਾਂ, ਹੱਦੋਂ ਪਾਰ ਕਸ਼ਮੀਰ ਵਿਚ ਭੁਚਾਲ ਸਮੇਂ, ਰੱਜ ਰੱਜ ਸੇਵਾ ਕਮਾਉਣ।
ਮਹਾਂਪੁਰਸ਼ੋ, ਧੰਨ ਵਡਭਾਗੇ ਪ੍ਰਿਅ-ਸੇਵਕ ਤੁਹਾਡੀ ਕ੍ਰਿਪਾ,
ਤੁਹਾਡੇ ਬਚਨਾਂ ਤੇ ਪਹਿਰਾ ਦੇ, ਪਾਉਣਗੇ ਸੁਖ ਸਦੀਵੀ ਸੱਚਾ ਮਾਣ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ, ਤੁਸੀਂ ਵੱਡੇ ਮਹਾਨ, ਤੁਹਾਡੀ ਕਰਨੀ ਵੱਡੀ ਮਹਾਨ।
ਧੰਨ ਧੰਨ ਸੰਤ ਪਿਆਰੇ ਈਸ਼ਰ ਸਿੰਘ ਜੀ, ਤੁਸੀਂ ਵੱਡੇ ਮਹਾਨ।
ਧੰਨ ਧੰਨ ਸੰਤ ਪਿਆਰੇ ਈਸ਼ਰ ਸਿੰਘ ਜੀ, ਤੁਹਾਡੀ ਕਰਨੀ ਕਮਾਈ ਵੱਡੀ ਮਹਾਨ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ
ਆਪਣੇ ਪਿਆਰੇ, ਸੰਤ ਈਸ਼ਰ ਸਿੰਘ ਜੀ ਦੇ ਬਚਨ
ਪਿਆਰ ਸਹਿਤ ਕਮਾਏ, ਸੱਚੀ ਵਡਿਆਈ ਪਾਇਆ ਸੱਚਾ ਮਾਣ।

ਗੁਰ ਕਿਰਪਾ ਸੰਤ ਕਿਰਪਾ, ਪਰਮ-ਪਦ ਪਾਇਆ ਨਿਰਬਾਣ।
ਮਹਾਂਪੁਰਸ਼ੋ, ਕਈ ਥਾਵਾਂ ਨੂੰ ਭਾਗ ਲਾ, ਅੰਤ ਰਤਵਾੜੇ ਦੀ ਧਰਤੀ ਨੂੰ, ਪਏ ਸ਼ੋਭਨੀਕ ਬਣਾਉਣ।
ਦੁਆਪਰ ਯੁੱਗ ਵਿਚ ਇਸ ਧਰਤੀ ਤੇ, ਪਾਂਡਵ, ਕ੍ਰਿਸ਼ਨ ਮੁਰਾਰ ਪਧਾਰੇ, ਗੁਪਤ ਸਾਲ ਸਮੇਂ ਪਹੁੰਚੇ ਆਣ।
ਇਸ ਬਾਰੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼, ਸੰਤ ਅਜੀਤ ਸਿੰਘ ਜੀ
ਨਥਲਪੁਰ ਵਾਲੇ, ਭੀ ਭਵਿੱਖ ਬਚਨ ਕਰ ਗਏ ਸਨ, ਆਪਣੇ ਸਮੇਂ ਦੇ ਵੱਡੇ ਸੰਤ ਮਹਾਨ।
ਇਸ ਧਰਤੀ ਤੇ ਇਕ ਦਿਨ ਅਸਥਾਨ, ਬਣੇਗਾ ਵੱਡਾ ਮਹਾਨ।
ਮਹਾਂਪੁਰਸ਼ੋ, ਤੁਸੀਂ ਭਾਣੇ ਹੁਕਮ ਅਨੁਸਾਰ, ਇਸ ਧਰਤੀ ਨੂੰ ਭਾਗ ਲਾ ਦਿੱਤੇ,
ਬਣਾ ਦਿਤਾ ਸੋਹਣਾ, ਈਸ਼ਰ ਪ੍ਰਕਾਸ਼ ਅਸਥਾਨ।
ਇਸ ਅਸਥਾਨ ਤੇ, ਦਿਨ-ਰਾਤ ਨਾਮ ਸਿਮਰਨ, ਗੁਰਬਾਣੀ ਦੀਆਂ ਧੁਨਾਂ ਉੱਠਣ, ਸੇਵਾ ਦੇ ਕੁੰਭ ਚੱਲਣ ਮਹਾਨ।
ਹਰ ਪੂਰਨਮਾਸ਼ੀ ਅੰਮ੍ਰਿਤ ਸੰਚਾਰ ਹੋਵੇ, ਭਾਗਾਂ ਵਾਲੇ ਅੰਮ੍ਰਿਤ ਛਕ ਪਏ ਜਨਮ ਸਫਲ ਬਣਾਉਣ।
ਮਹਾਂਪੁਰਸ਼ੋ, ਤੁਹਾਡੀ ਕਿਰਪਾ, ਇਲਾਕੇ ਦੇ ਭਾਗ ਸੰਗਤ ਦੇ ਭਾਗ,
ਥੋੜ੍ਹੇ ਸਮੇਂ ਵਿਚ ਸੁਪ੍ਰਸਿੱਧ, ਹੋ ਗਿਆ ਇਹ ਰਮਣੀਕ ਅਸਥਾਨ।
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ, ਮੈਡੀਕਲ ਸਹੂਲਤ,
ਸਰੋਵਰ ਦੀ ਸੇਵਾ, ਅਸਥਾਨ ਦੀ ਸੋਭਾ ਹੋਰ ਵਧਾਉਣ।
ਆਧੁਨਿਕ ਵਿਗਿਆਨਿਕ ਤਕਨੀਕਾਂ ਰਾਹੀਂ, ਵਿਦਿਆ ਮਿਲੇ,
ਗੁਰਮਤਿ ਵਿਦਿਆ ਮਿਲੇ, ਨਾਲੋ-ਨਾਲ ਪਛਾਣ।
ਭਾਗਾਂ ਵਾਲੇ ਬਹੁਤੇ ਪ੍ਰਾਣੀ ਲਾਭ ਉਠਾ,ਬਣਨਗੇ ਸੁਘੜ ਸੁਜਾਨ, ਵਧੀਆ ਇਨਸਾਨ।
ਮਹਾਂਪੁਰਸ਼ਾਂ ਦਾ ਚਲਾਇਆ ਆਤਮ ਮਾਰਗ ਮੈਗਜ਼ੀਨ,
ਇਸ ਅਸਥਾਨ ਤੋਂ ਨਿਕਲੇ, ਗੁਰਮਤਿ ਦਾ ਉਪਦੇਸ਼ ਦੇਵੇ ਵਿਚ ਜਹਾਨ।
ਇਸਨੂੰ ਪੜ੍ਹ ਸੁਣ, ਅਧਿਆਤਮਕ ਮਾਰਗ ਦੀ ਸੋਝੀ ਹੋਵੇ,
ਜਗਿਆਸੂ ਰੱਬ ਨੂੰ ਮਿਲਣ ਦਾ ਰਾਹ, ਸਹਿਜੇ ਲਏ ਪਛਾਣ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ,
ਤੁਹਾਡੇ ਲੋਕਾਈ ਉਤੇ, ਪਰਉਪਕਾਰਾਂ ਦੇ ਕਾਰਜ ਮਹਾਨ।
ਦਾਸ ਨਿਮਾਣਾ, ਤੁਹਾਡੇ ਕੁਛ ਕੁ ਪਰਉਪਕਾਰਾਂ ਤੇ ਰੋਸ਼ਨੀ ਪਾ ਸਕਿਆ,
ਤੁਹਾਡੇ ਸਾਰੇ ਪਰਉਪਕਾਰ, ਗਿਣਤੀ ਵਿਚ ਨਾ ਆਉਣ।
ਤੁਹਾਡੀ ਕਿਰਪਾ ਪਰਉਪਕਾਰ ਦੇ ਕਾਰਜ, ਚਲ ਰਹੇ ਹਨ, ਚਲਦੇ ਰਹਿਣਗੇ, ਜਦੋਂ ਤਕ ਰਹੇਗਾ ਜਹਾਨ।
ਭਾਗਾਂ ਵਾਲੇ ਲਾਹੇ ਲੈ ਰਹੇ, ਲੈਂਦੇ ਰਹਿਣਗੇ, ਇਸ ਅਸਥਾਨ ਤੇ ਆਣ।
ਮਹਾਂਪੁਰਸ਼ੋਂ, ਸਦਾ ਰਹੇਗੀ ਜੱਗ ਵਿਚ, ਤੁਹਾਡੇ ਇਸ ਅਸਥਾਨ ਦੀ ਉਚੀ ਸ਼ਾਨ।
ਮਹਾਂਪੁਰਸ਼ੋ, ਲੱਖਾਂ ਸੰਗਤਾਂ ਦੇ ਹਰਮਨ ਪਿਆਰੇ ਧੇਅ, ਸਦਾ ਰਹੇਗੀ ਜੱਗ ਵਿਚ, ਤੁਹਾਡੀ ਉਚੀ ਸ਼ਾਨ।
ਤੁਹਾਡੀ ਵਡਿਆਈ ਮੈਂ ਮੂਰਖ, ਤੁੱਛ-ਬੁੱਧ ਕਿਆ ਜਾਣਾ, ਤੁਸੀਂ ਆਪੇ ਕਿਣਕਾ ਬਖਸ਼ਣਹਾਰ, ਸਰਬ ਨਿਧਾਨ।
ਆਪਣੀ ਕਿਰਪਾ ਕਰ, ਕੁਛ ਕੁ ਆਪ ਲਿਖਾਇਆ, ਦਾਸ ਬਲਬੀਰ ਲਿਖਿਆ, ਮੂਰਖ ਮੁਗਧ ਅਜਾਣ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ, ਤੁਸੀਂ ਵੱਡੇ ਮਹਾਨ।
ਧੰਨ ਧੰਨ ਸੰਤ ਪਿਆਰੇ ਵਰਿਆਮ ਸਿੰਘ ਜੀ, ਤੁਸੀਂ ਵੱਡੇ ਮਹਾਨ।
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ।

« « « « « « «

# ਹਿਮਾਲੀਅਨ ਯੋਗੀ ਦਾ ਸੰਗ
## ((Walking With Himalayan Master))

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-)*

ਅਧਿਆਇ 26

ਜੀਵਨ - ਇਕ ਪੁਨਰ ਵਿਚਾਰ

ਮੈਂ ਇਕ ਵੱਡੇ ਕਮਰੇ ਦੇ ਅੱਗੇ ਖੜ੍ਹਾ ਹਾਂ, ਯੋਗਾ ਫਿਲੌਸਫੀ ਪੜ੍ਹਾ ਰਿਹਾ ਹਾਂ, ਸਾਰਾ ਕਮਰਾ ਪੂਰੀ ਤਰ੍ਹਾਂ ਨਾਲ ਭਰਿਆ ਪਿਆ ਹੈ। ਸਵਾਮੀ ਜੀ ਆਪਣਾ ਮੈਰੂਨ ਕਮੋਨੋ ਪਾ ਕੇ ਕਮਰੇ ਵਿਚ ਆਉਂਦੇ ਹਨ, ਦੇਖਦੇ ਹਨ ਕਿ ਪੜ੍ਹਾਇਆ ਜਾ ਰਿਹਾ ਹੈ। ਵਿਦਿਆਰਥੀ ਬੈਠੇ ਹਨ, ਦੇਖ ਕੇ ਚਲੇ ਜਾਂਦੇ ਹਨ। ਜਦੋਂ ਮੈਂ ਮੁੜ ਕੇ ਦੇਖਦਾ ਹਾਂ ਇਕ ਵੱਡਾ ਸਾਰਾ ਨੀਲੇ ਰੰਗ ਦਾ ਆਂਡਾ ਪਿਆ ਹੈ, ਜਦੋਂ ਰੋਸ਼ਨੀ ਪੈਂਦੀ ਹੈ, ਆਂਡਾ ਚਮਕਦਾ ਹੈ ਜਿਵੇਂ ਕੋਈ ਬੜਾ ਮਹਿੰਗਾ ਪੱਥਰ ਹੋਵੇ, ਮੈਨੂੰ ਪਤਾ ਸੀ ਇਹ ਮੇਰਾ ਹੈ।

ਮੈਂ ਉਠਿਆ, ਮੈਂ ਦੇਖਿਆ ਅੱਜ ਨੌਂਵੇਂ ਮਹੀਨੇ ਦੀ ਨੌਂ ਤਰੀਕ ਹੈ, ਅੱਜ ਪੂਰੇ ਪੱਚੀ ਸਾਲ ਹੋ ਗਏ ਜਦੋਂ ਮੈਂ ਸਵਾਮੀ ਜੀ ਨੂੰ ਮਿਲਿਆ ਸੀ। ਮੈਂ ਉਹ ਪੁਸਤਕ ਵੀ ਪੂਰੀ ਕਰ ਲਈ ਹੈ ਜਿਹੜੀ ਉਨ੍ਹਾਂ ਨੇ ਮੈਨੂੰ ਲਿਖਣ ਲਈ ਹੁਕਮ ਦਿਤਾ ਸੀ, ਜਦੋਂ ਦਾ ਸਵਾਮੀ ਜੀ ਨੇ ਸਰੀਰ ਛੱਡਿਆ ਹੈ ਇਹ ਇਕ ਪਹਿਲਾ ਵੱਡਾ ਕੰਮ ਹੈ, ਜਿਹੜਾ ਮੈਂ ਕੀਤਾ ਹੈ।

ਮੈਂ ਸਾਰਾ ਦਿਨ ਇਸ ਸੁਪਨੇ ਦਾ ਅਨੰਦ ਮਾਣਦਾ ਰਿਹਾ, ਮੈਨੂੰ ਚੰਗਾ ਲੱਗਾ ਕਿ ਐਨੇ ਸਾਲਾਂ ਦਾ ਮੇਰਾ ਕੰਮ ਮੈਂ ਇਕ ਅੰਡੇ ਦੇ ਰੂਪ ਵਿਚ ਦੇਖਿਆ ਹੈ। ਅੰਡੇ ਵਿਚ ਜੀਵਨ ਹੁੰਦਾ ਹੈ ਉਹ ਜੀਵਨ ਦਾ ਪ੍ਰਤੀਕ ਹੈ। ਇਕ ਹੋਰ ਪ੍ਰਫੁਲਤ ਹੋਵੇਗਾ। ਜਿੰਨਾ ਕੰਮ ਮੈਂ ਕੀਤਾ ਹੈ ਉਸ ਤੋਂ ਕਿਤੇ ਵਧੇਰੇ ਇਹ ਪ੍ਰਫੁੱਲਤ ਹੋਵੇਗਾ। ਮੈਂ ਬਿਲਕੁਲ ਖੁਸ਼ ਸੀ ਮੈਨੂੰ ਆਪਣੇ ਕੰਮ ਤੇ ਪੂਰਾ ਭਰੋਸਾ ਸੀ, ਪੂਰੀ ਤਸੱਲੀ ਸੀ। ਉਹ ਨੀਲਾ ਅੰਡਾ ਮੈਂ ਆਪਣੇ ਗੁਰੂਦੇਵ ਨੂੰ ਅਰਪਣ ਕਰ ਦਿਤਾ, ਅੱਜ ਦੇ ਦਿਨ ਉਹ ਦਿਨ ਜਦੋਂ ਅਸੀਂ ਪਹਿਲੀ ਵਾਰੀ ਮਿਲੇ ਸੀ।

ਉਸੇ ਦਿਨ ਮੈਨੂੰ ਸੱਜਣ ਮਿਲੇ, ਜਿਨ੍ਹਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਸਵਾਮੀ ਰਾਮ ਦੀਆਂ ਬਹੁਤ ਸਾਰੀਆਂ ਪੁਸਤਕਾਂ ਪੜ੍ਹੀਆਂ ਹਨ ਤੇ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਵਾਮੀ ਜੀ ਨੇ ਕਿਵੇਂ ਯੋਗਾ ਨੂੰ ਇਕ ਭਰਮ ਤੋਂ ਕੱਢ ਕੇ ਕਿਵੇਂ ਅਮਰੀਕਨ ਸਭਿਆਚਾਰ ਦਾ ਹਿੱਸਾ ਬਣਾਇਆ ਹੈ ਤੇ ਇਕ ਸੰਸਥਿਕ ਮਜ਼ਹਬ ਦਾ ਦਰਜਾ ਦਿਤਾ ਹੈ। ਉਨ੍ਹਾਂ ਕੋਲੋਂ ਸਵਾਮੀ ਜੀ ਦੀ ਪ੍ਰਸੰਸਾ ਸੁਣ ਕੇ ਲਗ ਰਿਹਾ ਸੀ ਕਿ ਉਹ ਸਵਾਮੀ ਜੀ ਨੂੰ ਇਕ ਰਾਜ ਯੋਗੀ ਦੀ ਹਸਤੀ ਹੋਣ ਦੇ ਪੱਖੋਂ ਪ੍ਰਸੰਸਾ ਕਰ ਰਹੇ ਸੀ। ਉਚ ਕੋਟੀ ਦੇ ਰਾਜ ਯੋਗੀ। ਸਵਾਮੀ ਜੀ ਸੱਚਮੁੱਚ ਸੀ ਵੀ ਉਚ ਕੋਟੀ ਦੇ ਰਾਜ ਯੋਗੀ ਪਰ ਮੇਰੇ ਮਿਤ੍ਰ ਨੂੰ ਸਵਾਮੀ ਜੀ ਦੇ ਜੀਵਨ ਬਾਰੇ ਪੂਰੀ ਤਰ੍ਹਾਂ ਗਿਆਨ ਨਹੀਂ ਸੀ।

ਮੈਂ ਕਿਹਾ, ਟੋਮ ਮੈਂ ਤੈਨੂੰ ਸਵਾਮੀ ਜੀ ਦੀਆਂ ਕੁਝ ਇਕ ਗਤੀਵਿਧੀਆਂ ਦਸਦਾ ਹਾਂ, ਫੇਰ ਮੈਂ ਉਸਨੂੰ ਦੱਸਿਆ ਕਿ ਕਿਵੇਂ ਮੈਨੂੰ ਇਹ ਸੁਭਾਗ ਪ੍ਰਾਪਤ ਹੈ ਕਿ ਮੈਂ ਸਦੀ ਦੇ ਉਚ ਕੋਟੀ ਦੇ ਯੋਗੀ ਦਾ ਸਾਥ ਕੀਤਾ ਹੈ।

ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਜਦੋਂ ਕਿ ਉਹ ਬਹੁਤ ਹੀ ਬਿਮਾਰ ਸੀ ਉਨ੍ਹਾਂ ਨੇ ਇਕ ਮੈਡੀਕਲ ਸਿਟੀ ਦਾ ਨਿਰਮਾਣ ਕੀਤਾ। ਇਹ ਵਿਸ਼ੇਸ਼ ਤੌਰ ਤੇ ਪਹਾੜ ਦੇ ਲੋਕਾਂ ਲਈ ਕੀਤਾ ਗਿਆ ਜਿਹੜੇ ਦੇਹਰਾਦੂਨ ਦੇ ਆਸ ਪਾਸ ਰਹਿੰਦੇ ਹਨ ਇਥੇ ਭਾਰਤ ਦੇ ਪ੍ਰਾਚੀਨ ਤਰੀਕੇ ਦੀ ਚਿਕਿਤਸਾ, ਹੋਮਿਓਪੈਥੀ ਤੇ ਡਾਕਟਰ ਇਲਾਜ ਸਭ ਕੁਝ ਉਪਲਬਧ ਹੈ ਨਰਸਿੰਗ ਕਾਲਜ ਹੈ, ਖੋਜ ਕਰਨ ਲਈ ਲੈਬੋਰਟਰੀਆਂ ਹਨ।

ਇਹ ਸਭ ਕੁਝ ਸਵਾਮੀ ਜੀ ਨੇ 1989 ਵਿਚ ਸ਼ੁਰੂ ਕੀਤਾ ਸੀ ਜਦੋਂ ਉਨ੍ਹਾਂ ਨੇ 280 ਏਕੜ ਬੰਜਰ ਭੂਮੀ ਖਰੀਦੀ ਸੀ ਇਹ ਸਾਰੀ ਭੂਮੀ ਉਨ੍ਹਾਂ ਨੇ ਚਾਰ ਸਾਲ ਦੇ ਅੰਦਰ ਅੰਦਰ ਖਰੀਦ ਲਈ ਸੀ ਇਹ ਅੱਜ ਮੁਸ਼ਕਲ ਕੰਮ ਹੈ ਫੇਰ ਉਨ੍ਹਾਂ ਨੇ 500 ਮਰੀਜ਼ਾਂ ਲਈ ਹਸਪਤਾਲ ਬਣਾਇਆ। ਸਟਾਫ ਦੇ ਰਹਿਣ ਲਈ ਘਰ ਤੇ ਹੋਰ ਬਹੁਤ ਕੁਝ।

ਬਹੁਤ ਲੋਕਾਂ ਨੂੰ ਠੀਕ ਕੀਤਾ ਸਵਾਮੀ ਜੀ ਪੂਰਨ ਹੋਮਿਓਪੈਥਈ ਸੀ। ਕੋਈ 200 ਬੱਚੇ ਉਨ੍ਹਾਂ ਨੇ ਕੇਵਲ ਹੋਮਿਓਪੈਥਿਕ ਦਵਾਈਆਂ ਨਾਲ ਹੀ ਬਖਸ਼ੇ ਇਸ ਸੰਸਾਰ ਵਿਚ ਲਿਆਂਦੇ, ਸਵਾਮੀ ਜੀ ਆਯੁਰਵੇਦ ਵੀ ਜਾਣਦੇ ਸੀ ਤੇ ਉਨ੍ਹਾਂ ਯੋਗੀਆਂ ਨਾਲ ਵੀ ਰਹੇ ਸੀ ਜਿਨ੍ਹਾਂ ਨੇ ਇਹ ਦਵਾਈਆਂ ਬਣਾਈਆਂ ਵਰਤੀਆਂ। ਬੇਅੰਤ ਲੋਕੀ ਸਵਾਮੀ ਜੀ ਦੀ ਬਖਸ਼ਿਸ਼ ਨਾਲ ਠੀਕ ਹੋਏ ਜਿਨ੍ਹਾਂ ਲਈ ਡਾਕਟਰ ਵੀ ਹੈਰਾਨ ਰਹਿ ਗਏ ਕਿਉਂਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕੀ ਉਹ ਹੀ ਹੁੰਦੇ ਹਨ ਜਿਨ੍ਹਾਂ ਨੂੰ ਡਾਕਟਰ ਜਵਾਬ ਦੇ

ਦਿੰਦਾ ਹੈ। ਸਵਾਮੀ ਜੀ ਨੇ ਅਮਰੀਕਨ ਡਾਕਟਰ ਦੇਹਰਾਦੂਨ ਦੀ ਮੈਡੀਕਲ ਸਿਟੀ ਵਿਚ ਲਿਆਂਦੇ। ਜਦੋਂ ਸਵਾਮੀ ਜੀ ਇਹ ਸਭ ਕੁਝ ਕਰ ਰਹੇ ਸੀ ਸਵਾਮੀ ਜੀ ਦੀ ਬੇਅੰਤ ਵਿਰੋਧਤਾ ਹੋ ਰਹੀ ਸੀ ਤੇ ਲੋਕੀ ਕੰਮ ਨੂੰ ਖੜ੍ਹਾ ਕਰਨਾ ਚਾਹੁੰਦੇ ਸੀ, ਬੰਦ ਕਰਨਾ ਚਾਹੁੰਦੇ ਸੀ। ਜਿਵੇਂ-ਜਿਵੇਂ ਕੰਮ ਵਧਦਾ ਗਿਆ, ਵਿਰੋਧਤਾ ਵੀ ਓਨੀ ਹੀ ਵਧਦੀ ਗਈ।

ਇਹ ਹਸਪਤਾਲ ਸਵਾਮੀ ਜੀ ਦਾ ਇਕ ਸਭ ਤੋਂ ਵੱਡਾ ਕਾਰਜ ਸੀ ਉਨ੍ਹਾਂ ਦੇ ਭਲਾਈ ਦੇ ਕੰਮਾਂ ਵਿਚ ਕਾਲਜ ਖੋਲ੍ਹਣੇ, ਡਿਸਪੈਂਸਰੀਆਂ ਖੋਲ੍ਹਣੀਆਂ, ਅੱਖਾਂ ਦੇ ਹਸਪਤਾਲ ਖੋਲ੍ਹਣੇ ਇਹ ਤਾਂ ਚਲਦੇ ਰਹੇ ਹੋਰ ਵਾਤਾਵਰਣ ਦਾ ਸੰਤੁਲਨ ਰੱਖਣ ਦੇ ਹੋਰ ਕਈ ਪ੍ਰੋਗਰਾਮ ਤਾਂ ਸ਼ੁਰੂ ਕਰਾਏ ਹੀ ਕਰਾਏ ਪਰ ਹਸਪਤਾਲ ਤਾਂ ਅੱਜ ਤਕ ਦੇ ਕਾਰਜਾਂ ਵਿਚੋਂ ਸਭ ਤੋਂ ਵੱਡਾ ਤੇ ਮਹੱਤਵਪੂਰਣ ਕਾਰਜ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸਵਾਮੀ ਜੀ ਸੰਸਾਰ ਭਰ ਵਿਚ ਵਜੀਫੇ ਦਿੰਦੇ ਰਹੇ ਹਨ, ਇਹ ਗੱਲਾਂ ਤਾਂ ਲੋਕਾਂ ਨੂੰ ਪਤਾ ਵੀ ਨਹੀਂ, ਸ਼ਾਇਦ ਲਗਣਾ ਵੀ ਨਹੀਂ ਚਾਹੀਦਾ। ਚਾਰ ਅਮਰੀਕਨ ਵਿਦਿਆਰਥੀਆਂ ਦਾ ਤਾਂ ਮੈਨੂੰ ਪਤਾ ਹੈ ਜਿਨ੍ਹਾਂ ਲਈ ਸਵਾਮੀ ਜੀ ਨੇ ਪੈਸੇ ਖਰਚੇ। ਸਵਾਮੀ ਜੀ ਟਰੱਸਟ ਬਨਾਉਣੇ ਜਾਣਦੇ ਸੀ ਹੋਰ ਬਹੁਤ ਸਾਰੀਅੰ ਚੀਜ਼ਾਂ ਦੇ ਸੰਗਠਨ ਕਰਨਾ ਜਾਣਦੇ ਸੀ, ਬੰਦੋਬਸਤ ਕਰਨਾ, ਸੰਭਾਲ ਕਰਨੀ, ਸਵਾਮੀ ਜੀ ਲਈ ਓਨੀ ਹੀ ਸੌਖਈ ਸੀ ਜਿੰਨਾਂ ਪਿਆਰ ਨਾਲ ਬੱਚਿਆਂ ਨੂੰ ਰਿਝਾਉਣਾ। ਸਵਾਮੀ ਜੀ ਉਚੀ ਕੋਟੀ ਦੇ ਆਰਟਿਸਟ ਰਹੇ ਹਨ ਉਨ੍ਹਾਂ ਨੇ ਕਈ ਆਰਟਿਸਟਾਂ ਨੂੰ ਵੀ ਸਪਾਨਸਰ ਕੀਤਾ, ਪੈਸੇ ਦਿਤੇ ਜਿਹੜੇ ਕਦੇ ਮੁੜ ਕੇ ਲਏ ਨਹੀਂ। ਕਈ ਸਿਆਸਤਦਾਨਾਂ ਦੀ ਸਹਾਇਤਾ ਕੀਤਾ, ਵਪਾਰ ਵਾਲਿਆਂ ਦੀ ਸਹਾਇਤਾ ਕੀਤੀ। ਭਗਤਾਂ ਦੀ ਤਾਂ ਕੀਤੀ ਹੀ ਕੀਤੀ। ਸਵਾਮੀ ਜੀ ਨੂੰ 'ਭਾਰਤ ਰਤਨ ਅਵਾਰਡ ਵੀ ਮਿਲਿਆ, ਇਹ ਉਨ੍ਹਾਂ ਦੀ ਵਿਗਿਆਨਕ ਖੋਜ ਜਿਹੜਾ ਮਨੁੱਖਤਾ ਦੀ ਭਲਾਈ ਲਈ ਕੀਤੀ। ਉਸ ਲਈ ਮਿਲਿਆ ਸੀ, ਪਰ ਸਵਾਮੀ ਜੀ ਨੇ ਇਹ ਪ੍ਰਭਤਾ ਲੈਣ ਤੋਂ ਮਨ੍ਹਾ ਕਰ ਦਿਤਾ।

ਸਵਾਮੀ ਜੀ ਆਕਸਫੋਰਡ ਪੜ੍ਹੇ, ਜਰਮਨੀ ਪੜ੍ਹੇ, 56 ਤੋਂ ਵੱਧ ਦੇਸਾਂ ਵਿਚ ਜਾ ਕੇ ਸਵਾਮੀ ਜੀ ਨੇ ਲੈਕਚਰ ਕੀਤੇ। ਰੋਡ ਇੰਜਨੀਅਰ ਦਾ ਸਰਟੀਫਿਕੇਟ ਉਨ੍ਹਾਂ ਕੋਲ ਸੀ। ਸਵਾਮੀ ਜੀ ਉਚ ਕੋਟੀ ਦੇ ਖਾਣਾ ਪਕਾਣ ਵਾਲਿਆਂ ਵਿਚੋਂ ਸੀ। ਪੋਲੋ ਖੇਡਣ ਦੇ ਸ਼ੌਕੀਨ ਸੀ। ਸਾਰੀ ਉਮਰ ਪੈਦਲ ਟੁਰ ਕੇ ਥਾਂ-ਥਾਂ ਜਾਂਦੇ ਰਹੇ। ਬਾਗਬਾਨੀ ਉਨ੍ਹਾਂ ਦਾ ਇਕ ਸ਼ੋਕ ਸੀ। ਲੋਕਾਂ ਨੂੰ ਸਪਾਨਸਰ ਕੀਤਾ। ਉਨ੍ਹਾਂ ਲਈ ਨੌਕਰੀਆਂ ਲੱਭੀਆਂ। ਕਈ ਖੇਡਾਂ ਖੇਡਦੇ ਸੀ। ਸਵਾਮੀ ਜੀ ਕਵਿਤਾ ਲਿਖਦੇ ਸੀ। ਅਨੇਕਾਂ ਕਿਤਾਬਾਂ ਲਿਖੀਆਂ। ਯੋਗਾ ਤੇ ਮਨੋਵਿਗਿਆਨ ਤੇ ਫਿਲੋਸਫੀ ਤੇ ਅਧਿਆਤਮਵਾਦ ਤੇ ਸੰਗੀਤ ਤੇ ਰਤਨਾ ਤੇ ਜਵਾਹਰਾਤ ਦੇ ਉਚ ਕੋਟੀ ਦੇ ਪਾਰਖੂ।

ਟੌਮ ਮੈਨੂੰ ਮਾਫ ਕਰੀਂ, ਇਹ ਜੋ ਕੁਝ ਮੈਂ ਦੱਸਿਆ ਹੈ ਇਹ ਸਵਾਮੀ ਜੀ ਦੀਆਂ ਕੁਝ ਇਕ ਪ੍ਰਾਪਤੀਆਂ ਹਨ ਕੁਝ ਇਕ ਮਾਨਵਤਾ ਨੂੰ ਦੇਣ ਹੈ। ਮੈਨੂੰ ਬਹੁਤ ਥੋੜ੍ਹਾ ਜਿਹਾ ਹੀ ਪਤਾ ਹੈ ਪਰ ਮੈਨੂੰ ਇਸ ਗੱਲ ਦਾ ਪੂਰਾ-ਪੂਰਾ ਵਿਸ਼ਵਾਸ਼ ਹੈ ਕਿ ਸਵਾਮੀ ਜੀ ਇਕ ਬਹੁਤ ਹੀ ਉਚੀ ਹਸਤੀ ਸੀ ਤੇ ਉਹ ਤਿੰਨਾਂ ਲੋਕਾਂ ਦੇ ਮਾਲਕ ਸਨ।

ਉਹ ਹੌਲੀ ਹੌਲੀ ਆਪਣਾ ਸਿਰ ਹਿਲਾਣ ਲਗ ਪਿਆ ਤੇ ਕਹਿਣ ਲੱਗਾ ਮੈਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਸਵਾਮੀ ਜੀ ਐਡੀ ਉਚੀ ਹਸਤੀ ਸੀ ਤੇ ਫੇਰ ਉਹ ਉਚੀ ਸਾਰੀ ਕਹਿਣ ਲੱਗਾ, ਸਵਾਮੀ ਸੱਚਮੁੱਚ ਹੀ ਸਭ ਕੁੱਝ ਤੋਂ ਉਤੇ ਸੀ ਤੇ ਫੇਰ ਮੇਜ਼ ਤੇ ਹੱਥ ਮਾਰ ਕੇ ਕਹਿਣ ਲੱਗਾ ਸੱਚਮੁੱਚ ਹੀ ਉਹ ਬਹੁਤ ਉਚੇ ਸੀ।

ਬਹੁਤ ਸਾਰੇ ਗੁਰੂ ਜਨ ਅਧਿਆਤਮ ਮਾਰਗ ਤੇ ਚੱਲਣ ਵਾਲੇ ਆਪਣੇ ਭਗਤਾਂ ਲਈ ਬਹੁਤ ਕੁਝ ਕਰ ਦਿੰਦੇ ਹਨ ਪਰ ਆਪ ਪਿਛੇ ਹੀ ਰਹਿੰਦੇ ਹਨ ਆਪ ਉਸ ਦੇ ਭਾਗੀਦਾਰ ਨਹੀਂ ਬਣਦੇ। ਆਪਣੇ ਆਪ ਗੰਦ ਵਿਚ ਨਹੀਂ ਲਿਬੜਦੇ ਪਰ ਸਵਾਮੀ ਜੀ ਤਾਂ ਹਰ ਭਗਤ ਦੇ ਜੀਵਨ ਵਿਚ ਉਤਰੇ ਉਸ ਦਾ ਸਾਰਾ ਗੰਦ ਧੋਤਾ ਆਪਣੇ ਉਤੇ ਲਿਆ। ਟੋਮ ਕਹਿਣ ਲੱਗਾ, ਜਸਟਿਨ, ਸਵਾਮੀ ਜੀ ਅੱਜ ਦੇ ਸਮੇਂ ਸਭ ਤੋਂ ਉਚੇ ਯੋਗੀ ਹੋਏ ਹਨ। ਮੈਨੂੰ ਮਾਫ ਕਰਨਾ ਪਰ ਸਵਾਮੀ ਜੀ ਦਾ ਜੀਵਨ ਐਸਾ ਹੈ ਜੋ ਨਾ ਪਹਿਲਾਂ ਹੋਇਆ ਹੈ ਤੇ ਨਾ ਹੀ ਸ਼ਾਇਦ ਹੋਣਾ ਹੈ।

ਬਿਲਕੁਲ ਠੀਕ ਹੈ, ਮੇਰਾ ਜੀ ਕਰ ਰਿਹਾ ਸੀ ਕਿ ਮੈਂ ਉਠ ਕੇ ਉਸ ਨੂੰ ਜੱਫੀ ਪਾ ਲਵਾਂ, ਮੈਨੂੰ ਲਗ ਰਿਹਾ ਸੀ ਇਹ ਇਕ ਸੱਚਾ ਭਗਤ ਹੈ, ਟੌਮ ਆਪਣੇ ਰਸਤੇ ਤੇ ਪੂਰਾ ਸੱਚਾ ਸੁੱਚਾ ਮਨੁੱਖ ਹੈ, ਮੈਨੂੰ ਆਮ ਤੌਰ ਤੇ ਆਪਣੇ ਸੁਪਨੇ ਸੁਣਾਇਆ ਕਰਦਾ ਸੀ ਤੇ ਦਸਦਾ ਸੀ ਕਿਵੇਂ ਸੁਪਨੇ ਉਸਦਾ ਮਾਰਗ ਦਰਸ਼ਨ ਕਰਦੇ ਹਨ।

ਮੈਂ ਕਿਹਾ ਸਵਾਮੀ ਜੀ ਜੋ ਬਚਨ ਕਰਦੇ ਸੀ ਉਹ ਬਚਨ ਉਨ੍ਹਾਂ ਨੇ ਜੀ ਕੇ ਦਿਖਾਏ, ਆਪਣੇ ਜੀਵਨ ਵਿਚ ਉਤਾਰੇ। ਮੈਂ ਸਾਰੇ ਸਮੇਂ ਇਹ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ ਕਿ ਕੋਈ ਤਾਂ ਸਵਾਮੀ ਜੀ ਦੀ ਗਲਤੀ ਹੋਵੇ, ਕਿਤੇ ਤਾਂ ਸਵਾਮੀ ਜੀ ਕਮਜ਼ੋਰ ਹੋਣ। ਮੈਂ ਕੋਈ ਕਮੀ, ਕੋਈ ਗਲਤੀ ਕਦੀ ਨਹੀਂ ਪਕੜ ਸਕਿਆ, ਦੇਖ ਸਕਿਆ। ਉਨ੍ਹਾਂ ਨੇ ਬੜੇ ਹੀ ਮਨੋਵੇਗ ਨਾਲ ਜੀਵਨ ਜੀਆ। ਪਿਛਲੇ ਕੁਝ ਸਾਲਾਂ ਵਿਚ ਜਦੋਂ ਉਹ ਭਾਰਤ ਗਏ। ਉਸ ਤੋਂ ਪਹਿਲਾਂ

ਮੈਨੂੰ ਕਹਿਣ ਲੱਗ ਪਏ, ਜਸਟਿਨ ਪਿਆਰ ਕਰੋ, ਜੀਵਨ ਨੂੰ ਪਿਆਰ ਕਰੋ।

ਮੈਂ ਮਹਾਂਪੁਰਖਾਂ ਕੋਲੋਂ ਬਹੁਤ ਕੁਝ ਸੁਣਿਆ ਹੋਇਆ ਸੀ ਪਰ ਇਹ ਗੱਲ ਤਾਂ ਜਿਵੇਂ ਮੇਰੇ ਖੁਬ ਗਈ ਹੋਵੇ, ਮੈਨੂੰ ਲੱਗਾ ਕਿ ਬੰਦੇ ਦੇ ਅੰਦਰ ਕੁਝ ਹੈ ਕੁਝ ਹੈ ਜੋ ਮੈਨੂੰ ਸਿੱਖਣ ਦੀ ਲੋੜ ਹੈ, ਮੈਂ ਸੋਚਦਾ ਰਿਹਾ, ਕਿਵੇਂ ਕੋਈ ਪਿਆਰ ਕੇਵਲ ਪਿਆਰ ਹੀ ਕਰ ਸਕਦਾ ਹੈ। ਮੈਨੂੰ ਇਸ ਗੱਲ ਦਾ ਭਾਵ ਹੀ ਸਮਝ ਨਹੀਂ ਸੀ ਆਉਂਦਾ। ਮੈਂ ਇਹ ਭਾਵ ਕਵਿਤਾ ਵਿਚ ਲਿਖੇ। ਇਕ ਦਿਨ ਮੈਡੀਟੇਸ਼ਨ ਕਰਦਿਆਂ ਮੇਰਾ ਦਿਮਾਗ ਫੇਰ ਪਿਆਰ ਤੇ ਚਲਾ ਗਿਆ। ਮੈਂ ਫੇਰ ਏਸ ਗੱਲ ਨੂੰ ਸੋਚਣ ਲਗ ਪਿਆ, ਮੈਂ ਸਵਾਮੀ ਜੀ ਦਾ ਜੀਵਨ ਇਕ-ਇਕ ਕਰਕੇ ਫੇਰ ਦੇਖਣਾ ਸ਼ੁਰੂ ਕਰ ਦਿਤਾ ਤੇ ਮੈਂ ਦੇਖਿਆ ਜੋ ਕੁਝ ਵੀ ਸਵਾਮੀ ਜੀ ਨੂੰ ਜੀਵਨ ਵਿਚ ਮਿਲਦਾ ਗਿਆ। ਸਵਾਮੀ ਜੀ ਜੱਫੀ ਪਾਉਂਦੇ ਗਏ ਜੋ ਕੁਝ ਮਿਲਿਆ ਪਿਆਰ ਨਾਲ ਉਸ ਨੂੰ ਸਿਰ ਮੱਥੇ ਤੇ ਰੱਖਿਆ ਜੋ ਸਮਸਿਆਵਾਂ ਆਈਆਂ ਜੋ ਔਕੜਾਂ ਆਈਆਂ ਸਭ ਕਾਸੀ ਨੂੰ ਪਿਆਰ ਨਾਲ ਕਬੂਲਦੇ ਰਹੇ ਤੇ ਪਿਆਰ ਕਰਦੇ ਰਹੇ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਇਕ ਮਾਂ ਆਪਣੇ ਸਾਰੇ ਬੱਚਿਆਂ ਨੂੰ ਪਿਆਰ ਕਰਦੀ ਹੈ, ਮੈਂ ਮਹਿਸੂਸ ਕੀਤਾ ਕਿ ਕੋਈ ਵੀ ਇਸ ਤਰ੍ਹਾਂ ਨਹੀਂ ਰਹਿ ਸਕਦਾ, ਜਦੋਂ ਤਕ ਕੋਈ ਪੂਰੀ ਤਰ੍ਹਾਂ ਨਾਲ ਨਿਰਭੈ ਨਾ ਹੋਵੇ।

ਟੌਮ ਕਹਿਣ ਲੱਗਾ, ਸਵਾਮੀ ਜੀ ਤਾਂਤਰਿਕ ਸੀ ਮੈਂ ਕਿਹਾ ਸਵਾਮੀ ਜੀ ਆਤਮਾ ਤੇ ਪਰਮਾਤਮਾ ਤੇ ਭੌਤਿਕ ਪਦਾਰਥਾਂ ਬਾਰੇ ਵੀ ਓਨੇ ਹੀ ਚੰਗੀ ਤਰ੍ਹਾਂ ਜਾਣੂ ਸਨ ਤੇ ਸਭ ਕਾਸੀ ਦੇ ਅੰਤਰ ਨੂੰ ਬਹੁਤ ਹੀ ਬਾਰੀਕੀ ਨਾਲ ਜਾਣਦੇ ਸੀ। ਸਵਾਮੀ ਜੀ ਸਭ ਦਾ ਸਤਿਕਾਰ ਕਰਦੇ ਸੀ ਤੇ ਉਹ ਵੀ ਸਵਾਮੀ ਜੀ ਨੂੰ ਆ ਕੇ ਸਭ ਕੁਝ ਦੱਸ ਦਿੰਦੇ ਸੀ। ਸਵਾਮੀ ਜੀ ਪੂਰਨ ਬ੍ਰਹਮਗਿਆਨੀ ਸੀ ਜਿਸ ਕਰਕੇ ਸਾਰਾ ਬ੍ਰਹਿਮੰਡ ਉਨ੍ਹਾਂ ਦੀ ਝੋਲੀ ਵਿਚ ਸੀ, ਉਹ ਜੋ ਚਾਹੁੰਣ ਜਿਥੇ ਚਾਹੁੰਣ ਜਿਵੇਂ ਚਾਹੁੰਣ ਕਰ ਸਕਦੇ ਸੀ। ਮੈਂ ਸੋਚ ਰਿਹਾ ਸੀ, ਹਸਪਤਾਲ ਵਿਚ ਪੂਰੀ ਫੁਲਵਾੜੀ ਕਿਵੇਂ ਖਿਲ ਰਹੀ ਸੀ। ਉਹ ਸਮਰੱਥ ਸੀ ਉਚ ਕੋਟੀ ਦੇ ਭਗਤ ਸੀ, ਯੋਗੀ ਸੀ, ਉਹ ਦੁਰਗਾ ਦੇ, ਸਰਸਵਤੀ ਦੇ, ਤਾਰਾ ਤੇ ਕਈ ਹੋਰ ਦੇਵੀਆਂ ਦੇ ਪੁਜਾਰੀ ਸੀ। ਉਹ ਕਹਿੰਦੇ ਸੀ ਜੋ ਉਨ੍ਹਾਂ ਨੂੰ ਮਿਲਿਆ ਗੁਰੂ ਦੀ ਬਖਸ਼ਿਸ਼ ਨਾਲ ਮਿਲਿਆ। ਮਾਂ ਦੀ ਬਖਸ਼ਿਸ਼ ਗੁਰੂਦੇਵ ਦੀ ਬਖਸ਼ਿਸ਼, ਪ੍ਰਮਾਤਮਾ ਦੀ ਬਖਸ਼ਿਸ਼ ਗੁਰੂ ਨੇ ਉਨ੍ਹਾਂ ਨੂੰ ਪਾਤਰ ਬਣਾਇਆ ਤੇ ਬਖਸ਼ਿਸ਼ ਹੋਈ।

ਲਗ ਰਿਹਾ ਸੀ ਅਸੀਂ ਦੋਨੋਂ ਬੋਲ-ਬੋਲ ਕੇ ਥੱਕ ਗਏ ਹੋਈਏ। ਅਸੀਂ ਦੋਨਾਂ ਨੇ ਇਕ ਦੂਸਰੇ ਵਲ ਦੇਖਿਆ ਫੇਰ ਮੈਂ ਕਿਹਾ, ਟੌਮ ਤੈਨੂੰ ਪਤਾ ਸਵਾਮੀ ਜੀ ਦੀ ਸਿਖਿਆ ਕਾਰਨ ਮੈਂ ਪੂਰੀ ਤਰ੍ਹਾਂ ਸੰਪੂਰਨ ਤਰੀਕੇ ਦੀ ਤਾਂਤਰਿਕ ਵਿਧੀ ਨਾਲ ਸਿਧਾਂਤ ਬਣਾ ਕੇ ਪੜ੍ਹਾ ਰਿਹਾ ਹਾਂ ਮੈਂ ਈਸਾਈਆਂ ਬਾਰੇ ਪੜ੍ਹਿਆ, ਉਨ੍ਹਾਂ ਦੇ ਗ੍ਰੰਥ ਪੜ੍ਹੇ ਉਨ੍ਹਾਂ ਨੂੰ ਸਮਝਿਆ।

ਅਸੀਂ ਅਲਵਿਦਾ ਕਹਿ ਕੇ ਆਪਣੇ-ਆਪਣੇ ਰਸਤੇ ਤੁਰ ਪਏ।

## ਪੁਨਰ ਵਿਚਾਰ

ਮੇਰੀ ਕਹਾਣੀ ਖਤਮ ਹੋਣ ਤੇ ਆ ਰਹੀ ਹੈ, ਪਰ ਮੈਂ ਇਹ ਕਹਿ ਸਕਦਾ ਹਾਂ ਕਿ ਇਹ ਇਕ ਪੱਧਰ ਦੀ ਕਹਾਣੀ ਹੈ ਪਰ ਮੈਂ ਪਾਠਕਾਂ ਨਾਲ ਕੁਝ ਪੁਨਰ ਵਿਚਾਰ ਸਾਂਝੇ ਕਰਨਾ ਚਾਹੁੰਦਾ ਹਾਂ, ਉਹ ਵਿਚਾਰ ਜੋ ਸਵਾਮੀ ਜੀ ਦੀ ਮਾਨਵਤਾ ਨੂੰ ਵਿਗਿਆਨ ਪੱਖੋਂ ਦੇਣ ਹੈ ਜੋ ਉਨ੍ਹਾਂ ਦੇ ਜੀਵਨ ਦੀ ਦੇਣ ਹੈ। ਇਹ ਦੋਨੋਂ ਆਕਾਰੀ ਪੱਖੋਂ ਵੀ ਤੇ ਜੋ ਕੁਝ ਵੀ ਲੈਬੋਰੇਟਰੀ ਵਿਚ ਹੋਈਆਂ ਹਨ ਉਹ ਵੀ ਨਿੱਜੀ ਜੀਵਨ ਦੇ ਵੀ ਇਹ ਦੋਨੋਂ ਹੀ ਬਹੁਤ ਹੀ ਮਹੱਤਵਪੂਰਨ ਹਨ।

ਜਦੋਂ ਤਕ ਅਸੀਂ ਇਨ੍ਹਾਂ ਘਟਨਾਵਾਂ ਦਾ ਪਿਛੋਕੜ ਨਾ ਜਾਣ ਜਾਈਏ ਇਨ੍ਹਾਂ ਦੇ ਕਾਰਣ ਨਾ ਜਾਣ ਜਾਈਏ, ਉਦੋਂ ਤਕ ਇਹ ਇਕ ਕਥਾਵਾਂ ਹੀ ਬਣ ਕੇ ਰਹਿ ਜਾਣਗੀਆਂ। ਇਹ ਦੇਖਣਯੋਗ ਹੈ ਕਿ ਵਿਗਿਆਨਕ ਨੇ ਉਨ੍ਹਾਂ ਤਜਰਬਿਆਂ ਬਾਰੇ ਕੀ ਕਿਹਾ ਜਿਹੜੇ ਸਵਾਮੀ ਰਾਮ ਨੇ ਕੀਤੇ, ਉਨ੍ਹਾਂ ਦੇ ਜੰਤਰਾਂ ਨਾਲ ਜਿਹੜੇ ਤਜਰਬੇ ਹੋਏ ਜਿਵੇਂ Thermistor Reading, Printed brain wave pattern, blood pressure calculations heart rate recordings X ray of rooms through waxed eye ਕਿੰਨੀਆਂ ਅਚੰਭੇ ਵਾਲੀਆਂ ਘਟਨਾਵਾਂ ਹਨ ਇਨ੍ਹਾਂ ਵਿਚੋਂ ਬਹੁਤ ਸਾਰੇ ਤਜਰਬਿਆਂ ਦੇ ਰਿਜ਼ਲਟ Menningor Institute ਕੋਲ ਬੰਦ ਹੀ ਪਏ ਹਨ, ਆਸ ਹੈ ਇਕ ਦਿਨ ਜ਼ਰੂਰ ਇਹ ਰਿਜ਼ਲਟ ਖੋਲ੍ਹਣਗੇ। ਮੈਂ ਤਾਂ ਐਨਾ ਹੀ ਕਹਿੰਦਾ ਹਾਂ ਸਵਾਮੀ ਜੀ ਉਚੇ ਸੀ, ਉਚੇ ਹਨ ਤੇ ਰਹਿਣਗੇ।

ਏਨੇ ਉਚੇ ਹੁੰਦੇ ਹੋਏ ਉਹ ਇਕ ਆਮ ਮਨੁੱਖ ਦੀ ਤਰ੍ਹਾਂ ਸਾਡੇ ਵਿਚ ਤੁਰਦੇ ਫਿਰਦੇ ਰਹੇ। ਕਿਵੇਂ ਉਹ ਸਾਡੇ ਵਿਚ ਕੰਮ ਕਰਦੇ ਰਹੇ ਉਨ੍ਹਾਂ ਦਾ ਮਿਸ਼ਨ ਹੀ ਬਹੁਤ ਉਚਾ ਸੁੱਚਾ ਸੀ ਉਨ੍ਹਾਂ ਦੇ ਜੀਵਨ ਬਾਰੇ ਦੱਸਣ ਲਈ ਸਾਨੂੰ ਪੁਰਾਤਨ ਮਿਥਿਆਹਸਕ ਮਹਾਂਪੁਰਖਾਂ ਦੇ ਜੀਵਨ ਬਾਰੇ ਸੋਚਣਾ ਪੈਣਾ ਹੈ ਉਨ੍ਹਾਂ ਦੇ ਜੀਵਨ ਕੱਢ ਕੇ ਉਸ ਨਾਲ ਤੁਲਨਾ ਕਰਨੀ ਪੈਣੀ ਹੈ। ਸਵਾਮੀ ਜੀ ਨੇ ਅਮੀਰਾਂ ਗਰੀਬਾਂ ਨੂੰ ਇਕੋ ਤਰ੍ਹਾਂ ਦੇਖਿਆ ਉਨ੍ਹਾਂ ਦੇ ਸ਼ਬਦ ਅੱਜ ਵੀ ਸਾਡੇ ਦਿਲਾਂ ਵਿਚ ਗੂੰਜਦੇ ਹਨ ਉਨ੍ਹਾਂ ਦੇ ਬਚਨ ਅੱਜ ਵੀ ਓਨੇ ਹੀ ਤਾਜ਼ੇ, ਓਨੇ ਹੀ ਸੱਚੇ ਹਨ ਜਿੰਨੇ ਉਦੋਂ ਸੀ ਉਨ੍ਹਾਂ ਨੇ ਤਾਰਿਆਂ ਦਾ

ਦੱਸਿਆ, ਸਾਗਰਾਂ ਦਾ ਦੱਸਿਆ, ਆਪਣੀ ਕਵਿਤਾ ਵਿਚ ਉਨ੍ਹਾਂ ਜੰਗਲਾਂ ਦਾ ਸੁਹੱਪਣ ਦੱਸਿਆ। ਸਾਨੂੰ ਸਾਡੇ ਕੰਮਾਂ ਕਾਰਾਂ ਵਿਚੋਂ ਕੱਢਿਆ। ਸਾਨੂੰ ਰੋਜ਼ ਦੇ ਜੀਵਨ ਦੇ ਖਿਚਾਓ ਤਨਾਓ ਵਿਚੋਂ ਕੱਢਿਆ। ਉਹ ਦੇਵਤਿਆਂ ਦਾ ਸੰਗੀਤ ਸੁਣਦੇ ਸੀ ਉਨ੍ਹਾਂ ਨਾਲ ਉਹ ਗਾਉਂਦੇ ਸੀ। ਸਵਾਮੀ ਜੀ ਦੇ ਲੈਕਚਰ ਸੁਣ ਕੇ ਅਸੀਂ ਵੀ ਜਿਵੇਂ ਬੈਕੁੰਠ ਪਹੁੰਚ ਜਾਂਦੇ ਸੀ।

ਸਵਾਮੀ ਜੀ ਦਾ ਸਭ ਤੋਂ ਵੱਡਾ ਮੰਤਵ ਸੀ ਸਾਨੂੰ ਜਗਾਉਣਾ, ਜਗਾ ਕੇ ਸਾਡੇ ਕੋਲੋਂ ਉਹ ਕੁਝ ਕਰਾਉਣਾ, ਉਹ ਬਣਾਉਣਾ ਜੋ ਸਾਨੂੰ ਬਣਨਾ ਚਾਹੀਦਾ ਹੈ। ਉਨ੍ਹਾਂ ਨੇ ਪਵਿੱਤਰਤਾ ਦੀਆਂ ਨਵੀਆਂ ਧੁਨਾਂ ਬਣਾਈਆਂ। ਉਨ੍ਹਾਂ ਨੂੰ ਵੱਖ-ਵੱਖ ਕੀਤਾ, ਉਹ ਆਪਣੇ ਭਗਤਾਂ ਨੂੰ ਜੀਵਨ ਬਾਰੇ ਸੁਚੇਤ ਕਰਦੇ ਸੀ, ਨਿਰਣਾ ਲੈਣਾ ਦਸਦੇ ਸੀ, ਏਧਰ ਓਧਰ ਟਾਲ ਮਟੋਲ ਕਦੀ ਵੀ ਉਨ੍ਹਾਂ ਨੂੰ ਚੰਗਾ ਨਹੀਂ ਸੀ ਲਗਦਾ। ਪਿਛਲੇ ਕੁਝ ਦੇਰ ਤੋਂ ਮੈਂ ਦੇਖਿਆ ਹੈ ਕਿ ਸਾਨੂੰ ਜੀਵਨ ਦੇ ਹਨ੍ਹੇਰੇ ਨੂੰ ਹੀ ਹਰ ਸਮੇਂ ਅੱਗੇ ਨਹੀਂ ਰੱਖਣਾ ਚਾਹੀਦਾ। ਸਾਨੂੰ ਜੀਵਨ ਸ਼ਕਤੀ ਜੀਵਨ ਦਾ ਸੋਹਣਾਪਣ, ਸਾਨੂੰ ਚੰਗਾ ਹੀ ਚੰਗਾ ਆਪਣੇ ਅੱਗੇ ਰੱਖਣਾ ਚਾਹੀਦਾ ਹੈ। ਸਵਾਮੀ ਜੀ ਦਾ ਕ੍ਰਿਸ਼ਮਾ ਸੀ, ਗਿਆਨ ਸੀ, ਅਨੰਦ ਸੀ ਇਕ ਸੁਤੰਤਰਤਾ ਸੀ ਇਹ ਸਭ ਨੇ ਦੇਖੀ ਹੈ। ਅਸੀਂ ਦੇਖ ਸਕੀਏ ਕਿ ਨਾ ਪਰ ਜਿਹੜੇ ਜਾਣਦੇ ਸੀ ਉਹ ਦੇਖਦੇ ਸੀ।

ਜਦੋਂ ਮੈਂ ਪਹਿਲੀ ਵਾਰੀ ਸਵਾਮੀ ਜੀ ਨੂੰ ਇਹ ਕਹਿੰਦੇ ਸੁਣਿਆ, ਤੁਹਾਡਾ ਸਾਰਾ ਸਰੀਰ ਤੁਹਾਡੇ ਮਨ ਵਿਚ ਹੈ, ਮਨ ਸਾਰਾ ਸਰੀਰ ਵਿਚ ਨਹੀਂ ਹੈ, ਮੈਂ ਤਾਂ ਇਕ ਦਮ ਖੁਸ਼ ਹੋ ਗਿਆ, ਮੈਨੂੰ ਹਮੇਸ਼ਾ ਲਗਦਾ ਸੀ ਕਿ ਮਨੁੱਖ ਦੇ ਮਨ ਦੇ ਮਨੁੱਖ ਦੀ ਚੇਤਨਤਾ ਦੀ ਕੋਈ ਸੀਮਾ ਨਹੀਂ ਹੈ। ਉਹ ਕੋਈ ਪੁਰਾਤਨ ਸਿਧਾਂਤ ਸੀ ਕਿ ਮਨੁੱਖ ਦਾ ਮਨ ਸੀਮਤ ਹੈ ਇਸ ਤਰ੍ਹਾਂ ਨਾਲ ਮੈਂ ਫਿਲੌਸਫੀ ਤੇ ਧਾਰਮਿਕ ਪੁਸਤਕਾਂ ਵਿਚ ਪੜ੍ਹਿਆ ਸੀ। ਇਸ ਗੱਲ ਨੇ ਜਿਵੇਂ ਮੇਰੇ ਕਪਾਟ ਖੋਲ੍ਹ ਦਿਤੇ ਹੋਣ, ਇਸ ਵਿਚ ਵਿਗਿਆਨਕ ਸਿਧਾਂਤ ਤੋਂ ਉਪਰ ਬਹੁਤ ਕੁਛ ਸੀ। ਇਹ ਇਕ ਉਹ ਆਧਾਰ ਸੀ ਜਿਸ ਤੇ ਜੀਵਨ ਦੇ ਪ੍ਰਯੋਗ ਹੋਏ ਹਨ। ਇਹ ਇਕ ਉਹ ਵਿਗਿਆਨਕ ਸਪਸ਼ਟੀਕਰਨ ਸੀ ਜਿਸ ਦੇ ਆਧਾਰ ਤੇ ਚੇਤਨਤਾ ਤੇ ਸਰੀਰ ਦੀ ਖੋਜ ਅੱਗੇ ਚਲਣੀ ਸੀ ਜਿਸ ਬਾਰੇ ਅੱਜ ਤਕ ਕੁਝ ਮਹੱਤਵਪੂਰਣ ਨਹੀਂ ਹੋ ਸਕਿਆ ਸੀ। ਸਵਾਮੀ ਜੀ ਨੇ ਇਕ ਚਿਰ ਸਥਾਈ ਸਤਿ ਕਿਹਾ ਸੀ ਜਿਸ ਦਾ ਉਨ੍ਹਾਂ ਨੇ ਅਨੁਭਵ ਕੀਤਾ ਸੀ, ਬੜੀ ਘਾਲਣਾ ਘਾਲ ਕੇ ਸਿਖਿਆ ਸੀ।

ਸਵਾਮੀ ਜੀ ਸਦਾ ਹੀ ਕਹਿੰਦੇ ਸੀ ਸਿੱਖਣ ਤੋਂ ਬਾਅਦ ਹੀ ਅਭਿਆਸ ਆਉਂਦਾ ਹੈ, ਅਭਿਆਸ ਤੋਂ ਬਾਅਦ ਹੀ ਉਹ ਤੁਹਾਡੇ ਅੰਦਰ ਇਕਮਿਕ ਹੋ ਕੇ ਸਮਾਅ ਜਾਂਦਾ ਹੈ ਤੇ ਉਸ ਉਪਰਾਂਤ ਹੀ ਅਨੁਭਵ ਹੁੰਦਾ ਹੈ। ਇਹ ਇਕ ਸਾਧਾਰਣ ਤਰੀਕਾ ਹੈ ਕਿਵੇਂ ਜਿਵੇਂ ਅਸੀਂ ਸਿਖਦੇ ਹਾਂ। ਅਸੀਂ ਆਪਣੇ ਆਪ ਨੂੰ ਉਸ ਅਵਸਥਾ ਵਿਚ ਰਖਦੇ ਹਾਂ, ਅਸੀਂ ਬਦਲਦੇ ਚਲੇ ਜਾਂਦੇ ਹਾਂ। ਇਹ ਮੈਨੂੰ ਸਪਸ਼ਟ ਹੋ ਗਿਆ ਕਿ ਪੁਰਾਤਨ ਤਰੀਕੇ ਨਾਲ ਜਦੋਂ ਸਰੀਰ ਤੇ ਮਨ ਨੂੰ ਇਕ ਕਰਕੇ ਆਤਮਾ ਨੂੰ ਨਾਲ ਮਿਲਾ ਕੇ, ਚੇਤਨਤਾ ਦਾ ਵਿਸਤਾਰ ਕੀਤਾ ਜਾਂਦਾ ਸੀ ਉਸ ਨਾਲ ਅੰਤਰ ਦੀਆਂ ਵਿਸ਼ੇਸ਼ਤਾਵਾਂ ਸਾਮ੍ਹਣੇ ਆ ਜਾਂਦੀਆਂ ਹਨ ਤੇ ਸਵਾਮੀ ਜੀ ਬੜੇ ਉਤਸ਼ਾਹ ਨਾਲ ਸਾਨੂੰ ਕਹਿੰਦੇ, ਮੈਂ ਕਰ ਲਿਆ ਹੈ ਤੇ ਤੁਸੀਂ ਵੀ ਕਰ ਸਕਦੇ ਹੋ।

ਜਦੋਂ ਵੀ ਸਵਾਮੀ ਜੀ ਜੀਵਨ ਬਾਰੇ ਬਚਨ ਕਰਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਦਸਦੇ। ਮਨੁੱਖ ਦੇ ਨਿਜੀ ਸੁਭਾਅ ਬਾਰੇ ਗੱਲਾਂ ਦਸਦੇ ਤਾਂ ਕਹਿੰਦੇ ਕਿ ਸੁਭਾਅ ਦੀਆਂ ਜੜ੍ਹਾਂ ਤਾਂ ਸੰਤਾਂ ਮਹਾਤਮਾ ਨੇ ਆਪਣੇ ਅੰਤਰ ਧਿਆਨ ਹੋ ਕੇ ਤੱਤ ਕੱਢੇ ਹਨ ਜਿਥੇ ਕੋਈ ਵਿਰਲਾ ਹੀ ਪਹੁੰਚਦਾ ਹੈ। ਸੰਤਾਂ ਦੇ ਬਚਨ ਤਾਂ ਕਿਤੇ ਵੀ ਗ੍ਰੰਥਾਂ ਵਿਚ ਵੀ ਨਹੀਂ ਲੱਭਦੇ ਮੈਂ ਉਹ ਬਚਨ ਕਮਾਏ ਹਨ, ਜੀਵਨ ਵਿਚ ਉਤਾਰੇ ਹਨ। ਸਵਾਮੀ ਜੀ ਨੇ ਆਪਣੇ ਗੁਰੂਦੇਵ ਦੇ ਬਚਨ ਕਮਾਏ ਹਨ ਉਨ੍ਹਾਂ ਨਾਲ ਉਹ ਜੀਵਨ ਜੀਏ ਹਨ। ਸਵਾਮੀ ਜੀ ਦਾ ਸਰੀਰ, ਮਨ, ਆਤਮਾ ਤਿੰਨੋ ਹੀ ਇਸ ਦੇ ਸਾਖਸ਼ੀ ਬਣ ਗਏ ਤੇ ਸਤਿ ਨੂੰ ਪ੍ਰਾਪਤ ਹੋਏ। ਇਹੋ ਹੀ ਕਾਰਣ ਸੀ ਕਿ ਉਹ ਇਕ ਅਨੁਭਵੀ ਹੋ ਕੇ ਬਚਨ ਕਰਦੇ ਸੀ, ਕਮਾਏ ਹੋਏ ਬਚਨ ਕਰਦੇ ਤੇ ਸਤਿ ਨੂੰ ਸਦਾ ਉਸ ਤਰ੍ਹਾਂ ਹੀ ਦਸਦੇ ਸੀ ਜਿਸ ਤਰ੍ਹਾਂ ਦੱਸਣਾ ਚਾਹੀਦਾ ਹੈ, ਉਨ੍ਹਾਂ ਨਹੀਂ ਰਿਸ਼ੀਆਂ ਮੁਨੀਆਂ ਦੇ ਉਚਾਰੇ ਬਚਨ ਇਕ ਵਿਸ਼ਵਾਸ਼ ਨਹੀਂ ਬਲਕਿ ਇਕ ਅੰਤਰ ਰਚੀ ਹੋਈ ਸਚਾਈ ਇਕ ਵਾਸਤਵਿਕਤਾ ਹੈ। ਸਵਾਮੀ ਜੀ ਦਾ ਜੀਵਨ ਇਕ ਸਚਾਈ, ਇਕ ਪਰਾਵਿਦਿਆ ਹੈ ਇਕ ਗੂੜ੍ਹ ਗਿਆਨ, ਇਕ ਡੂੰਘਾ ਗਿਆਨ ਹੈ ਜਿਹੜਾ ਸਾਰੀ ਹੋਂਦ ਨੂੰ ਚਾਨਣ ਦਿੰਦਾ ਹੈ, ਚਮਕਾ ਦਿੰਦਾ ਹੈ। ਸਵਾਮੀ ਜੀ ਨੇ ਸਾਨੂੰ ਇਹ ਸੁਨੇਹਾ ਦਿਤਾ ਸਾਨੂੰ ਆਪਣੇ ਪਿਛੇ-ਪਿਛੇ ਆਉਣ ਦੀ ਹਿੰਮਤ ਦਿਤੀ, ਆਗਿਆ ਦਿਤੀ ਪਰ ਕਿਸੇ ਨੂੰ ਇਸ ਹੁੰਗਾਰੇ ਦਾ ਜਵਾਬ ਨਹੀਂ ਦਿਤਾ ਸਾਨੂੰ ਸਵਾਮੀ ਜੀ ਨੇ ਐਨਾ ਸਮਰੱਥ ਬਖਸ਼ਿਆ ਕਿ ਅਸੀਂ ਹੁੰਗਾਰਾ ਭਰ ਸਕੀਏ।

ਸਵਾਮੀ ਜੀ ਕਹਿੰਦੇ ਸੀ ਕਿ ਲੋਕੀ ਤਾਂ ਵਿਸ਼ਵ ਨੂੰ ਦਲੀਲਾਂ ਦੇ ਗਜ਼ਾਂ ਨਾਲ ਤੇ ਬੁੱਧੀ ਦੇ ਗਜ਼ਾਂ ਨਾਲ ਨਾਪਦੇ ਹਨ। ਸਵਾਮੀ ਜੀ ਦੱਸਦੇ ਸੀ ਕਿ ਅਸੀਂ ਤ੍ਰੈਪਸਾਰੀ ਸੰਸਾਰ ਵਿਚ ਰਹਿੰਦੇ ਹਾਂ। ਸਵਾਮੀ ਜੀ ਕਹਿੰਦੇ ਸੀ ਕਿ ਇਕ ਸਭਿਆਚਾਰ ਦੇ ਆਧਾਰ ਤੇ ਅਸੀਂ ਵਿਗਿਆਨ ਪ੍ਰਯੋਗਾਂ ਦੀ

ਕਦਰ ਕਰਦੇ ਹਾਂ। ਸਵਾਮੀ ਜੀ ਕਹਿੰਦੇ ਸੀ ਕਿ ਪੱਛਮੀ ਲੋਕ ਬਹੁਤ ਹੀ ਸਾਧਾਰਣ ਲੋਕ ਹਨ, ਕੰਮ ਉਨ੍ਹਾਂ ਲਈ ਸਭ ਤੋਂ ਪਹਿਲੇ ਹੈ ਪਰ ਨਾਲ ਹੀ ਉਹ ਕਹਿੰਦੇ ਸੀ ਕਿ ਜਦੋਂ ਅਸੀਂ ਦਲੀਲ ਤੇ ਬੁੱਧੀ ਦੇ ਪੱਖੋਂ ਨਿਤਾਰੇ ਦੀ ਗੱਲ ਕਰਦੇ ਹਾਂ। ਸਾਡੇ ਕੋਲ ਸੰਸਾਰ ਦੇ ਉਤਮ ਲੋਕ ਹਨ। ਇਕ ਵਾਰੀ ਸਵਾਮੀ ਜੀ ਨੇ ਰੂਸੀਆਂ ਨੂੰ ਪੁਛਿਆ, ਜਦੋਂ ਤੁਹਾਡਾ ਪੰਜ ਸਾਲਾ ਪਲੈਨ ਪੂਰਾ ਹੋ ਜਾਏਗਾ ਕੀ ਤੁਸੀਂ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਓਗੇ? ਉਸ ਅਫਸਰ ਨੇ ਬਾਕੀ ਦੇ ਆਪਣੇ ਲੈਕਚਰ ਹੀ ਖਤਮ ਕਰ ਦਿਤੇ।

ਸਵਾਮੀ ਜੀ ਨੇ ਕਦੇ ਵੀ ਦਿਮਾਗ ਦੇ ਵਿਵੇਕ ਨੂੰ ਨਹੀਂ ਇਕ ਪਾਸੇ ਕੀਤਾ। ਕਦੀ ਵੀ ਉਸ ਨੂੰ ਹੇਠਾਂ ਨਹੀਂ ਦਿਖਾਇਆ, ਸਵਾਮੀ ਜੀ ਚਾਹੁੰਦੇ ਸੀ ਕਿ ਅਸੀਂ ਖੋਜ ਕਰਦੇ ਰਹੀਏ, ਜਦੋਂ ਤਕ ਸਾਡੇ ਜੀਵਨ ਦੇ ਪ੍ਰਸ਼ਨਾਂ ਦੇ ਉਤਰ ਨਾ ਮਿਲਣ। ਇਹ ਨਾ ਹੋਵੇ ਕਿ ਦਲੀਲ ਤੇ ਵਿਵੇਕ ਪ੍ਰਸ਼ਨਾਂ ਦੇ ਉਤਰ ਨਾ ਮਿਲਣ ਲੱਗੇ ਰਹਿਣਾ ਹੈ ਚਲਦੇ ਰਹਿਣਾ ਹੈ। ਤੁਹਾਡੇ ਪ੍ਰਸ਼ਨ ਤੁਹਾਡੇ ਦਿਮਾਗ ਦੇ ਵਿਵੇਕ ਵਿਚ ਆਏ ਹਨ, ਖੋਜੋ।

ਸਵਾਮੀ ਜੀ ਨੇ ਇਹ ਸਿੱਧ ਕੀਤਾ ਕਿ ਯੋਗਾ, ਹਿਮਾਲੀਆ ਦੀਆਂ ਸੰਪਰਦਾਵਾਂ ਨੂੰ ਜਾਂਚਿਆ ਜਾ ਸਕਦਾ ਹੈ। ਵਿਗਿਆਨ ਦੇ ਪੱਖੋਂ ਉਨ੍ਹਾਂ ਨੂੰ ਦੇਖਿਆ ਜਾ ਸਕਦਾ ਹੈ ਤੇ ਸਿੱਧ ਕੀਤਾ ਜਾ ਸਕਦਾ ਹੈ। ਸਵਾਮੀ ਜੀ ਨੇ ਦੱਸਿਆ ਸੀ ਕਿ ਉਹ ਕਿਵੇਂ ਸਰੀਰ ਤੇ ਮਨ ਨਾਲ ਇਕ ਸੀਮਾ ਤਕ ਲੱਗੇ ਰਹੇ ਜੂਝਦੇ ਰਹੇ, ਫੇਰ ਉਹ ਪ੍ਰਯੋਗਸ਼ਾਲਾ ਵਿਚ ਵੀ ਸਿੱਧ ਕੀਤਾ ਪਰ ਕਿਉਂਕਿ ਡਾਕਟਰੀ ਤੇ ਹੋਰ ਭੌਤਿਕ ਤਰੀਕੇ ਨਾਲ ਉਨ੍ਹਾਂ ਨੂੰ ਸਿੱਧ ਨਹੀਂ ਸੀ ਕੀਤਾ ਜਾ ਸਕਦਾ ਇਸ ਕਰਕੇ ਉਹ ਉਥੇ ਹੀ ਹੈ। ਇਕ ਦਾ ਕਾਰਣ ਇਹ ਹੈ ਕਿ ਵਿਵੇਕ ਤਰਕ ਤਾਂ ਕੇਵਲ ਚੇਤਨਤਾ ਦਾ ਇਕ ਬਹੁਤ ਛੋਟਾ ਜਿਹਾ ਹਿੱਸਾ ਹੀ ਵਰਤੋਂ ਵਿਚ ਲਿਆਉਂਦੇ ਹਨ। ਸਵਾਮੀ ਜੀ ਦੇ ਪ੍ਰਯੋਗਸ਼ਾਲਾ ਦੇ ਪ੍ਰਯੋਗ ਜਿਹੜੇ ਉਨ੍ਹਾਂ ਨੇ ਕੀਤੇ ਉਹ ਉਨ੍ਹਾਂ ਦੀ ਵਿਸ਼ਾਲ ਚੇਤਨਤਾ ਦੇ ਆਧਾਰ ਤੇ ਸੀ। ਸਵਾਮੀ ਜੀ ਨੇ ਮਨੁੱਖਈ ਸੁਭਾਅ ਨੂੰ ਇਕ ਨਵੀਂ ਪਰਿਭਾਸ਼ਾ ਦਿਤੀ ਵਿਗਿਆਨਕ ਪ੍ਰਯੋਗ ਦੇ ਆਧਾਰ ਤੇ ਦਿਤੀ ਪਰ ਉਨ੍ਹਾਂ ਨੇ ਲੈ ਕੇ ਸਵੀਕਾਰ ਕਰਨ ਤੋਂ ਮਨ੍ਹਾ ਕਰ ਦਿਤਾ। ਅੱਜ ਦੇ ਸੁੰਤਤਰਵਾਦ, ਮਾਨਵਵਾਦ ਦੇ ਹੁੰਦਿਆਂ ਸਵਾਮੀ ਜੀ ਨੇ ਇਹ ਸਿੱਧ ਕੀਤਾ, ਬ੍ਰਹਿਮੰਡ ਬੁੱਧੀ ਦੀ ਸੀਮਾ ਤੋਂ ਬਾਹਰ ਹੈ, ਇਸ ਤਰ੍ਹਾਂ ਕਹਿਣ ਨਾਲ ਵਿਗਿਆਨਕ ਸਵਾਮੀ ਜੀ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਣ ਲੱਗੇ।

ਜਿਹੜੇ ਪ੍ਰਯੋਗ ਸਵਾਮੀ ਜੀ ਨੇ ਪ੍ਰਯੋਗਸ਼ਾਲਾ ਵਿਚ ਕੀਤੇ ਹਨ ਉਹ ਪੂਰੀ ਤਰ੍ਹਾਂ ਨਾਲ ਕਦੀ ਵੀ ਵਿਗਿਆਨਕ ਅਦਾਰਿਆਂ ਵਿਚ ਨਹੀਂ ਆ ਸਕਦੇ, ਉਨ੍ਹਾਂ ਦਾ ਆਪਣਾ ਇਕ ਆਧਾਰ ਹੈ ਉਹ ਲੋਕ ਉਸ ਤੋਂ ਬਾਹਰ ਨਹੀਂ ਜਾ ਸਕਦੇ। ਫੇਰ ਵੀ ਇਹ ਕਿਹਾ ਜਾ ਸਕਦਾ ਹੈ ਜਿਹੜੇ ਪ੍ਰਯੋਗ ਸਵਾਮੀ ਜੀ ਨੇ ਰੋਜ਼ ਦੇ ਜੀਵਨ ਵਿਚ ਕਰਕੇ ਦਿਖਾਏ। ਲੋਕਾਂ ਦੇ ਸਾਮ੍ਹਣੇ ਕੀਤੀ ਉਹ ਵੀ ਬਹੁਤ ਹੀ ਉਚ ਕੋਟੀ ਦੇ ਹਨ ਉਹ ਸਤਿਕਾਰ ਦੇ ਕਾਬਲ ਹਨ। ਉਨ੍ਹਾਂ ਦਾ ਨਿਰੀਖਣ ਵੀ ਕੀਤਾ ਜਾ ਸਕਦਾ ਹੈ। 1970 ਤਕ ਵੀ ਦਵਾਈਆਂ ਦੇ ਖੋਜੀ ਤੇ ਡਾਕਟਰ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਸਰੀਰ ਦਾ ਇਕ ਹਿੱਸਾ ਜਾਂ ਇਕ ਸ਼ਾਖਾ ਦੂਸਰੇ ਤੋਂ ਪ੍ਰਭਾਵਿਤ ਹੁੰਦੀ ਹੈ ਪਰ ਜਦੋਂ ਮਨੋ ਸਰੀਰ ਦੀ ਖੋਜ਼ ਅੱਗੇ ਆਈ ਤਾਂ ਇਹ ਪ੍ਰਤੱਖ ਹੋ ਗਿਆ ਕਿ ਮਨ ਤੇ ਸਰੀਰ ਦੀਆਂ ਵੱਖ-ਵੱਖ ਸਾਖਾਵਾਂ ਇਕ ਦੂਸਰੇ ਲਈ ਕੋਈ ਵਖਰੇ ਨਹੀਂ ਹਨ ਪਰ ਇਹ ਤਾਂ ਹੱਥ ਪਾ ਕੇ ਚੱਲਣ ਵਾਲੇ ਸਾਥੀ ਹਨ, ਅੱਜ ਦਾ ਵਿਗਿਆਨ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਭੌਤਿਕ ਗੁਣਾਂ ਦੇ ਆਧਾਰ ਤੇ ਬਣਿਆ ਵਿਗਿਆਨ ਸਾਨੂੰ ਸਤਿ ਤਕ ਨਹੀਂ ਪਹੁੰਚਾ ਸਕਦਾ। ਮਨ ਦਾ ਇਕ ਉਹ ਭਾਗ ਹੈ ਜਿਹੜਾ ਇੰਦ੍ਰੀਆਂ ਤੋਂ ਉਪਰ ਹੋ ਕੇ ਕੰਮ ਕਰਦਾ ਹਾ। ਮੈਨੂੰ ਪਤਾ ਹੈ ਜਦੋਂ Armstrong ਚੰਦਰਮਾ ਤੇ ਪਹੁੰਚਿਆ। ਕਈ ਲੋਕਾਂ ਨੇ ਇਸ ਗੱਲ ਦਾ ਹਾਸਾ ਉਡਾਇਆ ਕਿਉਂਕਿ ਪੁਲਾੜ ਵਿਚ ਜਾਣਾ, ਲੋਕਾਂ ਦੀ ਸਮਝ ਤੋਂ ਬਾਹਰ ਹੈ, ਉਪਰ ਹੈ, ਉਨ੍ਹਾਂ ਲਈ ਇਸ ਨੂੰ ਮੰਨਣਾ ਬਹੁਤ ਹੀ ਔਖਾ ਸੀ। ਕਈ ਵਿਗਿਆਨਕ ਅੱਜ ਵੀ Newton ਨੂੰ ਹੀ ਮੰਨਦੇ ਹਨ ਉਨ੍ਹਾਂ ਨੇ Einstein ਨੂੰ ਨਹੀਂ ਮੰਨਿਆ।

ਜਦੋਂ ਅਨੁਭਵ ਤੋਂ ਕੁਝ ਪ੍ਰਾਪਤ ਹੁੰਦਾ ਹੈ, ਬਹੁਤ ਵਾਰੀ ਹਉਮੈ ਉਸ ਨੂੰ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ, ਭਾਵੇਂ ਜੋ ਕੁਝ ਵੀ ਪ੍ਰਾਪਤੀਆਂ ਕਿਉਂ ਨਾ ਹੋਣ। ਮਨ ਐਨਾ ਸਮਰਥ ਹੈ ਕਿ ਆਪਣੇ ਆਪ ਨੂੰ ਬਚਾ ਕੇ ਹੀ ਰੱਖਣਾ ਚਾਹੁੰਦਾ ਹੈ, ਆਪਣੇ ਆਪ ਨੂੰ ਪਰਸਪਰ ਵਿਰੋਧ ਤੋਂ ਦੂਰ ਰੱਖਣਾ ਚਾਹੁੰਦਾ ਹੈ। ਸਾਡਾ ਸੁਭਾਅ ਹੈ ਕਿ ਅਸੀਂ ਚੀਜ਼ਾਂ ਨੂੰ, ਸਤਿ ਨੂੰ ਆਪਣੇ ਅਨੁਸਾਰ ਤੋੜ ਮਰੋੜ ਕੇ ਹੀ ਸਵੀਕਾਰ ਕਰਦੇ ਹਾਂ। ਬਹੁਤ ਵਾਰੀ ਮਨ ਨੂੰ ਮਨੋਵਿਰਤੀ ਦੀ ਸਮੱਸਿਆ ਆਉਂਦੀ ਹੈ ਤੇ ਮਨ ਉਸਨੂੰ ਮੰਨਣ ਨੂੰ ਤਿਆਰ ਨਹੀਂ ਹੁੰਦਾ। ਜਦੋਂ ਇਕ ਨੋਬਲ ਇਨਾਮ ਪ੍ਰਾਪਤ ਕਰਨ ਵਾਲੇ ਨੂੰ ਇਹ ਪੁਛਿਆ ਕਿ ਉਸ ਨੇ ਇਹ ਕਿਵੇਂ ਸਿੱਧ ਕੀਤਾ ਕਿ ਬ੍ਰਹਿਮੰਡ, ਮਾਨਵਤਾ। ਇਹ ਸਭ ਕੁਝ ਇਕ ਘਟਨਾ ਹੀ ਹੈ ਤਾਂ ਉਸ ਨੂੰ ਪੁਛਿਆ ਗਿਆ ਕਿ ਉਹ ਇਸ ਨਿਰਣੇ ਤੇ ਕਿਵੇਂ ਪਹੁੰਚਿਆ। ਉਸ ਨੇ ਉਤਰ ਦਿਤਾ ਕਿ ਉਸ ਨੇ ਇਹ ਦੇਖਣ ਦੀ ਕੋਸ਼ਿਸ਼ ਹੀ ਨਹੀਂ

ਕੀਤੀ ਕਿ ਇਸ ਨੂੰ ਸਿੱਧ ਕਿਵੇਂ ਕੀਤਾ ਜਾ ਸਕਦਾ ਹੈ। ਉਸ ਨੇ ਕੋਈ ਵੀ ਡੀਜ਼ਾਈਨ, ਕੋਈ ਵੀ ਵਿਧੀ ਦੇਖਣ ਦੀ ਚੇਸ਼ਟਾ ਹੀ ਨਹੀਂ ਕੀਤੀ।

ਸਵਾਮੀ ਜੀ ਨੇ ਇਹ ਦੇਖ ਲਿਆ ਸੀ ਬਹੁਤ ਸਾਰੇ ਪੜ੍ਹੇ ਲਿਖੇ ਲੋਕ ਬੁੱਧਈਜੀਵੀ ਜਿਨ੍ਹਾਂ ਨੇ ਸਵਾਮੀ ਜੀ ਦੇ ਪ੍ਰਯੋਗ ਹੋਰ ਬਹੁਤ ਕੁਝ ਦੇਖ ਲਿਆ ਸੀ। ਉਹ ਦੇਖ ਕੇ ਵੀ ਦੇਖਣ ਨੂੰ ਤਿਆਰ ਨਹੀਂ ਸੀ ਉਨ੍ਹਾਂ ਦੀ ਮਨੋਵਿਰਤੀ ਹੀ ਨਹੀਂ ਮੰਨਣ ਨੂੰ ਤਿਆਰ ਸੀ। ਸਵਾਮੀ ਜੀ ਦਾ ਸਵੈ ਚਲਿਤ ਆਂਤਣੀ ਪ੍ਰਣਾਲੀ ਤੇ ਕਾਬੂ ਪਾ ਕੇ ਦਿਖਾ ਦੇਣਾ, ਇਸ ਪੁਲਾੜ ਤੋਂ ਉਤੇ ਉਠ ਕੇ ਗਿਆਨ ਦਾ ਪ੍ਰਗਟਾਵਾ ਕਰ ਦੇਣਾ ਭੌਤਿਕਤਾ ਦੇ ਕਾਨੂੰਨ ਤੋਂ ਉਪਰ ਉਠ ਜਾਣਾ ਇਹ ਸਭ ਕੁਝ ਉਨ੍ਹਾਂ ਨੂੰ ਮਨਜ਼ੂਰ ਹੀ ਨਹੀਂ ਸੀ, ਨਾ ਉਨ੍ਹਾਂ ਕੋਲ ਵਾਸਤਵਿਕਤਾ ਹੈ, ਨਾ ਹੀ ਸਤਿ ਜਿਸ ਕਾਰਣ ਉਹ ਮਨ ਹੀ ਨਹੀਂ ਸਕਦੇ ਉਨ੍ਹਾਂ ਕੋਲ ਤਾਂ ਕੇਵਲ ਹਉਮੈ ਹੀ ਹੈ ਜਿਹੜੀ ਉਨ੍ਹਾਂ ਨੂੰ ਮੰਨਣ ਨਹੀਂ ਦਿੰਦੀ। ਦੇਖ ਕੇ, ਮੰਨ ਕੇ ਆਪਣਾ ਵਿਸਤਾਰ ਕਰਨ ਦੀ ਜਗ੍ਹਾ ਉਹ ਤਾਂ ਹਉਮੈ ਵਿਚ ਲਿਪਤ ਹੋ ਕੇ ਆਪਣੇ ਆਪ ਨੂੰ ਸੀਮਤ ਹੀ ਰੱਖਣਾ ਚਾਹੁੰਦੇ ਹਨ।

ਤੁਸੀਂ ਲੋਕਾਂ ਨੂੰ ਬੇਵਕੂਫੀਆਂ ਤੋਂ ਹਟਾ ਨਹੀਂ ਸਕਦੇ। ਤੁਸੀਂ ਉਨ੍ਹਾਂ ਨੂੰ ਪੜ੍ਹਾ ਕੇ ਸੁਚੇਤ ਕਰ ਸਕਦੇ ਹੋ ਉਨ੍ਹਾਂ ਨੂੰ ਸਿੱਖਿਆ ਦੇ ਸਕਦੇ ਹੋ। ਸਵਾਮੀ ਜੀ ਕਹਿਣ ਲੱਗੇ ਇਹ ਸਭ ਕੁਝ ਜਾਣਦੇ ਹੋਏ ਸਵਾਮੀ ਜੀ ਨੇ ਬਹੁਤ ਵੱਡਾ ਬਦਲਾਵ ਲਿਆਂਦਾ। ਬਹੁਤ ਵੱਡੀ ਚੇਤਨਤਾ ਜਗਾਈ। ਲੋਕਾਂ ਦਾ ਬਹੁਤ ਸਤਿਕਾਰ ਕੀਤਾ। ਉਨ੍ਹਾਂ ਦੀ ਬਹੁਤ ਆਓ ਭਗਤ ਕੀਤੀ। ਸਵਾਮੀ ਜੀ ਐਨੇ ਉਤੇਜਿਤ ਹੋ ਜਾਂਦੇ ਕਿ ਕਿਵੇਂ ਉਹ ਛੇਤੀ ਤੋਂ ਛੇਤੀ ਵੱਧ ਤੋਂ ਵੱਧ ਦੂਸਰੇ ਦੀ ਸਹਾਇਤਾ ਕਰਨ ਤਾਂ ਜੋ ਉਹ ਆਪਣੇ ਆਪ ਨੂੰ ਜਾਣ ਸਕੇ, ਪਛਾਣ ਸਕੇ ਕਿ ਸਵਾਮੀ ਜੀ ਉਸ ਲਈ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ. ਇਕ ਦਿਨ ਦੁਪਹਿਰ ਨੂੰ ਸਵਾਮੀ ਜੀ ਮੈਨੀ ਪੁਲਿਸ ਦੇ ਇਕ ਹੋਟਲ ਦੇ ਮਾਲਕ ਨੂੰ ਮਿਲੇ। ਸਵਾਮੀ ਜੀ ਉਸ ਦੀ ਸਹਾਇਤਾ ਕਰਨ ਲੱਗੇ ਕਿ ਉਹ ਆਪਣਾ ਕੋਟ ਉਤਾਰੇ, ਉਹ ਦੁਖੀ ਜਿਹਾ ਹੋ ਗਿਆ। ਸਵਾਮੀ ਜੀ ਕਹਿਣ ਲੱਗੇ ਕੀ ਗੱਲ ਕੋਈ ਤਕਲੀਫ ਹੋ ਰਹੀ ਹੈ।

ਮੈਂ ਆਪਣਾ ਮਾਈਕਰੋਫੋਨ ਘਰ ਭੁੱਲ ਗਿਆ ਹਾਂ ਹੁਣ ਮੈਨੂੰ ਮੁੜ ਕੇ ਘਰ ਜਾ ਕੇ ਲਿਆਉਣਾ ਪਵੇਗਾ, ਬੜਾ ਦੁਖੀ ਹੋ ਕੇ ਉਹ ਇਹ ਜਵਾਬ ਦੇ ਰਿਹਾ ਸੀ।

ਉਸ ਦੀ ਹਾਲਤ ਦੇਖ ਕੇ ਤੇ ਇਹ ਦੇਖ ਕੇ ਉਹ ਵਾਪਸ ਜਾਣ ਨੂੰ ਤਿਆਰ ਹੈ, ਬਰਫ ਪੈ ਰਹੀ ਸੀ, ਸਵਾਮੀ ਜੀ ਕਹਿਣ ਲੱਗੇ, ਤੂੰ ਥੋੜ੍ਹੀ ਦੇਰ ਇੰਤਜ਼ਾਰ ਕਰ।

ਤੂੰ ਆਪਣਾ ਸਪੀਕਰ ਕਿਥੇ ਛੱਡਿਆ ਹੈ? ਸਵਾਮੀ ਜੀ ਪੁਛਣ ਲੱਗੇ।

ਆਪਣੇ ਸੌਣ ਵਾਲੇ ਕਮਰੇ ਵਿਚ, ਉਹ ਕਹਿਣ ਲੱਗਾ।

ਤੁਹਾਡਾ ਸੌਣ ਵਾਲਾ ਕਮਰਾ ਕਿੱਥੇ ਹੈ, ਉਪਰ ਦੀ ਮੰਜ਼ਲ ਤੇ ਪੌੜੀਆਂ ਦੇ ਨਾਲ, ਜਦੋਂ ਉਹ ਇਹ ਜਵਾਬ ਦੀ ਰਿਹਾ ਸੀ ਉਹ ਹੈਰਾਨ ਹੋ ਰਿਹਾ ਸੀ ਕਿ ਸਵਾਮੀ ਜੀ ਇਹ ਕਿਉਂ ਪੁੱਛ ਰਹੇ ਹਨ।

ਮਾਈਕਰੋਫੋਨ ਬਿਲਕੁਲ ਕਿੱਥੇ ਪਿਆ ਹੈ, ਤੁਹਾਡੇ ਸੌਣ ਵਾਲੇ ਕਮਰੇ ਵਿਚ, ਸਵਾਮੀ ਜੀ ਪੁੱਛਣ ਲੱਗੇ?

ਉਹ ਥੋੜ੍ਹਾ ਰੁਕਿਆ ਤੇ ਕਹਿਣ ਲੱਗਾ, ਉਹ ਡਰੈਸਿੰਗ ਟੇਬਲ ਤੇ ਉਪਰ ਪਿਆ ਟੇਬਲ ਦੱਖਣ ਪਾਸੇ ਖਿੜਕੀ ਕੋਲ ਹੈ।

ਉਹ ਸਵਾਮੀ ਜੀ ਨੂੰ ਕੁਝ ਪੁੱਛਣਾ ਚਾਹੁੰਦਾ ਸੀ। ਜਦੋਂ ਸਵਾਮੀ ਜੀ ਨੇ ਆਪਣਾ ਹੱਥ ਪਿਛੇ ਕੀਤਾ ਤੇ ਮੁਸਕਰਾਉਂਦੇ ਹੋਏ ਹੱਥ ਅੱਗੇ ਕਰਕੇ ਕਹਿਣ ਲੱਗੇ, ਇਹ ਹੀ ਹੈ ਤੁਹਾਡਾ ਮਾਈਕਰੋਫੋਨ?

ਉਹ ਵੈਸੇ ਡਾਕਟਰ ਸੀ ਉਹ ਹੈਰਾਨ ਹੋ ਗਿਆ ਤੇ ਸਵਾਮੀ ਜੀ ਵਲ ਦੇਖਣ ਲਗ ਪਿਆ ਫੇਰ ਉਸ ਨੇ ਆਪਣੇ ਸਪੀਕਰ ਤੇ ਲਗਾ ਲਿਆ ਤੇ ਬੜਾ ਠੰਢਾ ਸਾਹ ਭਰ ਕੇ ਸ਼ੁਕਰ ਵੀ ਕੀਤਾ। ਉਸ ਨੇ ਹੌਲੀ ਜਿਹੀ ਆਪਣਾ ਕੋਟ ਪਾਇਆ ਤੇ ਹੌਲੀ ਜਿਹੀ ਕਹਿਣ ਲੱਗਾ, ਮੈਂ ਇਹ ਨਹੀਂ ਦੇਖ ਸਕਦਾ, ਐਨਾ ਕਹਿ ਕੇ ਚਲਾ ਗਿਆ।

ਸਵਾਮੀ ਜੀ ਦਾ ਉਸ ਨੂੰ ਮਾਈਕਰੋਫੋਨ ਪ੍ਰਤੱਖ ਦੇਣਾ ਉਸ ਕੋਲੋਂ ਸਹਿਨ ਨਹੀਂ ਹੋਇਆ। ਉਹ ਰੁਕ ਨਹੀਂ ਸਕਿਆ ਪਰ ਇਸ ਘਟਨਾ ਨੂੰ ਉਹ ਸਾਰੀ ਉਮਰ ਨਹੀਂ ਭੁੱਲ ਸਕਦਾ। ਅਸੀਂ ਵੀ ਇਹ ਸੁਣ ਕੇ ਬੜੇ ਹੈਰਾਨ ਹੋਏ, ਜੇ ਅਸੀਂ ਤਰਕ ਨਾਲ ਕੋਈ ਚੀਜ਼ ਸਾਬਤ ਨਹੀਂ ਕਰ ਸਕਦੇ। ਇਸ ਡਾਕਟਰ ਨੂੰ ਇਹ ਤਰਕ ਨਾਲ ਸਿੱਧ ਕਰਕੇ ਨਹੀਂ ਦੱਸ ਸਕਦੇ। ਫੇਰ ਕੀ ਕੀਤਾ ਜਾਵੇ ਕਿਉਂਕਿ ਇਨ੍ਹਾਂ ਲੋਕਾਂ ਦੀ ਤਸੱਲੀ ਤਰਕ ਤੋਂ ਬਿਨਾਂ ਹੋ ਨਹੀਂ ਸਕਦੀ। ਸਵਾਮੀ ਜੀ ਨੇ ਤਾਂ ਸਹਾਇਤਾ ਹੀ ਕੀਤੀ ਪਰ ਉਸਨੂੰ ਸਮਝ ਹੀ ਨਹੀਂ ਆਈ।

ਬੁੱਧੀਜੀਵੀਆਂ ਦਾ ਸੰਤਾਂ ਦੇ ਨਾਲ ਉਪਰੇ ਰਹਿਣ ਉਨ੍ਹਾਂ ਦੀ ਗੱਲ ਨੂੰ ਚੰਗੀ ਤਰ੍ਹਾਂ ਸਮਝਣਾ ਨਾ ਉਨ੍ਹਾਂ ਤੇ ਭਰੋਸਾ ਨਾ ਕਰਨਾ। ਮੈਨੂੰ ਇਹ ਗੱਲ ਕਦੀ ਵੀ ਸਮਝ ਨਹੀਂ ਆਈ। ਕਈ ਬੰਦੇ ਇਹੋ ਜਿਹੇ ਸੀ ਜਿਨ੍ਹਾਂ ਨੇ ਸਭ ਕੁਝ

ਦੇਖਿਆ ਪਰ ਉਹ ਮੰਨਣ ਨੂੰ ਤਿਆਰ ਹੀ ਨਹੀਂ ਸੀ ਤੇ ਉਹ ਛੱਡ ਕੇ ਚਲੇ ਗਏ। ਦੂਸਰੇ ਉਹ ਸੀ ਜਿਹੜੇ ਦੇਖਦੇ ਸੀ ਪਰ ਦੇਖ ਕੇ ਵੀ ਮੰਨਣ ਨੂੰ ਤਿਆਰ ਨਹੀਂ ਸੀ। ਉਹ ਕਹਿੰਦੇ, ਮਨੁੱਖ ਇਹ ਸਭ ਕੁਝ ਕਰ ਹੀ ਨਹੀਂ ਸਕਦੇ। ਜਿਹੜੀ ਗੱਲ ਮੈਨੂੰ ਸਭ ਤੋਂ ਬੁਰੀ ਲੱਗੀ ਜਿਸ ਤੋਂ ਮੈਂ ਸਭ ਤੋਂ ਵੱਧ ਦੁਖੀ ਹੋਇਆ, ਉਹ ਇਹ ਕਿ ਲੋਕਾਂ ਨੇ ਆਪਣਾ ਕੰਮ ਕੱਢ ਲਿਆ। ਆਪਣਾ ਮਤਲਬ ਉਨ੍ਹਾਂ ਦਾ ਪੂਰਾ ਹੋ ਗਿਆ ਫੇਰ ਉਨ੍ਹਾਂ ਨੇ ਸਵਾਮੀ ਜੀ ਨੂੰ ਛੱਡ ਦਿਤਾ। ਮੈਂ ਇਸ ਗੱਲ ਨੂੰ ਮੰਨਣ ਵਿਚ ਕਿੰਨੇ ਸਾਲ ਲੱਗ ਗਏ ਕਿ ਲੋਕੀ ਆਤਮ ਮਾਰਗ ਤੇ ਚੱਲਣ ਲਈ ਜੀਵਨ ਦੀਆਂ ਡੂੰਘਾਈਆਂ ਤੇ ਜਾਣ ਲਈ ਤਿਆਰ ਹੀ ਨਹੀਂ। ਉਹ ਤਾਂ ਆਪਣੀਆਂ ਪਾਈਆਂ ਲਕੀਰਾਂ ਤਕ ਉਨ੍ਹਾਂ ਦੇ ਅੰਦਰ ਹੀ ਰਹਿਣਾ ਚਾਹੁੰਦੇ ਹਨ ਤੇ ਰੋਜ਼ਾਨਾ ਦੇ ਕੰਮ ਕਾਜ ਕਰਨਾ ਕਰਾਉਣਾ ਚਾਹੁੰਦੇ ਹਨ। ਉਹ ਤਾਂ ਉਹ ਹੀ ਮੰਨਣਗੇ ਜਿਸ ਨਾਲ ਉਨ੍ਹਾਂ ਦੀ ਹਉਮੈ ਨੂੰ ਪੱਠੇ ਪੈਂਦੇ ਹੋਣ।

ਜਿਵੇਂ-ਜਿਵੇਂ ਮੈਂ ਮਹਿਸੂਸ ਕੀਤਾ ਕਿ ਕਿੰਨਾ ਔਖਾ ਤੇ ਸਤਿ ਨੂੰ ਖੋਜਣਾ ਫੇਰ ਖੋਜ ਕੇ ਦੱਸਣਾ, ਪ੍ਰਗਟ ਕਰਨਾ ਕਿਉਂਕਿ ਇਹ ਦੋਨੋਂ ਗੱਲਾਂ ਜਿਸ ਨੇ ਖੋਜੀਆਂ ਜਿਸ ਨੇ ਅਨੁਭਵ ਕੀਤੀਆਂ ਉਸ ਦੀਆਂ ਹਨ, ਦੂਸਰੇ ਉਸ ਨੂੰ ਲੈਣ ਨੂੰ ਤਿਆਰ ਹੀ ਨਹੀਂ। ਮੇਰੀ ਸਹਾਨੁਭੂਤੀ ਵਧਦੀ ਗਈ। ਮੈਂ ਸਮਝ ਗਿਆ ਕਿ ਲੋਕਾਂ ਦੀ ਚੇਤਨਤਾ ਜਗਾਉਣੀ ਤੇ ਵਿਸਤ੍ਰਿਤ ਕਰਨੀ, ਕਿੰਨਾ ਵੱਡਾ ਤੇ ਔਖਾ ਕੰਮ ਹੈ, ਕਿੰਨੀ ਤਸੱਲੀ, ਕਿੰਨੇ ਧੀਰਜ, ਕਿੰਨੀ ਸ਼ਾਂਤੀ ਦਾ ਕੰਮ ਹੈ। ਤੁਸੀਂ ਲੋਕਾਂ ਨੂੰ ਜਾਗ੍ਰਤ ਹੋਣ ਤੇ ਚੇਤਨ ਹੋਣ ਲਈ ਮਜਬੂਰ ਤਾਂ ਨਹੀਂ ਕਰ ਸਕਦੇ। ਸਵਾਮੀ ਜੀ ਕਹਿੰਦੇ, 'ਚੇਤਨ ਹੋਣ ਦੀ ਇੱਛਾ ਹੋਣੀ ਚਾਹੀਦੀ ਹੈ।'

ਅਸੀਂ ਕਿਸੇ ਦੇ ਸੁਭਾਅ ਦੀ ਸੂਖਮਗ੍ਰਾਹੀ ਦੀ ਡੂੰਘਾਈ ਨੂੰ ਕਿਵੇਂ ਨਾਪ ਸਕਦੇ ਹਾਂ ਕਿ ਉਹ ਕੀ ਲੈ ਸਕਦਾ ਹੈ ਕੀ ਨਹੀਂ। ਕਿੰਨੇ ਆਮ ਲੋਕ ਇਹ ਜਾਣਦੇ ਹਨ ਕਿ ਸਵਾਮੀ ਜੀ ਨੇ ਕਿੰਨਿਆਂ ਦੀਆਂ ਘਾਤਕ ਬਿਮਾਰੀਆਂ ਆਪਣੇ ਉਤੇ ਲੈ ਕੇ ਕਿੰਨਾ ਆਪਣੇ ਸਰੀਰ ਨੂੰ ਕਸ਼ਟ ਦਿਤਾ ਹੈ। ਕਿੰਨਾ ਬਰਦਾਸ਼ਤ ਕੀਤਾ ਹੈ। ਇਹ ਗੱਲ ਕੌਣ ਤੇ ਕਿਵੇਂ ਲੋਕਾਂ ਨੂੰ ਸਮਝਾਈ ਜਾ ਸਕਦੀ ਹੈ। ਕੀ ਕੋਈ ਇਹ ਕਰਨਾ ਚਾਹੇਗਾ? ਇਹ ਠੀਕ ਹੈ ਸਾਡੇ ਵਿਚੋਂ ਬਹੁਤ ਸਾਰੇ ਐਨੀਆਂ ਸ਼ਕਤੀਆਂ ਦੇ ਮਾਲਕ ਬਣਨਾ ਚਾਹੁੰਣਗੇ ਪਰ ਵਿਰਲਾ ਹੀ ਕੋਈ ਉਨ੍ਹਾਂ ਦੀ ਠੀਕ ਵਰਤੋਂ ਕਰ ਸਕਦਾ ਹੈ। ਥੋੜ੍ਹਾ-ਥੋੜ੍ਹਾ ਹੀ ਲੈਣਾ ਤੇ ਥੋੜ੍ਹੇ ਵਿਚ ਰਹਿਣਾ ਹੀ ਠੀਕ ਲਗਦਾ ਹੈ। ਸਾਡੇ ਕੋਲ ਕੋਈ ਥਾਂ ਨਹੀਂ, ਅਸੀਂ ਮੰਨਣ ਨੂੰ ਤਿਆਰ ਨਹੀਂ ਕਿ ਕੋਈ ਸ਼ਕਤੀਆਂ ਹਨ। ਕੋਈ ਅਦਭੁੱਤ ਸ਼ਕਤੀਆਂ ਹਨ, ਅਸੀਂ ਤਾਂ ਉਹ ਹੀ ਕਰਦੇ ਰਹਾਂਗੇ ਜੋ ਅਸੀਂ ਕਰਦੇ ਆਏ ਹਾਂ ਤੇ ਉਸ ਤਰ੍ਹਾਂ ਦੀਆਂ ਆਸਾ ਉਮੀਦਾਂ ਰਖਦੇ ਰਹਾਂਗੇ ਜਿਹੜੀਆਂ ਰਖਦੇ ਰਹੇ ਹਾਂ। ਸਾਡੇ ਸ਼ੁੱਕ ਸੁਭੇ ਸਭ ਉਸ ਤਰ੍ਹਾਂ ਹੀ ਚਲਦੇ ਰਹਿਣਗੇ।

ਸਵਾਮੀ ਜੀ ਦਾ ਦਿਮਾਗ ਮੇਰੇ ਤੋਂ ਤੁਹਾਡੇ ਤੋਂ ਕੋਈ ਵੱਖਰਾ ਨਹੀਂ ਸੀ ਪਰ ਉਨ੍ਹਾਂ ਦੇ ਵਿਚਾਰ, ਉਨ੍ਹਾਂ ਦੀ ਚੇਤਨਤਾ, ਉਨ੍ਹਾਂ ਦੇ ਕਰਮ ਬਹੁਤ ਪਰਾ ਅਵਸਥਾ ਤੋਂ, ਪਰਾ ਚੇਤਨਾ ਤੋਂ ਆਉਂਦੇ ਸੀ ਤੇ ਅਤਿਵਿਸ਼ਾਲ ਡੂੰਘਾਈ ਤੇ ਉਚਾਈ ਤੋਂ ਆਉਂਦੇ ਸੀ। ਉਨ੍ਹਾਂ ਦਾ ਰੋਮ-ਰੋਮ ਪਰਾ ਸ਼ਕਤੀ ਨਾਲ ਭਰਪੂਰ ਹੁੰਦਾ। ਉਨ੍ਹਾਂ ਲਈ ਕੁਝ ਵੀ ਛੋਟੀ ਚੀਜ਼, ਛੋਟੀ ਗੱਲ ਨਹੀਂ ਸੀ ਉਹ ਸ਼ਕਤੀ ਦੇ ਭੰਡਾਰ ਸੀ ਉਹ ਆਪਣੇ ਭਗਤੰ ਲਈ ਇਕ ਭੰਡਾਰ ਸੀ। ਭਗਤ ਚਾਹੇ ਜਿੱਥੇ ਵੀ ਹੋਣ। ਇਹ ਉਨ੍ਹਾਂ ਦੀ ਚੇਤਨਤਾ ਦਾ ਮੂਲ ਵਿਸਤਾਰ ਬੌਧਿਕ ਸਤਰ ਤੋਂ ਬਹੁਤ ਹੀ ਫਰਕ ਸੀ, ਬਹੁਤ ਹੀ ਡੂੰਘਾ ਤੇ ਵਿਸਤ੍ਰਿਤ ਸੀ। ਮੈਂ ਮਨੋਵਿਰਤੀ ਨੂੰ ਬਦਲਣ ਦੀ ਗੱਲ ਨਹੀਂ ਕਰਦਾ, ਜੀਵਨ ਬਾਰੇ ਵਿਚਾਰ ਬਦਲ ਕੇ ਜੀਵਨ ਨੂੰ ਨਹੀਂ ਬਦਲਿਆ ਜਾ ਸਕਦਾ। ਜਦੋਂ ਤਕ ਅਸੀਂ ਮੁੱਢਲੀ ਸ਼ਕਤੀ ਨੂੰ ਨਾ ਬਦਲੀ ਭਾਵ ਬ੍ਰਹਿਮੰਡ ਤੋਂ ਆਉਣ ਵਾਲੇ ਸ਼ਕਤੀ ਨੂੰ ਨਾ ਪਕੜੀਏ, ਜਦੋਂ ਸਾਨੂੰ ਵਿਚਾਰ ਆਉਂਦੇ ਹਨ, ਕਲਪਨਾ ਆਉਂਦੀ ਹੈ, ਮਨੋਵਿਰਤੀ ਆਉਂਦੀ ਹੈ ਸਭ ਕੁਝ ਮਿਲਦਾ ਹੈ ਉਦੋਂ ਤਕ ਕੁਝ ਨਹੀਂ ਬਦਲ ਸਕਦਾ। ਉਸ ਤੋਂ ਬਿਨਾਂ ਤਾਂ ਇਸ ਤਰ੍ਹਾਂ ਹੈ ਜਿਵੇਂ ਤੁਸੀਂ ਡਰਾਇੰਗ ਰੂਮ ਦਾ ਫਰਨੀਚਰ ਇਕ ਪਾਸਿਓ ਹਟਾ ਕੇ ਦੂਸਰੇ ਪਾਸੇ ਨੂੰ ਲਗਾ ਲਿਆ ਹੋਵੇ। ਇਹ ਤਾਂ ਨਾ ਏਧਰ ਦੀ ਗੱਲ ਹੈ, ਨਾ ਓਧਰ ਦੀ। ਜੇ ਅਸੀਂ ਆਤਮਕ ਅਨੰਦ ਮਾਨਣਾ ਹੈ, ਉਹ ਸੁਤੰਤਰਤਾ ਦੇਖਣੀ ਹੈ ਜਿਹੜੀ ਸਾਧੂ ਸੰਤਾਂ ਦੀ ਹੁੰਦੀ ਹੈ ਫੇਰ ਵਿਵੇਕ ਬੁੱਧੀ ਦਾ ਆਸਰਾ ਲੈ ਕੇ ਨਹੀਂ ਪਹੁੰਚਿਆ ਜਾ ਸਕਦਾ।

ਸਵਾਮੀ ਜੀ ਕਹਿੰਦੇ ਸੀ, ਅਸੀਂ ਮੰਨਦੇ ਨਹੀਂ ਕਿਉਂਕਿ ਅਸੀਂ ਦੇਖਦੇ ਨਹੀਂ, ਪੂਰਾ ਨਹੀਂ ਦੇਖਦੇ। ਸਵਾਮੀ ਜੀ ਕਹਿੰਦੇ ਸੀ ਸਾਡਾ ਵਿਵੇਕੀ ਮਨ ਐਨਾ ਸਮਰਥ ਹੀ ਨਹੀਂ ਕਿ ਉਹ ਪੂਰਾ-ਪੂਰਾ ਦੇਖ ਸਕੇ। ਜੋ ਜਿਵੇਂ ਹੈ ਉਸਨੂੰ ਦੇਖ ਸਕੇ। ਆਪਣੇ ਸਿੱਧੇ ਅਨੁਭਵ ਨਾਲ ਹੀ ਤੁਸੀਂ ਸੰਪੂਰਨ ਦੇਖ ਸਕਦੇ ਹੋ।

ਬੜੀ ਛੇਤੀ ਹੀ ਇਹ ਸਿੱਧ ਹੋ ਗਿਆ ਕਿ ਕੋਈ ਅਨੁਭਵ ਜੋ ਸਿੱਧਾ ਆਪਣੇ ਤੇ ਕੀਤਾ ਜਾਵੇ ਉਹ ਇਕ ਤਰ੍ਹਾਂ ਨਾਲ ਤਰਕ ਪੂਰਨ ਨਹੀਂ ਹੋ ਸਕਦਾ। ਸਾਰੀ ਜ਼ਿੰਦਗੀ ਸਵਾਮੀ ਜੀ ਇਸ ਗੱਲ ਦਾ ਪ੍ਰਤੀਕ ਰਹੇ ਕਿ ਤਰਕ ਤਾਂ ਚੇਤਨਤਾ ਦਾ ਬਹੁਤ ਹੀ ਛੋਟਾ ਭਾਰ ਹੈ ਪਰ ਦੂਸਰੇ ਮਨ

ਨੂੰ ਇਹ ਮੰਨਣ ਲਈ ਇਸ ਦੀਆਂ ਸੀਮਾਵਾਂ ਮੰਨਣ ਲਈ ਬਹੁਤ ਸਮਾਂ ਲਗ ਜਾਂਦਾ ਹੈ। ਮਨ ਆਪਣੀਆਂ ਸ਼ਕਤੀਆਂ ਤੇ ਆਪ ਹੀ ਹੈਰਾਨ ਪਰੇਸ਼ਾਨ ਹੋ ਜਾਂਦਾ ਹੈ। ਸਿਆਣੇ ਹੋਣਾ ਤੁਹਾਨੂੰ ਬਹੁਤ ਥਾਵਾਂ ਤੇ ਕਾਮਯਾਬੀ ਬਹੁਤ ਜਗ੍ਹਾ ਤੇ ਸਫਲਤਾ ਦੇ ਸਕਦੀ ਹੈ। ਸਮਾਜ ਵਿਚ ਤੁਹਾਡੇ ਕੰਮ ਕਾਜ ਵਿਚ ਰਾਜਨੀਤਿ ਵਿਚ ਪਰ ਜਦੋਂ ਜੀਵਨ ਦੇ ਨੇਤਰਿਤ੍ਵ ਦਾ ਪ੍ਰਸ਼ਨ ਉਠਦਾ ਹੈ, ਹਉਮੈ ਉਸਨੂੰ ਅੱਗੇ ਹੀ ਨਹੀਂ ਆਉਣ ਦਿੰਦੀ। ਮਨ ਆਪਣੇ ਹੀ ਪਿਆਰ ਆਪਣੀ ਹੀ ਗੁੰਜਲ ਵਿਚ ਫਸ ਜਾਂਦਾ ਹੈ।

ਅਮਰੀਕਾ ਵਿਚ ਹੀ ਕੇਵਲ ਕਿੰਨਾ ਕੁਝ ਮਾਨਵਤਾ ਦੇ ਸੁੱਖ ਲਈ ਬਣਾਇਆ ਗਿਆ ਹੈ। ਨਾਲ ਹੀ ਮਾਨਵਤਾ ਦੀ ਬਰਬਾਦੀ ਲਈ ਵੀ ਬੰਬ, ਹੋਰ ਕਈ ਤਰ੍ਹਾਂ ਦੇ ਹਥਿਆਰ ਤੇ ਹੋਰ ਬਹੁਤ ਕੁਝ, ਅੱਜ ਦੀ ਟੈਕਨਾਲੋਜੀ ਕਦੀ ਸੀ ਹੀ ਨਹੀਂ ਪਰ ਕਿਸ ਤਰ੍ਹਾਂ ਦੀਆਂ ਬਿਮਾਰੀਆਂ ਹਨ, ਉਨ੍ਹਾਂ ਦੇ ਕੋਈ ਇਲਾਜ ਹੀ ਨਹੀਂ, ਕਰੋੜਾਂ ਹੀ ਡਾਲਰ ਕੈਂਸਰ ਦੀ ਬੀਮਾਰੀ ਦਾ ਇਲਾਜ ਦੀ ਖੋਜ ਤੇ ਲਗ ਗਏ ਹਨ। ਕੈਮੋਥਰੈਪੀ, ਰੇਡੀਓਥਰੈਪੀ ਨੂੰ ਸਭ ਤੋਂ ਉਤਮ ਇਲਾਜ ਕਿਹਾ ਜਾਂਦਾ ਹੈ, ਬਾਕੀ ਦੇ ਇਲਾਜ ਇਕ ਤਰ੍ਹਾਂ ਨਾਲ ਬੰਦ ਕਰ ਦਿਤੇ ਗਏ ਹਨ ਕਿਉਂਕਿ ਉਹ ਵਿਗਿਆਨਕ ਕਸੌਟੀ ਤੇ ਤਿਆਰ ਨਹੀਂ ਕੀਤੇ ਗਏ।

ਸਵਾਮੀ ਜੀ ਕਹਿੰਦੇ ਸੀ, ਕੈਂਸਰ ਤੇ ਖੋਜ ਬਿਲਕੁਲ ਪੁੱਠੇ ਪਾਸੇ ਜਾ ਰਹੀ ਹੈ। ਮਨ ਨੂੰ ਤਾਂ ਕੋਈ ਦੇਖਦਾ ਹੀ ਨਹੀਂ, ਕੋਈ ਕੋਸ਼ਿਸ਼ ਹੀ ਨਹੀਂ ਕਰਦਾ ਦੇਖਣ ਦੀ। ਇਹ ਉਸ ਹਸਤੀ ਨੇ ਕਿਹਾ ਸੀ ਜਿਹੜੀ ਆਪਣੀ ਮਰਜ਼ੀ ਨਾਲ ਕੈਂਸਰ ਦੇ ਸੈਲ ਸਰੀਰ ਵਿਚ ਪੈਦਾ ਕਰ ਸਕਦੀ ਸੀ ਤੇ ਮਰਜ਼ੀ ਨਾਲ ਹਟਾ ਸਕਦੀ ਸੀ।

ਨਾਲ ਨਾਲ ਹੀ ਮਸ਼ੀਨਾਂ ਦਾ ਅਵਿਸ਼ਕਾਰ ਬਹੁਤ ਵੱਡਾ ਸੰਦੇਹ ਦਾ ਵਿਸ਼ਾ ਹੈ। ਘਬਰਾਹਟ ਘੜਮੱਸ, ਡਰ ਕੇ ਸੰਸਾਰ ਦਾ ਭਵਿਸ਼ ਕੀ ਹੋਵੇਗਾ ਇਸ ਗੱਲ ਨੇ ਲੋਕਾਂ ਨੂੰ ਗ੍ਰਸਿਆ ਪਿਆ ਹੈ। ਇਕ ਤਰ੍ਹਾਂ ਦੀ ਅਸਥਿਰਤਾ ਜੀਵਨ ਵਿਚ ਆ ਗਈ ਹੈ। ਇਹ ਗੱਲ ਸ਼ਾਇਦ ਪਹਿਲੇ ਕਦੀ ਨਹੀਂ ਸੀ। ਇਹ ਹੀ ਕਾਰਣ ਹੈ ਕਿ ਸਵਾਮੀ ਜੀ ਦੇ ਪ੍ਰਯੋਗ ਜੀਵਨ ਨੂੰ ਵਧੇਰੇ ਸੁਤੰਤਰ ਬਨਾਉਣ, ਜੀਵਨ ਨੂੰ ਵਧੇਰੇ ਸ਼ਕਤੀਸ਼ਾਲ ਬਨਾਉਣ ਵਾਲੇ ਰਹੇ ਹਨ ਤੇ ਨਾਲ ਹੀ ਮਨ ਨੂੰ ਸ਼ਾਂਤੀ ਦੇਣ ਵਾਲੇ ਰਹੇ ਹਨ।

ਬਹੁਤ ਲੋਕੀ ਮੈਨੂੰ ਪੁੱਛਦੇ ਹਨ ਕਿ ਜੋ ਕੁਝ ਵੀ ਸਵਾਮੀ ਜੀ ਨੇ ਕੀਤਾ ਸੀ ਉਸ ਦੇ ਅੱਗੇ ਕਿਉਂ ਕੁਝ ਨਹੀਂ ਕੀਤਾ ਜਾ ਰਿਹਾ। ਮੈਂ ਆਪ ਇਸ ਗੱਲ ਦੇ ਬਾਰੇ ਬਹੁਤ ਸੋਚਦਾ ਰਿਹਾ ਹਾਂ। ਮੇਰੇ ਜਵਾਬ ਮੈਨੂੰ ਹੀ ਅਧੂਰੇ ਲਗਦੇ ਹਨ ਸੋ ਮੈਂ ਯਾਦ ਕਰ ਰਿਹਾ ਹਾਂ ਕਿ ਸਵਾਮੀ ਜੀ ਨੇ ਕੀ ਕਿਹਾ ਸੀ, ਕੋਈ ਵੀ ਸਿੱਖਣ ਨੂੰ ਤਿਆਰ ਨਹੀਂ। ਮੈਂ ਇਥੇ ਬੈਠਾ ਹਾਂ, ਕੋਈ ਸਿੱਖਣ ਨਹੀਂ ਆਉਂਦਾ। ਲੋਕੀ ਮੈਨੂੰ ਸਤਿਕਾਰ ਦਿੰਦੇ ਹਨ, ਪੂਜਦੇ ਹਨ ਉਹ ਤਾਂ ਆਪਣੀਆਂ ਸੰਸਾਰਕ ਸਮੱਸਿਆਵਾਂ ਲੈ ਕੇ ਆਉਂਦੇ ਹਨ ਤੇ ਆਸ ਲੈ ਕੇ ਆਉਂਦੇ ਹਨ ਕਿ ਮੈਂ ਉਨ੍ਹਾਂ ਦੀ ਸਹਾਇਤਾ ਕਰਾਂ। ਕੋਈ ਆਪਣੇ ਪਤੀ ਲਈ, ਪਤਨੀ ਲਈ, ਕੋਈ ਬੱਚੇ ਮੰਗਦੇ ਹਨ। ਮੈਂ ਜੋ ਕਰ ਸਕਦਾ ਹਾਂ, ਕਰਦਾ ਹਾਂ, ਕੋਈ ਵਿਰਲਾ ਹੀ ਆਤਮ ਮਾਰਗ ਤੇ ਚੱਲਣਾ ਚਾਹੁੰਦਾ ਹੈ।

ਬਹੁਤ ਲੋਕੀ ਸਵਾਮੀ ਜੀ ਨੂੰ ਜਾਣਦੇ ਸੀ ਉਨ੍ਹਾਂ ਦੀਆਂ ਵਿਗਿਆਨਕ ਸ਼ਕਤੀਆਂ ਨੂੰ ਵੀ ਜਾਣਦੇ ਸੀ। ਬਹੁਤ ਸਾਰੇ ਸਵਾਮੀ ਜੀ ਨਾਲ ਸਬੰਧ ਲਕੋ ਕੇ ਰੱਖਦੇ ਸੀ। ਬਹੁਤ ਸਾਰੇ ਬਹੁਤ ਹੀ ਨੇੜੇ ਤੋਂ ਉਨ੍ਹਾਂ ਦੀਆਂ ਵਿਗਿਆਨਕ ਸ਼ਕਤੀਆਂ ਨੂੰ ਪਛਾਣਦੇ ਸੀ, ਉਹ ਸਿਆਣੇ ਹਨ। ਮੈਨੂੰ ਇਕ ਬੀਬੀ ਦਾ ਪਤਾ ਹੈ ਜਿਸ ਨੂੰ ਸਵਾਮੀ ਜੀ ਨੇ ਇਕ ਸੰਸਥਾ ਕੈਸ਼ੀਅਰ ਬਣਾ ਕੇ ਰੱਖਿਆ, ਸਾਲਾਂ ਬੱਧੀ ਉਹ ਬੀਬੀ ਕੰਮ ਕਰਦੀ ਰਹੀ। ਕਦੀ ਕੁਝ ਨਹੀਂ ਕਿਹਾ। ਉਹ ਸਵਾਮੀ ਜੀ ਨੂੰ ਪਛਾਣ ਗਈ ਸੀ ਸਵਾਮੀ ਜੀ ਨੇ ਵੀ ਉਸ ਦੇ ਅੰਦਰ ਦੇ ਸੰਤ ਨੂੰ ਦੇਖ ਲਿਆ ਸੀ।

ਸਵਾਮੀ ਜੀ ਹਿਮਾਲੀਆ ਤੋਂ ਮਾਨਵ ਆਤਮਾ ਦੇ ਦੂਤ ਬਣ ਕੇ ਉਤਰੇ ਸੀ। ਚੇਤਨਤਾ ਦੀ ਸਲਤਨਤ ਤੋਂ ਆਏ ਸੀ ਦੇਵਤੇ ਵੀ ਜਿਨ੍ਹਾਂ ਦੇ ਅੱਗੇ ਪਿਛੇ ਘੁੰਮਦੇ ਹਨ ਜਿਹੜੇ ਗਾਥਾ ਵਿਚ ਕਵਿਤਾ ਲਿਖਦੇ ਸੀ। ਪ੍ਰਭੂ ਦਾ ਗੁਣ ਗਾਂਦੇ ਉਹ ਆਪ ਭੁੱਲ ਜਾਂਦੇ ਸੀ। ਉਹ ਇਕ ਦੂਰਦਰਸ਼ੀ ਸੀ ਇਕ ਸੁਨੇਹਾ ਲੈ ਕੇ ਆਏ ਸੀ। ਮਾਨਵਤਾ ਦੇ ਜ਼ਖ਼ਮਾਂ ਤੇ ਮਲਮ ਲਾਉਣ ਆਏ ਸੀ। ਇਕ ਯਾਤਰੀ ਮਾਨਵਤਾ ਲਈ ਪੀੜ ਸਹਿੰਦੇ ਰਹੇ, ਸਤਿ ਦੀ ਖੋਜ ਕਰਦੇ ਰਹੇ।

ਸਵਾਮੀ ਜੀ ਨੇ ਕ੍ਰਿਸ਼ਨ ਜੀ ਦੀ ਭੂਮਿਕਾ ਨਿਭਾਈ। ਸਦਾ ਹੀ ਸੁਆਰਥੀ ਹੋਣ ਦੇ ਵਿਰੁੱਧ ਲੜਦੇ ਰਹੇ। ਅਗਿਆਨ ਦੂਰ ਕਰਦੇ ਰਹੇ। ਭਗਤਾਂ ਵਿਦਿਆਰਥੀਆਂ ਨੂੰ ਲੱਭ-ਲੱਭ ਕੇ ਉਨ੍ਹਾਂ ਦੇ ਦੁਖ ਦੂਰ ਕੀਤੇ। ਮੁਸ਼ਕਲਾਂ ਵਿਚ ਫਸੇ ਲੋਕਾਂ ਦਾ ਭਲਾ ਕਰਦੇ ਰਹੇ ਉਨ੍ਹਾਂ ਦੀਆਂ ਬੇਵਕੂਫੀਆਂ ਦੂਰ ਕਰਦੇ ਰਹੇ। ਉਹ ਸਾਡੇ ਉਤੇ ਕਸਵੱਟੀਆਂ ਵੀ ਲਗਾਉਂਦੇ ਰਹੇ। ਮੈਨੂੰ ਥੋੜ੍ਹੀ ਦੇਰ ਪਹਿਲਾਂ ਹੀ ਇਕ ਦੋਸਤ ਨੇ ਦੱਸਿਆ ਕਿ ਕਿਵੇਂ ਸਵਾਮੀ ਜੀ ਦੂਸਰੇ ਨੂੰ ਚੋਭ ਚੋਭ ਕੇ ਲੋਕਾਂ ਕੋਲੋਂ ਪੁਛਦੇ ਉਨ੍ਹਾਂ ਦਾ ਕਈ ਵਿਦਿਆਰਥੀ ਨਾਲ ਵਿਵਹਾਰ ਬੜਾ ਕਠੋਰ ਹੁੰਦਾ। ਉਹ ਬਾਕੀ ਲੋਕਾਂ ਸਾਮ੍ਹਣੇ

ਉਨ੍ਹਾਂ ਦੀ ਬੇਇਜ਼ਤੀ ਕਰ ਦਿੰਦੇ। ਕਈ ਵਾਰੀ ਉਹ ਐਨਾ ਕੁਝ ਕਹਿ ਦਿੰਦੇ, ਕਰ ਦਿੰਦੇ ਕਿਸ ਵਾਸਤੇ, ਕਿਸੇ ਦੇ ਗਲਤ ਕੰਮ ਕੀਤੇ ਨੂੰ ਠੀਕ ਕਰਨ ਲਈ ਕਿਸੇ ਦਾ ਗਲਤ ਫੈਸਲਾ ਟਾਲਣ ਲਈ ਪਰ ਉਨ੍ਹਾਂ ਦੀ ਕੋਸ਼ਿਸ਼ ਇਹ ਹੀ ਹੁੰਦੀ ਕਿ ਜਿਸਦੀ ਹੋ ਸਕੇ ਉਸਦੀ ਮਦਦ ਕਰਨੀ। ਬਹੁਤ ਵਾਰੀ ਉਹ ਭਗਤਾਂ ਦੇ ਕਰਮ ਵੀ ਕੱਟਦੇ। ਉਹ ਭਗਤਾਂ ਦੀ ਭਲਾਈ ਲਈ ਸਦਾ ਹੀ ਲੱਗੇ ਰਹਿੰਦੇ। ਉਹ ਕੇਵਲ ਪਿਆਰ ਹੀ ਕਰ ਸਕਦੇ ਸੀ ਜੋ ਉਨ੍ਹਾਂ ਨੇ ਰੱਜ ਕੇ ਕੀਤਾ। ਕੀ ਇਹ ਵਾਸਤਵ ਵਿਚ ਇਕ ਬੋਧੀ ਸਾਤਵ ਦੀ ਜੀਵਨ ਨਹੀਂ ਹੈ?

ਸਵਾਮੀ ਜੀ ਦੇ ਸਰੀਰ ਛੱਡਣ ਤੋਂ ਕਈ ਮਹੀਨੇ ਬਾਅਦ ਮੈਨੂੰ ਇਕ ਅਜੀਬ ਸੁਪਨਾ ਆਇਆ ਜਿਹੜਾ ਮੈਨੂੰ ਸੋਚਦੇ ਹੀ ਛੱਡ ਗਿਆ। ਮੈਂ ਗੁਰੂ ਬਾਰੇ ਸਵਾਮੀ ਜੀ ਬਾਰੇ ਸੋਚਦਾ ਹੀ ਰਿਹਾ।

ਮੈਂ ਇਕ ਵੱਡੀ ਕਲਾਸ ਵਿਚ ਪੜ੍ਹਾ ਰਿਹਾ ਹਾਂ। ਪਿਛੇ ਕਰਕੇ ਦੋ ਬੀਬੀਆਂ ਬੈਠੀਆਂ ਹਨ ਉਹ ਪ੍ਰਸ਼ਨ ਪੁਛਣਾ ਚਾਹੁੰਦੀਆਂ ਹਨ। ਜਿਵੇਂ ਹੀ ਮੈਂ ਉਨ੍ਹਾਂ ਨਾਲ ਗੱਲ ਕਰ ਰਿਹਾ ਸੀ ਇਕ ਬਿਰਧ ਸਾਧੂ ਆਏ ਤੇ ਉਨ੍ਹਾਂ ਦੇ ਨਾਲ ਇਕ ਬੱਚਾ ਸੀ ਉਹ ਮੇਰੇ ਕੋਲੋਂ ਲੰਘ ਕੇ ਕੁਰਸੀਆਂ ਤੇ ਬੈਠ ਗਏ। ਦੋਨਾਂ ਨੇ ਚਿੱਟੇ ਕਪੜੇ ਪਾਏ ਹੋਏ ਸੀ ਤੇ ਸਲੇਟੀ ਰੰਗ ਦੀਆਂ ਸ਼ਾਲਾਂ ਲਈਆਂ ਹੋਈਆਂ ਸੀ। ਕਿਸੇ ਨੇ ਆ ਕੇ ਮੈਨੂੰ ਇਕ ਟੋਕਰੀ ਦਿਤੀ ਉਸ ਵਿਚ ਵੱਖ-ਵੱਖ ਰੰਗਾਂ ਦੇ ਸੱਤ ਅੰਡੇ ਸੀ।

ਜਦੋਂ ਮੈਂ ਆਪਣੀ ਕੁਰਸੀ ਵਲ ਜਾ ਰਿਹਾ ਸੀ। ਮੈਨੂੰ ਸਵਾਮੀ ਜੀ ਦੀ ਆਵਾਜ਼ ਸੁਣੀ ਕਹਿ ਰਹੇ ਸੀ ਤੇ ਜਸਟਿਨ ਕੀ ਕਰ ਰਿਹਾ ਹੈ? ਤੂੰ ਕਿੱਥੇ ਜਾ ਰਿਹਾ ਹੈਂ?

ਮੈਂ ਮੁੜ ਕੇ ਹੈਰਾਨ ਹੋ ਕੇ ਦੇਖਿਆ ਤੇ ਇਹ ਆਵਾਜ਼ ਉਸ ਛੋਟੇ ਬੱਚੇ ਦੇ ਮੂੰਹ ਵਿਚੋਂ ਆ ਰਹੀ ਸੀ ਜਿਹੜਾ ਇਕ ਬਿਰਧ ਸਾਧੂ ਨਾਲ ਆਏ ਸੀ। ਉਸ ਦੇ ਚਮਕਦੇ ਕਾਲੇ ਵਾਲ ਤੇ ਭੂਰੀਆਂ ਅੱਖਾਂ ਸੀ। ਇਕ ਦਮ ਮੈਂ ਮੱਥਾ ਟੇਕਣ ਲਈ ਝੁਕ ਗਿਆ। ਉਸ ਬਿਰਧ ਨੂੰ ਵੀ ਤੇ ਉਸ ਬੱਚੇ ਨੂੰ ਵੀ ਤੇ ਮੈਂ ਉਹ ਅੰਡਿਆਂ ਦੀ ਟੋਕਰੀ ਉਸ ਬੱਚੇ ਸਾਨੂੰ ਨੂੰ ਦੇ ਦਿਤੀ। ਉਹ ਮੇਰੇ ਤੇ ਮੁਸਕਰਾਇਆ ਤੇ ਉਸ ਨੇ ਉਹ ਟੋਕਰੀ ਲੈ ਲਈ।

ਫੇਰ ਮੈਂ ਖੜ੍ਹਾ ਹੋ ਗਿਆ। ਲੋਕਾਂ ਨੂੰ ਦੇਖਿਆ ਤੇ ਚਾਰਲਸ ਤੇ ਥਰੀਸਾ ਕੋਲ ਆ ਗਿਆ, ਜੋ ਸ਼ਾਮ ਦੇ ਲੈਕਚਰ ਲਈ ਤਿਆਰ ਸੀ।

« « « « « « «

(ਪੰਨਾ 28 ਦੀ ਬਾਕੀ)

ਇਹ ਆਤਮ ਸੁਖ ਸਰੂਪਤਾ ਹੁਣ ਮੁਥਾਜ ਨਹੀਂ ਹੋਰ ਸੁਖ ਸਰੂਪਤਾ ਦੀ। ਹੁਣ ਹੀ ਉਹ ਇਸ ਜੋਗ ਹੈ ਕਿ ਜਗਤ ਦਾ ਦੁਖ ਦੂਰ ਕਰੇ, ਇਸ ਨੂੰ ਸੁਮਤਿ ਦੇਵੇ, ਇਸ ਨਾਲ ਹਮਦਰਦੀ ਕਰੇ ਤੇ ਇਸਨੂੰ ਦੁਖਾਂ ਸੁਖਾਂ ਵਿਚ ਬਾਹੁੜੇ।

ਬੰਗਾਲੀ ਸੰਤ - ਜੀ ਤਾਂ ਆਇਆ ਹੈ ਸੇਵਾ ਕਰਨ ਨੂੰ, ਪਰ ਸੰਸਾਰ ਅਗਨ ਤੋਂ ਡਰ ਆਉਂਦਾ ਹੈ।

ਸੰਤ - ਠੀਕ ਹੈ, ਪਰ ਹੁਕਮ ਦੀ ਪਛਾਣ ਕਰੋ। ਅਸਾਂ ਨਹੀਂ ਕੁਛ ਕਰਨਾ ਹੈ, ਹੁਕਮ ਹੈ ਨੇਕੀ ਕਰੋ, ਕਰਨੀ ਹੈ। ਕਰਕੇ ਅਸਾਂ, ਆਪਣੀ ਨਹੀਂ ਸਮਝਣੀ - ਮੈਂ ਕੌਣ ਹਾਂ ਕਰਨਹਾਰ, ਹੁਕਮ ਸੀ ਹੁਕਮ ਵਾਲੇ ਨੇ ਕਰਵਾ ਲਿਆ। ਇਉਂ ਇਹ ਹੁਕਮ ਸੰਸਾਰ ਅਗਨੀ ਵਿਚ ਅਗਨੀ ਨਿਵਾਰਨ ਜਾਮਾ ਪਹਿਰ ਹੋ ਜਾਂਦਾ ਹੈ ਜੋ ਸੇਕ ਨਹੀਂ ਲੱਗਣ ਦਿੰਦਾ।

ਬੰਗਾਲੀ - ਸੰਤ ਆਪ ਕਿੰਞ ਕਰਦੇ ਹੋ?

ਸੰਤ - ਹੁਕਮ ਦੇ ਮਗਰ ਰਹਿਣ ਦਾ ਜਤਨ। ਜਦੋਂ ਜਗਤ ਵਿਚ ਕੰਮ ਕਰਦਿਆਂ ਆਤਮ ਸੁਖ ਵਿਚ ਹਿਲਾਉ ਉਪਜੇ ਏਕਾਂਤ ਆ ਜਾਈਦਾ ਹੈ, ਜਿਵੇਂ ਹੁਣ ਆਇਆ ਸਾਂ। ਫੇਰ ਸਰੀਰ ਦਾ ਥਕਾਨ ਹਟ ਕੇ ਹੁਕਮ ਕਮਾਉਣ ਲਈ ਤਿਆਰ ਬਰ ਤਿਆਰ ਹੋ ਜਾਈਦਾ ਹੈ।

ਬੰਗਾਲੀ ਸੰਤ - ਫੇਰ ਕੀ ਹੋ ਸਕਦਾ ਹੈ ਮੈਂ ਆਪ ਦੇ ਕਿਤੇ ਨੇੜੇ ਨੇੜੇ ਰਹਾਂ? ਆਪ ਦਾ ਸਤਿਸੰਗ ਕਰਾਂ, ਵੀਚਾਰਾਂ ਤੇ ਆਪ ਦੇ ਅਸੂਲ ਧਾਰਨ ਕਰਾਂ ਤੇ ਜਾਚ ਸਿਖਾਂ ਜੋ ਇਹ ਸਰੀਰ, ਜਿਸ ਦੀ ਹੁਣ ਮੈਨੂੰ ਤ੍ਰਿਸ਼ਨਾ ਨਹੀਂ, ਗੁਰੂ ਨਾਨਕ ਆਦਰਸ਼ ਵਿਚ ਸਫਲ ਹੋ ਜਾਏ।

ਸੰਤ - ਬਹੁਤ ਚੰਗਾ, ਆਓ ਫੇਰ ਚੱਲੀਏ। ਗੁਰੂ ਨਾਨਕ ਦੇਵ ਭਲੀ ਕਰਨਗੇ। ਇਹ ਕਹਿ ਕੇ ਉਠ ਖੜ੍ਹੇ ਹੋਏ ਤੇ ਤ੍ਰੈਏ ਗੁਰੂ ਯਸ਼ ਕਰਦੇ - ਧੰਨ ਗੁਰੂ ਨਾਨਕ ਦੇਵ ਦੇ ਰਸ ਵਿਚ ਉਸ ਬਨ ਵਿਚੋਂ ਬਸਤੀ ਵਲ ਨੂੰ ਆਏ।

ਗੁਰੂ ਨਾਨਕ ਸਹਾਇਆ ਕਰੇ ਪਾਠਕ ਜੀ! ਆਪ ਬੀ ਵੀਚਾਰ ਕਰੋ

***ਜਗੁ ਦੁਖੀਆ ਸੁਖੀਆ ਜਨੁ ਕੋਇ॥***
***ਜਗੁ ਰੋਗੀ ਭੋਗੀ ਗੁਣ ਰੋਇ॥***
***ਜਗੁ ਉਪਜੈ ਬਿਨਸੈ ਪਤਿ ਕੋਇ॥***
***ਗੁਰਮੁਖਿ ਹੋਵੈ ਬੂਝੈ ਸੋਇ॥***
***ਪੁਨਾ: ਜਗੁ ਬੰਦੀ ਮੁਕਤੇ ਹਉ ਮਾਰੀ॥***
***ਜਗਿ ਗਿਆਨੀ ਵਿਰਲਾ ਆਚਾਰੀ॥***
***ਜਗਿ ਪੰਡਿਤੁ ਵਿਰਲਾ ਵੀਚਾਰੀ॥***
***ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥***

« « « « « « «

# ਯੋਗਾ ਉਪਰ ਲੈਕਚਰ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ 63)*

ਧਾਰਨਾ, ਇਕਾਗਰਤਾ ਰਾਜ ਯੋਗ ਦੀ ਛੇਵੀਂ ਪੌੜੀ ਹੈ। ਇਕਾਗਰਤਾ ਵਿਚ ਮਨ ਦੀਆਂ ਖੇਰੂੰ ਹੋਈਆਂ ਸ਼ਕਤੀਆਂ ਇਕੱਠੀਆਂ ਹੋ ਕੇ ਇਹ ਕਹਿ ਲਵੋ ਇਕੱਠੀਆਂ ਕਰਕੇ ਇਕਾਗਰਤਾ ਦੇ ਬਿੰਦੂ ਤੇ ਇਕੱਤਰ ਕੀਤੀਆਂ ਜਾਂਦੀਆਂ ਹਨ ਤੇ ਇਸ ਤਰ੍ਹਾਂ ਕਰਨ ਲਈ ਚੇਤਨ ਹੋ ਕੇ ਉਪਰਾਲਾ ਕੀਤਾ ਜਾਂਦਾ ਹੈ ਆਪਣੇ ਆਪ ਦਿੱਤਾ ਧਿਆਨ ਤਾਂ ਸਵੈ ਇੱਛਾ ਅਨੁਸਾਰ ਹੁੰਦਾ ਹੈ ਜਤਨ ਲਾ ਕੇ ਦਿੱਤਾ ਧਿਆਨ ਤਾਂ ਇਕ ਚੇਤਨ ਅਵਸਥਾ ਹੈ ਜਿਸਨੂੰ ਤੁਸੀਂ ਹੌਲੀ ਹੌਲੀ ਪੈਦਾ ਕਰਦੇ ਹੋ, ਮਿਹਨਤ ਨਾਲ ਲਗਾਤਾਰ ਯਤਨ ਕਰਨ ਨਾਲ ਕਰਦੇ ਹੋ। ਪੂਰੀ ਤਰ੍ਹਾਂ ਨਾਲ ਇਸ ਦਾ ਵਿਕਾਸ ਹੋ ਜਾਂਦਾ ਹੈ ਉਦੋਂ ਜਗਿਆਸੂ ਇਕਾਗਰ ਹੋ ਸਕਦਾ ਹੈ ਤੇ ਮਨ ਨੂੰ ਇਕ ਬਿੰਦੂ ਤੇ ਕੇਂਦਰਤ ਕੀਤਾ ਜਾਂਦਾ ਹੈ ਉਹ ਵਸਤੂ ਭਾਵੇਂ ਬਾਹਰ ਹੋਵੇ ਜਾਂ ਉਹ ਇਕ ਮਾਤਰ ਧਾਰਨਾ ਹੋਵੇ ਆਮ ਤੌਰ ਤੇ ਗੁਰੂ ਕੋਈ ਢੁਕਵਾ ਵਿਸ਼ਾ ਢੁਕਵੀਂ ਚੀਜ਼ ਹੀ ਮਨ ਇਕਾਗਰ ਕਰਨ ਲਈ ਚੁਣਦਾ ਹੈ। ਦੇਖ ਕੇ ਚੁਣਦਾ ਹੈ ਸ਼ਿਸ਼ ਦੀ ਮਨੋਬਿਰਤੀ ਕੀ ਹੈ? ਉਸ ਦੀ ਕਾਬਲੀਅਤ ਕੀ ਹੈ? ਉਸ ਦੀ ਜ਼ਰੂਰਤ ਕੀ ਹੈ। ਧਾਰਨਾ ਨਾਲ ਇਕਾਗਰਤਾ ਨਾਲ ਖਿੰਡਿਆ ਮਨ ਇਕਾਗਰ ਹੋ ਜਾਂਦਾ ਹੈ ਵਧੇਰੇ ਸ਼ਕਤੀਸ਼ਾਲ ਹੋ ਜਾਂਦਾ ਹੈ ਤੇ ਵਧੇਰੇ ਤੀਖਣ ਤੇ ਪ੍ਰਵੇਸ਼ਕਾਰੀ ਬਣ ਜਾਂਦਾ ਹੈ। ਇਸ ਕਰਕੇ ਛੁਪੇ ਹੋਏ ਗੁਣ ਬਾਹਰ ਕੱਢਣ ਲਈ ਉਨ੍ਹਾਂ ਨੂੰ ਉਭਾਰਨ ਲਈ ਹੌਲੀ ਹੌਲੀ ਮਨ ਨੂੰ ਇਕਾਗਰ ਕਰਨਾ ਚਾਹੀਦਾ ਹੈ।

ਲੰਮੇ ਸਮੇਂ ਤਕ ਧਿਆਨ ਬਣਾਈ ਰੱਖਣ ਨਾਲ ਮੈਡੀਟੇਸ਼ਨ ਹੋ ਜਾਂਦੀ ਹੈ, ਧਿਆਨ ਹੋ ਜਾਂਦਾ ਹੈ ਜੋ ਕਿ ਰਾਜ ਯੋਗ ਦੀ ਸੱਤਵੀਂ ਪੌੜੀ ਹੈ, ਧਿਆਨ ਮਨ ਨੂੰ ਇਕ ਬਿੰਦੂ ਤੇ ਲੈ ਆਉਂਦਾ ਹੈ ਤੇ ਉਸ ਨੂੰ ਸਥਿਰ ਕਰ ਦਿੰਦਾ ਹੈ। ਮੈਡੀਟੇਸ਼ਨ ਨਾਲ ਇਕਾਗਰ ਮਨ ਚੇਤਨ ਅਵਸਥਾ ਅਚੇਤ ਅਵਸਥਾ ਨੂੰ ਵਿੰਨਦਾ ਹੋਇਆ ਪਰਾ ਚੇਤਨ ਵਿਚ ਚਲਾ ਜਾਂਦਾ ਹੈ। ਮੈਡੀਟੇਸ਼ਨ ਮਨ ਦੀ ਉਹ ਅਵਸਥਾ ਹੈ ਜਿਸ ਵਿਚ ਮਨ ਇਕੋ ਹੀ ਧਾਰਨਾ ਤੇ ਇਕੋ ਹੀ ਚੀਜ਼ ਤੇ ਬਰਾਬਰ ਲਗਾਤਾਰ ਜੁੜ ਜਾਂਦਾ ਹੈ ਇਸ ਤਰ੍ਹਾਂ ਕਰਨ ਨਾਲ ਅੰਤਰ ਗਿਆਨ ਦੁਆਰਾ ਸਾਖਿਆਤ ਅਨੁਭਵ ਹੁੰਦਾ ਹੈ। ਯੋਗਾ ਦਾ ਹਰ ਤਰੀਕਾ ਇਥੇ ਹੀ ਪਹੁੰਚਣ ਦਾ ਇਕ ਯਤਨ ਹੈ ਕਿਉਂਕਿ ਮੈਡੀਟੇਸ਼ਨ ਨਾਲ ਹੀ ਅਸੀਂ ਪਰਾ ਚੇਤਨ ਅਵਸਥਾ ਤੇ ਪਹੁੰਚਦੇ ਹਾਂ ਤੇ ਪੂਰਣਤਾ ਦੀ ਪ੍ਰਾਪਤੀ ਹੁੰਦੀ ਹੈ।

ਮੈਡੀਟੇਸ਼ਨ ਕਿਉਂ ਜ਼ਰੂਰੀ ਹੈ? ਜਿਵੇਂ ਚੇਤਨ ਮਨ ਦੇ ਥੱਲੇ ਅਚੇਤ ਮਨ ਦੀ ਤਹਿ ਹੈ ਇਸੇ ਤਰ੍ਹਾਂ ਚੇਤਨ ਮਨ ਦੇ ਉਪਰ ਵੀ ਇਕ ਸਤਹ ਹੈ ਇਕ ਤਹਿ ਹੈ ਜਿਸਨੂੰ ਪਰਾ ਚੇਤਨ ਕਹਿੰਦੇ ਹਨ ਕੇਵਲ ਮੈਡੀਟੇਸ਼ਨ ਕਰਕੇ ਹੀ ਤੁਸੀਂ ਇਸ ਸਥਾਨ ਤੇ ਪਹੁੰਚ ਸਕਦੇ ਹੋ, ਕੋਈ ਵਿਰਲਾ ਹੀ ਇਸ ਸਥਾਨ ਤੇ ਪਹੁੰਚਦਾ ਹੈ ਕਿਉਂਕਿ ਇਥੇ ਪਹੁੰਚਣ ਲਈ ਲਗਾਤਾਰ ਅਭਿਆਸ ਦੀ ਲੋੜ ਹੈ, ਇਹ ਪ੍ਰਾਪਤੀ ਉਦੋਂ ਹੀ ਹੁੰਦੀ ਹੈ ਜਦੋਂ ਮੈਡੀਟੇਸ਼ਨ ਹੀ ਤੁਹਾਡਾ ਜੀਵਨ ਬਣ ਜਾਂਦਾ ਹੈ।

ਮੈਡੀਟੇਸ਼ਨ ਨਾਲ ਤੁਹਾਡੀਆਂ ਸਰੀਰਕ ਤੇ ਮਾਨਸਿਕ ਸਮਸਿਆਵਾਂ ਵੀ ਦੂਰ ਹੋ ਜਾਂਦੀਆਂ ਹਨ। ਬਹੁਤ ਸਾਰੀਆਂ ਬਿਮਾਰੀਆਂ ਮਨੋਸਰੀਰਕ ਹਨ ਜਿਹੜੀਆਂ ਦਵੰਦ ਤੋਂ ਮਨ ਤੇ ਦਬਾ ਪਾ ਕੇ ਅੰਦਰ ਰੱਖੀਆਂ ਸਮੱਸਿਆ ਤੇ ਅਚੇਤ ਮਨ ਦੀਆਂ ਸਮੱਸਿਆ ਕਾਰਣ ਹੁੰਦੀਆਂ ਹਨ, ਮੈਡੀਟੇਸ਼ਨ ਕਰਕੇ ਤੁਸੀਂ ਇਨ੍ਹਾਂ ਸਮਸਿਆਵਾਂ ਤੋਂ ਜਾਣੂ ਹੋ ਜਾਂਦੇ ਹੋ। ਤੁਸੀਂ ਉਨ੍ਹਾਂ ਦਾ ਨਰੀਖਣ ਕਰ ਸਕਦੇ ਹੋ ਉਨ੍ਹਾਂ ਤੋਂ ਛੁਟਕਾਰਾ ਪਾ ਸਕਦੇ ਹੋ ਇਸ ਤਰ੍ਹਾਂ ਕਰਕੇ ਅਚੇਤ ਮਨ ਵਿਚ ਇਕਸੁਰਤਾ ਤੇ ਇਕਸਾਰਤਾ ਲਿਆ ਸਕਦੇ ਹੋ।

ਅੱਜ ਦੀ ਸਿਖਿਆ ਪ੍ਰਨਾਲੀ ਤੋਂ ਕੋਈ ਵੀ ਸੋਝੀ ਵਾਲਾ ਮਨੁੱਖ ਖੁਸ਼ ਨਹੀਂ ਹੋ ਸਕਦਾ, ਅੱਜ ਦੀ ਸਿਖਿਆ ਬਹੁਤ ਹੀ ਓਪਰੀ ਹੈ, ਇਕ ਪਾਸਾ ਹੀ ਰੱਖਣ ਵਾਲੀ ਹੈ ਇਸ ਵਿਚ ਕੇਵਲ ਰੱਟਨ ਤੇ ਜ਼ੋਰ ਦਿਤਾ ਜਾਂਦਾ ਹੈ ਇਸ ਨਾਲ ਤੁਹਾਡੀਆਂ ਅੰਦਰ ਅਵਸਥਾ ਅੰਤਰ ਦੇ ਗੁਣਾਂ ਨੂੰ ਬਾਹਰ ਪ੍ਰਗਟ ਹੋਣ ਦਾ, ਉਨ੍ਹਾਂ ਦੇ ਵਿਕਾਸ ਦਾ ਸਮਾਂ ਹੀ ਨਹੀਂ ਦਿਤਾ ਜਾਂਦਾ। ਇਹ ਸਭ ਕੁਝ ਕੇਵਲ ਮੈਡੀਟੇਸ਼ਨ ਨਾਲ ਹੀ ਹੋ ਸਕਦਾ ਹੈ। ਮੈਡੀਟੇਸ਼ਨ ਕਰਕੇ ਤੁਹਾਨੂੰ ਆਪਣੇ ਅੰਦਰ ਦੀਆਂ ਸ਼ਕਤੀਆਂ ਦਾ ਪਤਾ ਲਗਦਾ ਹੈ ਤੇ ਆਪਣੀਆਂ ਸੂਖਮ ਸ਼ਕਤੀਆਂ ਨੂੰ ਕਾਬੂ ਕਰਕੇ ਵਧੇਰੇ ਸਿਰਜਨਾਤਮਕ ਬਣਦਾ ਹੈ ਤੇ ਵਧੇਰੇ ਗਤੀਸ਼ੀਲ ਹੁੰਦਾ ਹੈ ਇਹੋ ਜਿਹੇ ਜਗਿਆਸੂ ਦੇ ਅੰਦਰ ਸੁਤੇ ਹੀ ਦੈਵੀ ਅਲੌਕਿਕ ਸ਼ਕਤੀਆਂ ਜਾਗਰਣ ਹੋ ਜਾਂਦੀਆਂ ਹਨ ਜਿਵੇਂ ਕਿ ਦਿਲ-ਸਾਂਝ ਦੂਰ ਅਨੁਭੂਤੀ, ਦਿਬ ਦ੍ਰਿਸ਼ਟੀ, ਅਗਮ ਨਿਗਮ ਦੀ ਸੋਝੀ। ਉਸ ਦੀਆਂ ਸੀਮਾਵਾਂ ਖਤਮ ਹੋ ਜਾਂਦੀਆਂ ਹਨ, ਕੌਤਕ ਉਸ ਦੀ ਯੋਗਤਾ ਬਣ ਜਾਂਦੀ ਹੈ। ਸਾਰੇ ਸੰਸਾਰ ਦੇ ਸਾਧੂ ਸੰਤ ਤੇ ਅਵਤਾਰਾਂ ਨੇ ਜੋ ਵੀ ਕੌਤਕ ਕੀਤੇ ਉਹ ਆਪਣੀ ਮੈਡੀਟੇਸ਼ਨ ਦੀ ਸ਼ਕਤੀ ਨਾਲ ਹੀ ਕੀਤੇ, ਪਰ ਉਹ

ਉਸ ਤਰ੍ਹਾਂ ਕੌਤਕ ਨਹੀਂ ਸੀ ਉਹ ਤਾਂ ਕੇਵਲ ਇਕ ਪੂਰਣਤਾ ਤਕ ਹੀ ਪਹੁੰਚੇ ਸੀ ਜਿਹੜੀ ਕਿ ਸਾਰਿਆਂ ਦੇ ਅੰਦਰ ਹੈ ਤੇ ਸਾਰੇ ਹੀ ਪਹੁੰਚ ਸਕਦੇ ਹਨ। ਇਨ੍ਹਾਂ ਸ਼ਕਤੀਆਂ ਦੀ ਸਿਖਿਆ ਤੇ ਅਨੁਸ਼ਾਸਨ ਜੋ ਲੋੜੀਂਦਾ ਹੈ ਉਸ ਦਾ ਸਭ ਤੋਂ ਵੱਡਾ ਨਿਯਮ ਹੈ ਕਿ ਇਨ੍ਹਾਂ ਸ਼ਕਤੀਆਂ ਨੂੰ ਆਪਣੇ ਹਿਤ ਲਈ ਕਦੀ ਨਹੀਂ ਵਰਤੋਗੇ। ਇਕ ਗਿਆਨੀ ਇਨ੍ਹਾਂ ਸ਼ਕਤੀਆਂ ਨੂੰ ਕੇਵਲ ਯੋਗਾ ਅਭਿਆਸ ਦਾ ਇਕ ਹਿੱਸਾ ਹੀ ਜਾਣ ਕੇ ਮੰਨਦਾ ਹੈ ਤੇ ਆਪਣੀ ਤਰੱਕੀ ਦਾ ਇਕ ਚਿੰਨ੍ਹ ਮੰਨਦਾ ਹੈ, ਉਸ ਦਾ ਇਕੋ ਇਕ ਗੋਲ ਇਕੋ ਇਕ ਉਦੇਸ਼ ਤਾਂ ਆਤਮਾ ਪ੍ਰਮਾਤਮਾ ਦਾ ਮੇਲ ਹੀ ਹੈ ਤੇ ਇਹ ਸ਼ਕਤੀਆਂ ਉਸ ਨੂੰ ਆਪਣੇ ਰਾਹ ਤੋਂ ਰੋਕ ਨਹੀਂ ਸਕਦੀਆਂ। ਇਕ ਚੰਗਾ ਜਗਿਆਸੂ ਤਾਂ ਆਪਣੇ ਅਭਿਆਸ ਜਾਰੀ ਰਖਦਾ ਹੈ ਤੇ ਉਦੋਂ ਤਕ ਹੀ ਕਰੀ ਜਾਂਦਾ ਹੈ ਜਦੋਂ ਤਕ ਉਹ ਪੂਰਣਤਾ ਤੇ ਨਹੀਂ ਪਹੁੰਚ ਜਾਂਦਾ।

ਲੰਮੇ ਸਮੇਂ ਤਕ ਤੇ ਡੂੰਘਾ ਧਿਆਨ ਲਗਾਉਣ ਨਾਲ, ਮੈਡੀਟੇਸ਼ਨ ਕਰਨ ਨਾਲ ਰਾਜ ਯੋਗ ਦੀ ਸਮਾਧੀ ਅਵਸਥਾ ਤੇ ਪਹੁੰਚ ਜਾਂਦੇ ਹੋ, ਪਰਾ ਚੇਤਨ ਅਵਸਥਾ ਤੇ ਪਹੁੰਚ ਜਾਂਦੇ ਹੋ ਇਥੇ ਪਹੁੰਚ ਕੇ ਤੁਸੀਂ ਉਸ ਪ੍ਰਮਾਤਮਾ ਨਾਲ ਇਕ ਹੋ ਜਾਂਦੇ ਹੋ ਤੁਹਾਡੀਆਂ ਸਾਰੀਆਂ ਕਮੀਆਂ, ਤਰੁੱਟੀਆਂ, ਸੀਮਾਵਾਂ ਦੂਰ ਰਹਿ ਜਾਂਦੀਆਂ ਹਨ ਇਹ ਇਕ ਰਹੱਸਵਾਦੀ ਮਿਲਨ ਕਿਹਾ ਜਾਂਦਾ ਹੈ, ਈਸਾਈ, ਬੋਧੀ, ਇਸਲਾਮ ਤੇ ਹਿੰਦੂ ਗ੍ਰੰਥਾਂ ਵਿਚ ਇਹ ਹੀ ਦਸਿਆ ਗਿਆ ਹੈ। ਸਮਾਧੀ ਨੂੰ ਨੀਂਦ ਤੋਂ ਬਿਨਾਂ ਸੌਣਾ ਵੀ ਕਿਹਾ ਗਿਆ ਹੈ ਯੋਗ ਨਿਦਰਾ ਵੀ ਕਿਹਾ ਗਿਆ ਹੈ ਜਿਹੜੀ ਜਾਗਣ ਤੋਂ, ਸੁਪਨ ਤੋਂ ਉਪਰ ਹੈ। ਜਿਹੜਾ ਜਗਿਆਸੂ ਸਮਾਧੀ ਅਵਸਥਾ ਤੇ ਪਹੁੰਚ ਗਿਆ ਉਹ ਤਾਂ ਸਮਾਜ ਲਈ ਇਕ ਬਖਸ਼ਿਸ਼ ਬਣ ਜਾਂਦਾ ਹੈ ਤੇ ਸਮਾਜ ਨੇ ਸਭਿਅਤਾ ਨੇ ਚੰਗੇਰਾ ਬਣਨਾ ਹੈ ਮਨੁੱਖਤਾ ਦਾ ਕੋਈ ਵਿਕਾਸ ਹੋਣਾ ਹੈ ਉਹ ਕੇਵਲ ਅੰਤਰ ਦੇ ਵਿਕਾਸ ਨਾਲ ਹੀ ਹੋ ਸਕਦਾ ਹੈ। ਜੋ ਸਮਾਧੀ ਸਥਿਤ ਹੈ ਉਸ ਦਾ ਸਭ ਕੁਝ ਪਰਾ ਚੇਤਨਾ ਤੋਂ ਹੀ ਆਉਂਦਾ ਹੈ।

ਸਰੀਰਕ ਵਿਗਿਆਨ ਤਾਂ ਇੰਦਰੀ ਬੋਧੀ ਤੇ ਪ੍ਰਤੱਖ ਗਿਆਨ ਤੇ ਹੀ ਚਲਦਾ ਹੈ ਜਿਸ ਦੀ ਵਿਆਖਿਆ ਤਰਕਸ਼ੀਲ ਬੁੱਧੀ ਕਰਦੀ ਹੈ ਇੰਦਰੀ ਬੋਧ ਤੇ ਪ੍ਰਤੱਖ ਗਿਆਨ ਦੀ ਸੀਮਾ ਹੈ, ਸਮਾ ਹੈ, ਸਥਾਨ ਹੈ, ਕਾਰਣ ਹੈ। ਇਹ ਸਾਨੂੰ ਪੂਰਣ ਗਿਆਨ ਨਹੀਂ ਦਿੰਦੇ, ਮਨੁੱਖ ਬਾਰੇ ਪੂਰਾ ਨਹੀਂ ਦਸਦੇ, ਪੂਰੀ ਸਿਰਜਨਾ ਬਾਰੇ ਨਹੀਂ ਦਸਦੇ। ਯੋਗ ਵਿਗਿਆਨ ਸਾਰੇ ਵਿਗਿਆਨਾਂ ਦੀ ਰੂਹ ਹੈ ਸਾਰੀਆਂ ਫਿਲੌਸਫੀਆਂ ਦੀ ਜਾਨ ਹੈ ਇਹ ਅੱਜ ਦੇ ਮਨੁੱਖ ਦੀਆਂ ਸਾਰੀਆਂ ਸਮਸਿਆਵਾਂ ਦਾ ਸਮਾਧਾਨ ਕਰ ਸਕਦੀ ਹੈ, ਪੂਰਬ ਤੇ ਪੱਛਮ ਦੋਨੋਂ ਪਾਸੇ ਦੇ ਪ੍ਰਾਣੀਆਂ ਲਈ ਉਪਯੋਗੀ ਹੈ। ਇਹ ਇਕ ਕਰਮਬੱਧ ਤੇ ਸਥਾਈ ਗਿਆਨ ਹੈ ਤੇ ਇਹ ਗਿਆਨ ਦੀ ਉਚੇਰੀ ਅਵਸਥਾ ਤੇ ਲੈ ਜਾਂਦਾ ਹੈ ਜਿਸਨੂੰ ਅਨੁਭਵੀ ਗਿਆਨ ਕਹਿੰਦੇ ਹਨ। ਯੋਗ ਸਿਖਿਆ ਸਾਨੂੰ ਪੁਰਾਤਨ ਯੋਗੀਆਂ ਦੇ ਕਾਰਣ ਉਨ੍ਹਾਂ ਦੇ ਰਾਹੀਂ ਹੀ ਮਿਲੀ ਹੈ ਜਿਨ੍ਹਾਂ ਦੇ ਜੀਵਨ ਪੂਰਨ ਤਿਆਗ ਦੇ ਜੀਵਨ ਨਿਰਸੁਆਰਥੀ ਜੀਵਨ ਬਤੀਤ ਕਰਦੇ ਰਹੇ ਹਨ ਤੇ ਸਦਾ ਹੀ ਮੈਡੀਟੇਸ਼ਨ ਵਿਚ ਰਹੇ ਹਨ। ਉਨ੍ਹਾਂ ਦੇ ਅਨੁਭਵਾਂ ਨੇ ਉਨ੍ਹਾਂ ਨੂੰ ਜਾਨਣ ਦੀ ਸਮਝਣ ਦੀ, ਵਿਆਖਿਆ ਕਰਨ ਦੀ ਸ਼ਕਤੀ ਦਿਤੀ ਮਨ ਦਿਤਾ ਤੇ ਉਨ੍ਹਾਂ ਨੂੰ ਅਨੁਭਵ ਹੋਏ, ਬ੍ਰਹਮ ਗਿਆਨ ਹੋਇਆ ਜਿਹੜਾ ਉਨ੍ਹਾਂ ਨੇ ਕਰਮਬੱਧ ਕੀਤਾ, ਇਹੋ ਹੀ ਗਿਆਨ ਪੀੜੀ ਦਰ ਪੀੜੀ ਗੁਰੂ ਸ਼ਿਕਸ਼ਕ ਦੇ ਰੂਪ ਵਿਚ ਅੱਗੇ ਤੋਂ ਅੱਗੇ ਅੱਜ ਤਕ ਚਲਦਾ ਆ ਰਿਹਾ ਹੈ। ਜਿਹੜਾ ਪੁਰਾਤਨ ਸਮੇਂ ਤੋਂ ਚੱਲ ਕੇ ਅੱਜ ਤਕ ਚਲਦਾ ਸਮਾਂ ਆ ਰਿਹਾ ਹੈ। ਵਡਭਾਗੇ ਹਨ ਉਹ ਜਗਿਆਸੂ ਉਹ ਸੁਹਿਰਦ ਜਗਿਆਸੂ ਜਿਹੜੇ ਇਸ ਸਤਿ ਨੂੰ ਜਾਨਣ ਦੀ ਚੇਸ਼ਟਾ ਰਖਦੇ ਹਨ, ਸ਼ਰਧਾ ਰਖਦੇ ਹਨ। ਉਹ ਜਗਿਆਸੂ ਆਪਣੀ ਸਮਰਥਾ ਵਧਾ ਸਕਦਾ ਹੈ ਦੇਖ ਸਕਦਾ ਹੈ, ਅੰਤਰਮੁਖ ਹੋ ਕੇ ਉਹ ਪਰਾ ਚੇਤਨ ਅਵਸਥਾ ਤੇ ਪਹੁੰਚ ਕੇ ਸਾਰੇ ਪ੍ਰਕਾਸ਼ ਕਰ ਸਕਦੇ ਹਨ ਕਿਉਂਕਿ ਉਹ ਉਸ ਅਵਸਥਾ ਨੂੰ ਪ੍ਰਾਪਤ ਹੋ ਗਿਆ ਹੈ।

## ਅਧਿਆਇ ਦੂਸਰਾ

### ਯਮ ਤੇ ਨਿਯਮ

ਮਨ ਤੇ ਸਰੀਰ ਆਪਸ ਵਿਚ ਗਹਿਰਾ ਸਬੰਧ ਹੈ ਇਨ੍ਹਾਂ ਦਾ ਇਕ ਦੂਸਰੇ ਤੇ ਪ੍ਰਭਾਵ ਹੈ, ਅਸਰ ਹੈ, ਅਸੀਂ ਭਾਵੇਂ ਐਨਾ ਗਹਿਰਾ ਨਾ ਸੋਚਦੇ ਹੋਈਏ ਵਾਸਤਵ ਵਿਚ ਬਹੁਤ ਹੀ ਡੂੰਘਾ ਸਬੰਧ ਹੈ। ਵਾਸਤਵ ਵਿਚ ਅੱਜ ਦੇ ਮਨੋਵਿਗਿਆਨ ਦੀ ਖੋਜ ਤਾਂ ਇਹ ਦਸਦੀ ਹੈ ਕਿ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ, ਸਰੀਰਕ ਰੋਗ ਸਾਡੇ ਮਨ ਦੀ ਅਵਸਥਾ, ਸਾਡੇ ਸੰਵੇਗਕ ਅਸ਼ਾਂਤੀ ਦਾ ਪ੍ਰਗਟਾਵਾ ਹੁੰਦੇ ਹਨ। ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਰੀਰਕ ਅਵਸਥਾ ਸਾਡੇ ਸਰੀਰ ਦੀ ਹਾਲਤ, ਸਾਡੇ ਮਨ ਦੀ ਅਵਸਥਾ ਤੇ ਹੀ ਨਿਰਭਰ ਹੈ ਇਸੇ ਕਰਕੇ ਇਹ ਜ਼ਰੂਰੀ ਹੈ ਕਿ ਮਾਨਸਿਕ ਰੁਚੀਆਂ ਠੀਕ ਢੰਗ ਨਾਲ ਅੰਦਰ ਪੈਦਾ ਕੀਤੀਆਂ ਜਾਣ ਜਿਨ੍ਹਾਂ ਨਾਲ ਮਨ ਸਥਿਰ, ਸਮਾਚਿਤ ਰਹੇ ਫੇਰ ਸਰੀਰ ਨੂੰ ਠੀਕ ਰੱਖਣਾ ਸੋਚਿਆ ਜਾਵੇ। ਇਹੋ ਹੀ ਕਾਰਣ ਹੈ ਕਿ ਯਮ ਨਿਯਮ ਤੋਂ ਪਹਿਲੇ ਯੋਗ ਆਸਨ ਤੇ ਪ੍ਰਾਣਾਯਾਮ ਦੱਸਿਆ ਜਾਂਦਾ ਹੈ। ਜੇ ਮਨ ਹੀ ਅਸ਼ਾਂਤ ਰਹੇਗਾ, ਮਨ ਅਸ਼ਾਂਤ ਹੋਵੇਗਾ ਫੇਰ ਕੋਈ ਵੀ ਆਸਨ ਸਰੀਰ ਦੇ ਵਿਘਨਾਂ ਨੂੰ ਠੀਕ ਨਹੀਂ ਕਰ ਸਕੇਗਾ। ਇਸ ਕਰਕੇ ਆਸਨ ਤੇ ਪ੍ਰਾਣਾਯਾਮ ਦਾ ਲਾਭ ਬੜਾ ਹੀ ਸੀਮਤ ਹੈ

ਜੇਕਰ ਉਨ੍ਹਾਂ ਨੂੰ ਯਮ ਤੇ ਨਿਯਮ ਨਾਲ ਨਾ ਜੋੜਿਆ ਜਾਵੇ ਜਿਹੜੇ ਕਿ ਇਕ ਨੈਤਿਕ ਨਿਯਮ ਹਨ ਜਾਂ ਕਹਿ ਲਵੋ ਕਿ ਜਿਹੜੇ ਕਿ ਯੋਗ ਦੇ ਦਸ ਵਚਨਬੰਧ ਹਨ।

**ਯਮ**

ਯਮ ਪੰਜ ਉਹ ਨੀਯਮ ਹਨ, ਰੋਕ ਹਨ, ਕੰਟਰੋਲ ਹਨ ਜਿਹੜੇ ਦੂਸਰਿਆਂ ਨਾਲ ਤੁਹਾਡਾ ਰਿਸ਼ਤਾ ਨਿਅੰਤਰਣ ਵਿਚ ਰਖਦੇ ਹਨ ਇਹ ਹਨ ਅਹਿੰਸਾ। ਸਤਿ, ਸਚਾਈ ਤੇ ਰਹਿਣਾ। ਅਸਤਿ ਭਾਵ ਚੋਰੀ ਨਹੀਂ ਕਰਨੀ। ਬ੍ਰਹਮਚਰੀਆ ਰੱਖਣਾ ਤੇ ਪੰਜਵਾਂ ਅਪਰਗਰਭਾ ਭਾਵ ਕਿਸੇ ਵੀ ਚੀਜ਼ ਤੇ ਆਪਣਾ ਅਧਿਆਕਾਰ ਨਹੀਂ ਰੱਖਣਾ।

ਅਹਿੰਸਾ ਤੋਂ ਭਾਵ ਹੈ ਕਿਸੇ ਨੂੰ ਵੀ ਦੁੱਖ ਨਹੀਂ ਦੇਣਾ। ਕਿਸੇ ਦਾ ਮਨ ਨਹੀਂ ਦੁਖਾਉਣਾ। ਆਮ ਤੌਰ ਤੇ ਅਸੀਂ ਹਿੰਸਾ ਇਹ ਹੀ ਸੋਚਦੇ ਹਾਂ ਕਿ ਜਦੋਂ ਤੁਸੀਂ ਕਿਸੇ ਨੂੰ ਸਰੀਰ ਵਲੋਂ ਦੁਖ ਦਿਓ, ਮਾਰੋ ਜਾਂ ਤੇ ਚੰਗੀਆਂ ਸਮਾਜਿਕ ਵਰਗਾਂ ਵਿਚ ਇਸ ਤਰ੍ਹਾਂ ਸਰੀਰਕ ਹਿੰਸਾ ਕੀਤੀ ਹੀ ਨਹੀਂ ਜਾਂਦੀ। ਪਰ ਅਹਿੰਸਾ ਤੋਂ ਭਾਵ ਮਾਨਸਿਕ ਵਿਚਾਰਾਂ ਤੋਂ ਵੀ ਹੈ ਕਿ ਤੁਸੀਂ ਕਿਸੇ ਨੂੰ ਮਾਨਸਿਕ ਪੱਖੋਂ ਵੀ ਦੁਖ ਨਾ ਪਹੁੰਚਾਓ, ਕਿਸੇ ਨੂੰ ਦੁਰ ਸ਼ਬਦ ਵੀ ਨਾ ਕਹੋ। ਆਮ ਤੌਰ ਤੇ ਪਹਿਲਾਂ ਸਾਡੇ ਮਨ ਵਿਚ ਹਿੰਸਕ ਵਿਚਾਰ ਆਉਂਦੇ ਹਨ ਫੇਰ ਅਸੀਂ ਕਿਸੇ ਨੂੰ ਮੰਦਾ ਬੋਲਦੇ ਹਾਂ ਜਾਂ ਮਾਰਦੇ ਹਾਂ ਜਾਂ ਕੋਈ ਨੁਕਸਾਨ ਪਹੁੰਚਾਉਂਦੇ ਹਾਂ। ਹਿੰਸਕ ਵਿਚਾਰ ਮਨ ਲਈ ਬਹੁਤ ਹੀ ਹਾਨੀਕਾਰਕ ਹਨ। ਸਰੀਰ ਉਤੇ ਵੀ ਉਨ੍ਹਾਂ ਦਾ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ ਇਸ ਕਰਕੇ ਇਨ੍ਹਾਂ ਤੋਂ ਦੂਰ ਰਹਿਣਾ ਚਾਹੀਦਾ ਹੈ, ਬਚ ਕੇ ਰਹਿਣਾ ਚਾਹੀਦਾ ਹੈ। ਦੂਸਰੇ ਪਾਸੇ ਚੇਤਨ ਹੋ ਕੇ ਅਹਿੰਸਕ ਵਿਚਾਰ ਮਨ ਵਿਚ ਲਿਆਉਣੇ ਚਾਹੀਦੇ ਹਨ ਇਨ੍ਹਾਂ ਨਾਲ ਪ੍ਰੇਮ ਪਿਆਰ ਵਧਦਾ ਹੈ। ਤੁਸੀਂ ਸਾਰੇ ਕਿਤੇ ਸ੍ਰਿਸ਼ਟੀ ਵਿਚ ਏਕਤਾ ਦੇਖਦੇ ਹੋ, ਸਭ ਵਿਚ ਪ੍ਰੇਮ ਦੇਖਦੇ ਹੋ ਤੇ ਇਸ ਤਰ੍ਹਾਂ ਨਾਲ ਆਤਮ ਸਿੱਧੀ, ਆਤਮ ਸਾਧਨਾ ਜਾਗਦੀ ਹੈ।

ਸਤਿ - ਸੱਚ ਇਹ ਨੈਤਿਕ ਸਦਾਚਾਰ ਨਿਯਮਾਂ ਦਾ ਇਹ ਬਹੁਤ ਹੀ ਅਹਿਮ ਹਿੱਸਾ ਹੈ, ਹਰ ਸਮਾਜ ਦੇ ਆਪਣੇ ਸਦਾਚਾਰ ਨੀਯਮ ਹਨ, ਹਰੇਕ ਨੂੰ ਆਪਣੇ ਆਪ ਨਾਲ ਸੱਚਾ ਹੋਣਾ ਜ਼ਰੂਰੀ ਹੈ। ਦੂਸਰਿਆਂ ਨਾਲ ਸੱਚ, ਸੱਚੇ ਹੋਣਾ ਚਾਹੀਦਾ ਹੈ। ਸੱਚ ਤੋਂ ਭਾਵ ਸੱਚ ਬੋਲਣਾ ਹੀ ਨਹੀਂ, ਤੁਹਾਡੇ ਵਿਚਾਰ ਸੱਚੇ ਸੁੱਚੇ ਹੋਣ। ਤੁਹਾਡੀ ਸ਼ਬਦਾਵਲੀ ਸੱਚੀ ਸੁੱਚੀ ਹੋਵੇ, ਤੁਹਾਡੇ ਕਰਮ ਸੱਚੇ ਸੁੱਚੇ ਹੋਣ। ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ ਇਕ ਝੂਠ ਬੋਲ ਕੇ 100 ਝੂਠ ਉਸਨੂੰ ਲੁਕਾਉਣ ਲਈ ਬੋਲਣੇ ਪੈਂਦੇ ਹਨ। ਇਸ ਤਰ੍ਹਾਂ ਕਰਕੇ ਧੋਖਾ ਦੇਣਾ, ਤੁਹਾਡਾ ਸੁਭਾਅ ਬਣ ਜਾਂਦਾ ਹੈ ਤੇ ਮਨ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜੇ ਸੱਚ ਹੀ ਆਪਣੇ ਜੀਵਨ ਦਾ ਧੇਅ ਬਣਾ ਲਿਆ ਜਾਵੇ ਤੇ ਜੋ ਬੋਲੋਗੇ ਉਹ ਸੱਚ ਬੋਲੋਗੇ, ਜੋ ਕਹੋਗੇ ਉਹ ਸੱਚ ਹੀ ਹੋਵੇਗਾ ਕਿਉਂਕਿ ਉਹ ਝੂਠ ਬੋਲਣ ਦੇ ਕਾਬਲ ਹੀ ਨਹੀਂ।

ਅਸਤਿ - ਚੋਰੀ ਨਹੀਂ ਕਰਨੀ, ਵੱਡੀ ਨਹੀਂ ਲੈਣੀ, ਪੈਸਿਆਂ ਦੀ ਕੋਈ ਹੇਰਾ ਫੇਰੀ ਨਹੀਂ ਕਰਨੀ। ਮਨੁੱਖ ਦਾ ਸੁਭਾਅ ਹੈ ਕਿ ਦੂਸਰੇ ਕੋਲ ਵੱਧ ਦੇਖ ਕੇ, ਦੂਸਰਿਆਂ ਦੀਆਂ ਵਸਤਾਂ ਦੇਖ ਕੇ ਇੱਛਾ ਉਤਪੰਨ ਹੁੰਦੀ ਹੈ ਕਿ ਮੇਰੇ ਕੋਲ ਵੀ ਹੋਣ ਤੇ ਜਦੋਂ ਮਨ ਵਿਚ ਇਸ ਤਰ੍ਹਾਂ ਦੀ ਭਾਵਨਾ ਆ ਜਾਵੇ ਤਾਂ ਬਹੁਤ ਔਖਾ ਹੋ ਜਾਂਦਾ ਹੈ। ਆਮ ਤੌਰ ਤੇ ਇਹੋ ਜਿਹੀ ਭਾਵਨਾ ਉਦੋਂ ਹੀ ਆਉਂਦੀ ਹੈ, ਜਦੋਂ ਤੁਸੀਂ ਆਪਣੇ ਆਪ ਨੂੰ ਹੀਣ ਸਮਝਦੇ ਹੋ, ਈਰਖਾ ਕਰਦੇ ਹੋ ਜਾਂ ਇਹ ਸਮਝਦੇ ਹੋ ਕਿ ਮੇਰੇ ਨਾਲ ਤਾਂ ਧੋਖਾ ਹੋਇਆ ਹੈ। ਮੁੜ ਮੁੜ ਕੇ ਇਹ ਵਿਚਾਰ ਆਉਂਦਾ ਹੈ ਜੋ ਮੈਨੂੰ ਮਿਲਣਾ ਚਾਹੀਦਾ ਹੈ ਉਹ ਦੂਸਰੇ ਕੋਲ ਹੈ, ਮੈਨੂੰ ਉਹ ਮਿਲੇ ਤਾਂ ਹੀ ਮੈਂ ਪੂਰਨ ਹੋਵਾਂ। ਬਾਹਰ ਦੀਆਂ ਵਸਤਾਂ ਦੀ ਚੋਰੀ ਕਰਕੇ ਅੰਦਰ ਦਾ ਅਧੂਰਾਪਣ ਅੰਦਰ ਦੀ ਕਮੀ ਪੂਰੀ ਨਹੀਂ ਹੋ ਸਕਦੀ, ਜਿਸ ਕਾਰਣ ਬਾਰ-ਬਾਰ ਮਨੁੱਖ ਚੋਰੀ ਕਰਦਾ ਰਹਿੰਦਾ ਹੈ ਪਰ ਉਹ ਅੰਦਰ ਦੀ ਕਮੀ ਪੂਰੀ ਨਹੀਂ ਹੁੰਦੀ, ਉਹ ਅੰਦਰ ਦੀ ਭਾਵਨਾ ਜਾਂਦੀ ਹੀ ਨਹੀਂ। ਅਸਤਿ ਨਾਲ ਇਹੋ ਜਿਹੀ ਪ੍ਰਵਿਰਤੀ ਨੂੰ ਰੋਕਣ ਲਈ ਸਹਾਈ ਹੁੰਦਾ ਹੈ, ਅਸਤਿ ਨਾਲ ਪੂਰਣਤਾ ਦੀ ਭਾਵਨਾ ਆਉਂਦੀ ਹੈ, ਸ੍ਵੈ ਸੰਪੂਰਨਤਾ ਦੀ ਭਾਵਨਾ ਆਉਂਦੀ ਹੈ ਤੇ ਇਹੋ ਜਿਹੇ ਬੰਧਨਾਂ ਤੋਂ ਮੁਕਤੀ ਮਿਲਦੀ ਹੈ।

**ਬ੍ਰਹਮਚਰੀਅ** - ਇਸ ਦੇ ਅਰਥ ਹਨ ਸਤਿ ਵਿਚ ਰਹਿਣਾ, ਸਤਿ ਨਾਲ ਲੈ ਕੇ ਚੱਲਣਾ, ਜਿਹੜਾ ਇਹ ਯਮ ਨੂੰ ਲੈ ਕੇ ਚਲਦਾ ਹੈ ਉਹ ਕੇਵਲ ਬ੍ਰਹਮ ਹੀ ਪਹਿਚਾਨਦਾ ਹੈ ਇਹ ਅਵਸਥਾ ਉਦੋਂ ਹੀ ਆਉਂਦੀ ਹੈ ਜਦੋਂ ਮਨ ਸਾਰੀਆਂ ਇਛਾਵਾਂ ਤੋਂ ਮੁਕਤ ਹੋ ਜਾਂਦਾ ਹੈ, ਸਾਰੀਆਂ ਇੰਦਰੀਆਂ ਕਾਬੂ ਕਰ ਲੈਂਦਾ ਹੈ ਇਨ੍ਹਾਂ ਵਿਚ ਕਾਮ ਦੀ ਉਤੇਜਨਾ ਸਭ ਤੋਂ ਵੱਧ ਜ਼ੋਰਦਾਰ ਹੈ ਤੇ ਸਭ ਤੋਂ ਵੱਧ ਬਰਬਾਦ ਕਰਨ ਵਾਲੀ ਹੈ ਇਸ ਕਾਰਣ ਬ੍ਰਹਚਰੀਆ ਨੂੰ ਆਮ ਤੌਰ ਤੇ ਜਮ ਤੋਂ ਦੂਰ ਰਹਿਣਾ ਤੇ ਜਤ ਸਤ ਦਾ ਜੀਵਨ ਜੀਉਣਾ ਕਿਹਾ ਜਾਂਦਾ ਹੈ, ਬ੍ਰਹਮਚਰੀਆ ਜੀਵਨ। ਵਾਸਤਵ ਵਿਚ ਇਸ ਤੋਂ ਭਾਵ ਹੈ ਕਿ ਕਾਮ ਤੋਂ ਦੂਰ ਹੀ ਰਹਿਣਾ ਕਿਉਂਕਿ ਕਾਮ ਦੀ ਪੂਰਤੀ ਨਾਲ ਬਹੁਤ ਹੀ ਇਕ ਵਾਈਟਲ ਸ਼ਕਤੀ ਦਾ ਨਾਸ਼ ਹੁੰਦਾ ਹੈ ਜਿਸ ਸ਼ਕਤੀ ਨੂੰ ਸਾਂਭ ਕੇ ਤੁਸੀਂ ਚੇਤਨਤਾ ਦੀਆਂ ਡੂੰਘਾਈਆਂ ਵਿਚ ਜਾ ਸਕਦੇ ਹੋ। ਬ੍ਰਹਮਚਰੀਆ ਨੂੰ ਕਿਸੇ ਵੀ ਤਰ੍ਹਾਂ ਕਾਮ ਨੂੰ, ਕਾਮ ਦੀ ਇੱਛਾ ਭਾਵਨਾ ਨੂੰ ਦਬਾਣ ਦਾ ਨਹੀਂ ਸੋਚਣਾ ਚਾਹੀਦਾ,

ਕਿਉਂਕਿ ਦਬਾਣ ਨਾਲ ਅਸ਼ਾਂਤੀ ਪੈਦਾ ਹੁੰਦੀ ਹੈ ਤੇ ਮਨ ਦੀ ਸਥਿਤੀ ਦਾ ਸੰਤੁਲਨ ਵਿਗੜ ਜਾਂਦਾ ਹੈ। ਜਦੋਂ ਕਿ ਬ੍ਰਹਚਰੀਆ ਤੋਂ ਭਾਵ ਹੈ ਹਰ ਪ੍ਰਕਾਰ ਆਜ਼ਾਦੀ ਨੂੰ ਬੰਨ ਲਗਾਉਣਾ, ਇੰਦਰੀਆਂ ਨੂੰ ਕਾਬੂ ਕਰਕੇ ਰੱਖਣਾ। ਆਤਮ ਸਿੱਧੀ ਦੇ ਅਨੰਦ ਨਾਲ ਇੰਦਰੀਆਂ ਦੀ ਇੱਛਾ ਆਪਣੇ ਆਪ ਜਾਂਦੀ ਰਹਿੰਦੀ ਹੈ।

ਅਪਾਰੀਗਰਹ - ਇਸਨੂੰ ਕਬਜ਼ਾ ਨਾ ਰੱਖਣਾ, ਆਪਣਾ ਨਾ ਕਹਿਣਾ, ਆਪਣਾ ਹੱਕ ਨਾ ਦੱਸਣਾ ਵੀ ਕਿਹਾ ਗਿਆ ਹੈ ਇਸ ਤੋਂ ਬਹੁਤ ਵਾਰੀ ਇਹ ਭਾਵ ਵੀ ਲਿਆ ਗਿਆ ਹੈ ਕਿ ਆਪਣੇ ਆਪ ਨੂੰ ਪਦਾਰਥਾਂ ਤੋਂ ਵਾਂਝੇ ਰਖਣਾ। ਜਿਵੇਂ ਕਿ ਇਨ੍ਹਾਂ ਸਾਰੇ ਹੀ ਕੰਟਰੋਲ ਤੋਂ ਪਤਾ ਲਗਦਾ ਹੈ ਇਹ ਸਾਰੇ ਹੀ ਸੰਕੋਚ, ਸਾਰੇ ਹੀ ਕੰਟਰੋਲ ਅੰਤਰ ਆਤਮਾ ਤੋਂ ਅੰਦਰ ਦੀ ਪ੍ਰਵਿਰਤੀ ਤੋਂ ਹੋਣੇ ਚਾਹੀਦੇ ਹਨ। ਬਾਹਰੋਂ ਨਹੀਂ ਥੋਪੇ ਜਾਣੇ ਚਾਹੀਦੇ, ਨਾ ਹੀ ਇਸ ਤਰ੍ਹਾਂ ਪ੍ਰਤੀਤ ਹੋਣਾ ਚਾਹੀਦਾ ਹੈ ਕਿ ਬਾਹਰੋਂ ਥੋਪੇ ਜਾ ਰਹੇ ਹਨ। ਇਸ ਤੋਂ ਭਾਵ ਹੈ ਕਿ ਕਿਸੇ ਵੀ ਪਦਾਰਥ ਦੇ ਅਧੀਨ ਨਹੀਂ ਹੋਣਾ, ਉਸ ਦੇ ਗੁਲਾਮ ਨਹੀਂ ਹੋਣਾ, ਕੋਈ ਵੀ ਪਦਾਰਥ ਇਹੋ ਜਿਹੀ ਨਹੀਂ ਹੋਣੀ ਚਾਹੀਦੀ ਕਿ ਤੁਸੀਂ ਉਸ ਦੇ ਗੁਲਾਮ ਬਣ ਜਾਓ, ਉਸ ਤੋਂ ਬਗੈਰ ਰਹਿ ਹੀ ਨਾ ਸਕੋ। ਬਾਹਰੋਂ ਤੁਸੀਂ ਉਨ੍ਹਾਂ ਨੂੰ ਦੂਰ ਹੀ ਰੱਖੋ, ਪਰ ਵੈਸੇ ਤੁਸੀਂ ਉਨ੍ਹਾਂ ਦੇ ਗੁਲਾਮ ਹੋਵੋ। ਇਕ ਮੰਗਤਾ ਆਪਣੇ ਮੰਗਣ ਵਾਲੇ ਭਾਂਡੇ ਨਾਲ ਵਧੇਰੇ ਮੋਹ ਰੱਖੇਗਾ। ਬਾਕੀ ਕੋਈ ਖਜ਼ਾਨੇ ਦੀ ਚਾਹੇ ਉਸਨੂੰ ਪ੍ਰਵਾਹ ਨਾ ਹੋਵੇ। ਖਤਰਾ ਪਦਾਰਥਾਂ ਨਾਲ ਨਹੀਂ ਹੈ, ਪਦਾਰਥਾਂ ਭਾਵੇਂ ਜਿੰਨੀਆਂ ਹੋਣ ਡਰ ਹੈ ਉਨ੍ਹਾਂ ਨਾਲ ਮੋਹ ਦਾ ਉਨ੍ਹਾਂ ਨੂੰ ਆਪਣੇ ਕਾਬੂ ਆਪਣੇ ਵਸ ਰੱਖਣ ਦਾ।

ਨੀਯਮ - ਨੀਯਮ ਤੋਂ ਭਾਵ ਹੈ ਜੋ ਤੁਸੀਂ ਰੋਜ਼ ਨਿਭਾਉਣਾ ਹੈ, ਵਧੇਰੇ ਮਹੱਤਵਪੂਰਣ ਪੰਜ ਨੀਯਮ ਹਨ - ਸੁਚ, ਸੰਤੋਖ, ਅਭਿਆਸ ਤਪ, ਸਵਾਧਿਆਇ ਗਿਆਨ ਪ੍ਰਾਪਤੀ ਲਈ ਪੜ੍ਹਾਈ, ਆਤਮ ਸਿੱਧੀ ਨੂੰ ਜਾਨਣਾ, ਸਮਰਪਣ ਆਪਣਾ ਆਪ ਸਮਰਪਣ ਕਰਨਾ।

ਸੁੱਚ ਤੋਂ ਭਾਵ ਹੈ ਸਰੀਰ ਤੇ ਮਨ ਦੀ ਸੁਚਮ, ਸਰੀਰ ਦੀ ਸੁਚਮ ਤਾਂ ਸੌਖੀ ਹੋ ਜਾਂਦੀ ਹੈ ਜਦੋਂ ਕਿ ਮਨ ਦੀ ਸੁੱਚਮ ਪ੍ਰਾਪਤੀ ਕਰਨੀ ਔਖੀ ਹੈ। ਮਨ ਦੀ ਸੁੱਚਮ ਪ੍ਰਾਪਤ ਲਈ ਸਿਮ੍ਰਿਤੀ ਹੋਣੀ ਚਾਹੀਦੀ ਹੈ, ਬੁੱਧੀ ਹੋਣੀ ਚਾਹੀਦੀ ਹੈ, ਵਿਵੇਕ ਹੋਣਾ ਜ਼ਰੂਰੀ ਹੈ। ਤੁਹਾਨੂੰ ਆਪਣੇ ਵਿਚਾਰਾਂ ਦਾ ਪਤਾ ਹੋਣਾ ਚਾਹੀਦਾ ਹੈ ਐਨਾ ਹੀ ਨਹੀਂ ਤੁਹਾਡੇ ਅੰਦਰ ਐਨਾ ਵਿਵੇਕ ਹੋਣਾ ਚਾਹੀਦਾ ਹੈ ਕਿ ਤੁਸੀਂ ਚੰਗੇ ਮੰਦੇ ਦਾ ਫੈਸਲਾ ਕਰ ਸਕੋ ਕਿ ਕੀ ਠੀਕ ਹੈ ਕੀ ਨਹੀਂ। ਇਸ ਗੱਲ ਦਾ ਫੈਸਲਾ ਕਰਨ ਲਈ ਇਹ ਜਾਣ ਲੈਣਾ ਅਵਸ਼ਕ ਹੈ ਕਿ ਕੀ ਕਰਨ ਨਾਲ ਤੁਸੀਂ ਮੁਕਤ ਹੁੰਦੇ ਹੋ। ਵਧੇਰੇ ਸੁਤੰਤਰ ਹੁੰਦੇ ਹੋ ਤੇ ਕੀ ਕਰਨ ਨਾਲ ਤੁਸੀਂ ਕਰਮਾਂ ਵਿਚ ਬੱਝਦੇ ਜਾਂਦੇ ਹੋ ਤੇ ਅਗਿਆਨ ਵਿਚ ਫਸਦੇ ਜਾਂਦੇ ਹੋ। ਨਿਸ਼ਕਪਟਤਾ ਤੇ ਉਦਮ ਅਣਥੱਕ ਯਤਨ ਇਹ ਦੋਨੋਂ ਹੀ ਇਸ ਨੀਯਮ ਨੂੰ ਨਿਭਾਉਣ ਲਈ ਜ਼ਰੂਰੀ ਹਨ।

ਸੰਤੋਖ - ਸੰਤੋਖ ਇਹ ਤਾਂ ਮਨ ਦੀ ਹੀ ਇਕ ਅਵਸਥਾ ਹੈ ਤੇ ਸੰਤੋਖ ਦਾ ਸਬੰਧ ਤੁਹਾਡੀਆਂ ਪਦਾਰਥਾਂ ਨਾਲ ਨਹੀਂ ਹੈ। ਤੁਹਾਡੇ ਕੋਲ ਕੀ ਹੈ, ਕਿੰਨਾ ਹੈ। ਮਿਸਾਲ ਵਜੋਂ ਇਕ ਮੰਗਤਾ ਭਾਵੇਂ ਇਕ ਰਾਜੇ ਨਾਲੋਂ ਵੱਧ ਸੰਤੋਖੀ ਹੋਵੇ। ਮਨੁੱਖ ਦੀਆਂ ਇਛਾਵਾਂ ਦਾ ਤਾਂ ਕੋਈ ਅੰਤ ਨਹੀਂ ਕੋਈ ਸੀਮਾ ਹੀ ਨਹੀਂ। ਜਦੋਂ ਇਕ ਇੱਛਾ ਪੂਰਣ ਹੋ ਜਾਂਦੀ ਹੈ, ਦੂਸਰੀ ਉੱਠ ਖੜ੍ਹੀ ਹੁੰਦੀ ਹੈ ਜਿਸ ਕਰਕੇ ਮਨ ਸਦਾ ਅਸ਼ਾਂਤ ਹੀ ਰਹਿੰਦਾ ਹੈ, ਤਪਿਆ ਹੀ ਰਹਿੰਦਾ ਹੈ। ਮਨ ਦੀ ਸ਼ਾਂਤੀ ਤਾਂ ਕੇਵਲ ਸੰਤੋਖ ਨਾਲ ਹੀ ਹੋ ਸਕਦੀ ਹੈ, ਪਰ ਦੂਜੇ ਪਾਸੇ ਸੰਤੋਖ ਤੋਂ ਭਾਵ ਇਹ ਨਹੀਂ ਕਿ ਤੁਸੀਂ ਆਪਣੀ ਡਿਊਟੀ ਕਰਨੀ ਹੈ, ਸੇਵਾ ਕਰਨੀ ਹੈ, ਤੁਹਾਡੇ ਅੰਦਰ ਅਸੰਤੋਖ ਨਹੀਂ ਹੋਣਾ ਚਾਹੀਦਾ। ਅਸ਼ਾਂਤੀ, ਬੇਚੈਨੀ ਨਹੀਂ ਹੋਣਾ ਚਾਹੀਦੀ, ਫਲ ਦੀ ਇੱਛਾ ਨਹੀਂ ਹੋਣੀ ਚਾਹੀਦੀ।

ਤਪੱਸ - ਤਪੱਸ ਨੂੰ ਬਹੁਤ ਵਾਰੀ ਗਲਤ ਤਰ੍ਹਾਂ ਲਿਆ ਜਾਂਦਾ ਹੈ ਇਸਨੂੰ ਕਠੋਰ ਸਾਧਨਾ, ਤਪਸਿਆ ਸੰਜਮ, ਤਪ ਆਪਣੇ ਸਰੀਰ ਨੂੰ ਤਸੀਹੇ ਦੇਣੇ ਮੰਨਿਆ ਜਾਂਦਾ ਹੈ ਜਿਵੇਂ ਕਿੱਲਾ ਗੱਡ ਕੇ ਉਨ੍ਹਾਂ ਤੇ ਲੇਟਣਾ। ਸ੍ਰੀ ਮਦ ਭਗਵਤ ਗੀਤਾ ਵਿਚ ਕ੍ਰਿਸ਼ਨ ਜੀ ਮਹਾਰਾਜ ਦਸਦੇ ਹਨ ਕਿ ਯੋਗ ਉਨ੍ਹਾਂ ਲਈ ਨਹੀਂ ਹੈ ਜਿਹੜੇ ਆਪਣੇ ਆਪ ਨੂੰ ਤਸੀਹੇ ਦਿੰਦੇ ਹਨ। ਉਹ ਦਸਦੇ ਹਨ ਕਿ ਤਪੱਸ ਤੋਂ ਭਾਵ ਹੈ 'ਸ਼ਕਤੀ ਪੈਦਾ ਕਰਨੀ'। ਸ਼ਕਤੀ ਉਸ ਵਿਚ ਪੈਦਾ ਹੁੰਦੀ ਹੈ ਜਿਹੜੇ ਅਧਿਆਤਮਕ ਹੁੰਦੇ ਹਨ, ਆਤਮ ਮਾਰਗ ਤੇ ਚਲਦੇ ਹਨ ਜਿਨ੍ਹਾਂ ਦੇ ਅੰਦਰ ਗਿਆਨ ਪ੍ਰਾਪਤੀ ਦੀ, ਗਿਆਨ ਪ੍ਰਕਾਸ਼ ਪ੍ਰਾਪਤੀ ਦੀ ਲਗਨ ਲੱਗੀ ਹੁੰਦੀ ਹੈ। ਐਨੀ ਲੋਚਾ, ਲਗਨ ਕਿ ਉਹ ਤਪ ਕਰਦੇ ਹਨ। ਉਹ ਇੰਦਰੀਆਂ ਤੇ ਕਾਬੂ ਪਾਉਂਦੇ ਹਨ ਉਨ੍ਹਾਂ ਨੂੰ ਕੰਟਰੋਲ ਵਿਚ ਰਖਦੇ ਹਨ, ਤਰੀਕੇ ਨਾਲ ਵਰਤ ਰਖਦੇ ਹਨ, ਥੋੜ੍ਹਾ ਖਾਂਦੇ ਹਨ, ਪ੍ਰਮਾਤਮਾ ਦਾ ਨਾਮ ਲੈਂਦੇ ਹਨ ਜੋ ਵੀ ਸੇਵਾ ਮਨੁਖਤਾ ਦੀ ਹੋ ਸਕੇ ਉਹ ਕਰਦੇ ਹਨ, ਇਹ ਸਭ ਕੁਝ ਹੀ ਤਪ ਵਿਚ ਗਿਣਿਆ ਜਾਂਦਾ ਹੈ ਇਸ ਤਰ੍ਹਾਂ ਨਾਲ ਤਪ ਕਰਨ ਨਾਲ ਸਰੀਰ ਤੇ ਮਨ ਵਿਚ ਸ਼ਕਤੀ ਆਉਂਦੀ ਹੈ, ਤਾਕਤ ਆਉਂਦੀ ਹੈ ਤੇ ਅਧਿਆਤਮਵਾਦ ਵਧੇਰੇ ਤੇਜ਼ ਹੁੰਦਾ ਹੈ, ਅੰਦਰ ਵਧੇਰੇ ਲਗਨ ਲਗਦੀ ਹੈ।

ਸਵਾਧਿਆਇ - ਉਹ ਗਿਆਨ ਹੈ ਜਿਸ ਨਾਲ ਆਤਮ ਗਿਆਨ ਆਉਂਦਾ ਹੈ - ਸਵਾਧਿਆਇ ਦਾ ਸ਼ੁਰੂਵਾਤ ਸਾਡੀ ਗਿਆਨ ਦੀ ਖੋਜ ਨਾਲ ਹੁੰਦਾ ਹੈ, ਗ੍ਰੰਥਾਂ

ਨੂੰ ਜਾਨਣਾ ਸਮਝਣਾ, ਦੂਸਰੀਆਂ ਪੁਸਤਕਾਂ ਪੜ੍ਹਨਾ, ਪੁਸਤਕਾਂ ਪੜ੍ਹ ਕੇ ਵਿਵੇਕਾਤਮਕ ਆਤਮਕ ਸਤਿ ਨੂੰ ਜਾਨਣਾ ਉਸ ਨਾਲ ਫੇਰ ਮੈਡੀਟੇਸ਼ਨ ਤੇ ਪਹੁੰਚਣਾ ਮੈਡੀਟੇਸ਼ਨ ਤੋਂ ਅੰਤਰ ਗਿਆਨ ਤੇ ਜਾਣਾ ਤੇ ਫੇਰ ਸਤਿ ਨੂੰ ਜਾਨਣਾ, ਉਹ ਸਤਿ ਜਿਹੜਾ ਅੰਤਰ ਚੇਤਨਾ ਤੋਂ ਉਤਪੰਨ ਹੁੰਦਾ ਹੈ। ਇਸ ਤੋਂ ਪਸ਼ਚਾਤ ਹੀ ਪਿਛੋਂ ਹੀ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤੇ ਜਗਿਆਸੂ ਅੱਗੇ ਵਧਦਾ ਹੈ।

ਈਸ਼ਵਰ ਪਰਾਨੀਧਨ ਜਾਂ ਸਮਰਪਣ ਕਹਿ ਲਵੋ, ਉਸ ਅੰਤਮ ਸਤਿ ਨੂੰ ਸਮਰਪਣ ਇਹ ਉਦੋਂ ਹੀ ਹੋ ਸਕਦਾ ਹੈ ਜਦੋਂ ਤੁਹਾਡਾ ਅਟੁੱਟ ਵਿਸ਼ਵਾਸ਼ ਹੋਵੇ, ਆਸਥਾ ਹੋਵੇ। ਵਿਸ਼ਵਾਸ਼ ਨਾਲ ਹੌਲੀ-ਹੌਲੀ ਤੁਹਾਡਾ ਸਮਰਪਣ ਹੁੰਦਾ ਜਾਂਦਾ ਹੈ। ਤੁਸੀਂ ਨਿਰਛਲ ਰਹੋ, ਨਿਰਕਪਟ ਰਹੋ ਤੇ ਅਭਿਆਸ ਨਹੀਂ ਛੱਡੋ। ਇਕ ਮਨ, ਇਕ ਚਿੱਤ ਹੋ ਕੇ ਲੱਗੇ ਰਹੋ। ਹਉਮੈ ਮਨੁੱਖ ਦੀ ਬਹੁਤ ਦ੍ਰਿੜ੍ਹ ਹੁੰਦੀ ਹੈ, ਬਹੁਤ ਠੋਸ ਹੁੰਦੀ ਹੈ, ਪੂਰਾ ਸਮਰਪਣ ਹੋਣ ਨਹੀਂ ਦਿੰਦੀ ਪਰ ਜਦੋਂ ਤੁਸੀਂ ਇਸ ਦੀ ਹੱਦ ਪਾਰ ਕਰ ਲੈਂਦੇ ਹੋ, ਗਿਆਨ ਪ੍ਰਾਪਤੀ ਹੋ ਜਾਂਦੀ ਹੈ।

ਆਮ ਤੌਰ ਤੇ ਤੁਸੀਂ ਯਮ ਨੀਯਮ ਜੀਵਨ ਵਿਚ ਉਚਾਰਣ ਲਈ ਸੰਕਟ ਮਹਿਸੂਸ ਕਰੋਗੇ, ਬਹੁਤ ਵਿਸ਼ਾਲ ਭਾਰਾ ਕੰਮ ਜਿਵੇਂ ਕਰਨਾ ਹੋਵੇ ਉਸ ਤਰ੍ਹਾਂ ਮਹਿਸੂਸ ਕਰੋਗੇ। ਸ਼ੁਰੂ-ਸ਼ੁਰੂ ਤਾਂ ਇਸ ਤਰ੍ਹਾਂ ਲੱਗੇਗਾ ਜਿਵੇਂ ਤੁਸੀਂ ਬਹੁਤ ਭਾਰਾ ਕੰਮ ਛੇੜ ਲਿਆ ਹੈ ਜਿਹੜਾ ਹੋਣਾ ਔਖਾ ਹੈ। ਤੁਸੀਂ ਨਿਰਾਸ ਵੀ ਹੋਵੋ, ਉਪਰਾਮ ਵੀ ਹੋਵੋਗੇ ਇਹ ਵੀ ਮਹਿਸੂਸ ਕਰੋਗੇ ਕਿ ਤੁਸੀਂ ਅੱਗੇ ਵਧ ਹੀ ਨਹੀਂ ਰਹੇ। ਕੋਈ ਤਰੱਕੀ ਹੀ ਨਹੀਂ ਹੋ ਰਹੀ। ਜਗਿਆਸੂ ਕੋਲੋਂ ਇਹ ਆਸ ਨਹੀਂ ਰੱਖੀ ਜਾਂਦੀ ਕਿ ਉਹ ਯਮ, ਨੀਯਮ ਦੀ ਪਾਲਨਾ ਵਿਚ ਛੇਤੀ ਹੀ ਸੰਪੂਰਣ ਹੋ ਜਾਵੇ, ਪੂਰਣਤਾ ਪ੍ਰਾਪਤ ਕਰ ਲਵੇ। ਬਹੁਤ ਘੱਟ ਹੀ ਇਹੋ ਜਿਹੇ ਹੋਣਗੇ ਜਿਹੜੇ ਛੇਤੀ ਹੀ ਪੂਰਣਤਾ ਪ੍ਰਾਪਤ ਕਰ ਲੈਣਗੇ। ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਯਮ ਤੇ ਨੀਯਮ ਨੂੰ ਆਪਣਾ ਗੋਲ ਬਣਾਵੇ ਉਸ ਤੇ ਪਹੁੰਚਣ ਦੇ ਉਸ ਦੀ ਪੂਰਤੀ ਲਈ ਕੰਮ ਕਰਕੇ ਪੂਰਨ ਤਰ੍ਹਾਂ ਸਮਰਪਿਤ ਹੋ ਕੇ ਨਿਰਛਲ ਨਿਰਕਪਟ ਹੋ ਕੇ ਕੰਮ ਕਰੇ ਤੇ ਨਾਲ ਹੀ ਉਨ੍ਹਾਂ ਤੇ ਪੂਰੀ ਤਰ੍ਹਾਂ ਚਲਣ ਦਾ ਯਤਨ ਕਰੇ, ਜਦੋਂ ਵੀ ਕਿਤੇ ਸਫਲਤਾ ਪ੍ਰਾਪਤ ਨਾ ਹੋਵੇ ਉਸ ਤੋਂ ਪ੍ਰੇਰਣਾ ਲਵੇ ਹੋਰ ਪੱਕਾ ਹੋ ਕੇ ਹੋਰ ਮਿਹਨਤ ਨਾਲ ਕੰਮ ਕਰੇ, ਭਾਵੇਂ ਥੋੜ੍ਹੀ ਜਿਹੀ ਸਫਲਤਾ ਵੀ ਮਿਲੇ ਉਹ ਵੀ ਤੁਹਾਨੂੰ ਤਸੱਲੀ ਦੇਵੇਗੀ, ਤੁਹਾਡੇ ਸੰਵੇਗਾ ਨੂੰ ਮਾਨਸਿਕ ਅਸ਼ਾਂਤੀ ਨੂੰ ਠੱਲ ਪਾਏਗੀ।

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

## ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

☐ ਜਨਵਰੀ
☐ ਫਰਵਰੀ
☐ ਮਾਰਚ
☐ ਅਪ੍ਰੈਲ
☐ ਮਈ
☐ ਜੂਨ
☐ ਜੁਲਾਈ
☐ ਅਗਸਤ
☐ ਸਤੰਬਰ
☐ ਅਕਤੂਬਰ
☐ ਨਵੰਬਰ
☐ ਦਸੰਬਰ

ਨਾਮ/Name ..........................................................................

ਪਤਾ/Address ......................................................................

..........................................................................................

..........................................................................................

.................................Pin Code.......................................

Phone......................... E-mail :...........................................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 03, 10, 17, 24 ਸਤੰਬਰ।

**ਸੰਗਰਾਂਦ** – 16 ਸਤੰਬਰ, ਦਿਨ ਸ਼ਨੀਵਾਰ।

**ਪੂਰਨਮਾਸ਼ੀ** – 7 ਸਤੰਬਰ, ਦਿਨ ਵੀਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 30 ਸਤੰਬਰ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**


**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)


## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ – 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |



ਪਵਿੱਤਰ ਸਰੋਵਰ, ਰਤਵਾੜਾ ਸਾਹਿਬ ਦੀ ਦਿਨ-ਰਾਤ ਚਲ ਰਹੀ ਕਾਰ ਸੇਵਾ ਤੋਂ ਤਨ ਮਨ ਧਨ ਕਰਕੇ ਲਾਹਾ ਪ੍ਰਾਪਤ ਕਰ ਰਹੀਆਂ ਸੰਗਤਾਂ।

RNI 61816/95
Postal Regd. No. CHD/0081/2006
PP/CHD-3/0003